**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
1125 Howard Street. Elk Grove Village. IL 60007
Prag International
Ravi Kapoor (CEO)
Ph: 847-979-5970. 847-979-5990. 847-228-0150, pragint@aol.com

Regal Jewels
773-262-4377 www.RegalJewels.com
BUY SILVER, GET A VOUCHER!
22KT 24KT
773-262-4377 2625 W. Devon Ave. Chicago, IL 60659 773-517-0574

Licenced Illinois & Wisconsin State.
Why pay rent if you can buy Find Out How much you can qualify! Get Free Pre-Approval
Buying, Selling Renting or Investing
RE/MAX
Jesse Singh 847-606-3664
Amndip Singh 847-409-8787
New construction 60% cash back
Buy through us get free inspection & attorney fees free+cashback.
Selling Commission just pay only 1%
WEBSITE: jsingh.remax.com; E-Mail: jsingh@remax.net

Twenty-Sixth Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 27; July 4, 2026 20451 N. Plum Grove Rd., Palatine, IL 60074 Ph:847-359-0746, Fax:847-705-9388

## ਬੇਅਦਬੀ ਕਾਨੂੰਨ ’ਚੋਂ ਹਟਾਈਆਂ ਜਾਣ ਇਤਰਾਜ਼ਯੋਗ ਮੱਦਾਂ

### -ਅਕਾਲ ਤਖ਼ਤ ਵੱਲੋਂ ਪੰਜਾਬ ਸਰਕਾਰ ਨੂੰ ਆਦੇਸ਼
### -ਲੋੜੀਂਦੀ ਸੋਧ ਹੋਣ ਤੱਕ ਕਾਨੂੰਨ ਰੋਕਣ ਦੀ ਵੀ ਹਦਾਇਤ



**ਅੰਮ੍ਰਿਤਸਰ:** ਪੰਜਾਬ ਸਰਕਾਰ ਵਲੋਂ 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਵਿਚ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਲੈ ਕੇ ਖ਼ਾਲਸਾ ਪੰਥ ਦੀ ਰਾਇ ਅਤੇ ਸਹਿਮਤੀ ਤੋਂ ਬਗ਼ੈਰ ਪਾਸ ਕੀਤੇ ਗਏ ‘ਦਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026’ ਦੀਆਂ ਇਤਰਾਜ਼ਯੋਗ ਮੱਦਾਂ ਅਤੇ ਸ਼ਬਦਾਵਲੀ ਨੂੰ ਹਟਾਉਣ ਲਈ ਪੰਜ ਸਿੰਘ ਸਾਹਿਬਾਨ ਵਲੋਂ 15 ਜੂਨ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਆਦੇਸ਼ ਜਾਰੀ ਕਰਕੇ ਅੱਜ ਤਲਬ ਕੀਤੇ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ, ਸਿੱਖ ਮੰਤਰੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨਾਲ ਅਕਾਲ ਤਖ਼ਤ ਸਕੱਤਰੇਤ ਵਿਖੇ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਪੰਜਾਬ ਸਰਕਾਰ ਨੂੰ ਸਿੱਖ ਭਾਵਨਾਵਾਂ ਅਨੁਸਾਰ ‘ਸਤਿਕਾਰ ਸੋਧ ਐਕਟ’ ਦੀਆਂ ‘ਇਤਰਾਜ਼ਯੋਗ ਮੱਦਾਂ ਅਤੇ ਸ਼ਬਦਾਵਲੀ’ ਨੂੰ ‘ਮੁੜ ਸੋਧਣ’ ਲਈ ਇਕ ਮਹੀਨੇ ਦਾ ਸਮਾਂ ਦੇਣ ਦੇ ਨਾਲ-ਨਾਲ ਸੋਧ ਐਕਟ ‘ਚ ਲੋੜੀਂਦੀ ਸੋਧ ਹੋਣ ਤੱਕ ਕਾਨੂੰਨ ਦੀ ਕਾਰਵਾਈ ਮੁਲਤਵੀ ਕਰਨ ਦਾ ਵੀ ਆਦੇਸ਼ ਦਿੱਤਾ ਗਿਆ ਹੈ, ਜਿਸ ‘ਤੇ ਹਾਜ਼ਰ ਵਿਧਾਇਕਾਂ ਤੇ ਮੰਤਰੀਆਂ ਵਲੋਂ ਜੈਕਾਰੇ ਬੁਲਾ ਕੇ ਸਹਿਮਤੀ ਦਿੱਤੀ ਗਈ।

ਇਸ ਗੱਲ ਦਾ ਪ੍ਰਗਟਾਵਾ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਕੱਤਰੇਤ ਦੀ ਉਸਾਰੀ ਅਧੀਨ ਨਵੀਂ ਇਮਾਰਤ ਵਿਖੇ ਪੰਜਾਬ ਦੇ ਵੱਖ-ਵੱਖ ਪਾਰਟੀਆਂ ਨਾਲ ਸੰਬੰਧਿਤ ਸਿੱਖ ਵਿਧਾਇਕਾਂ, ਸਿੱਖ ਕੈਬਨਿਟ ਮੰਤਰੀਆਂ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਕਰੀਬ ਡੇਢ ਘੰਟਾ ਵਿਚਾਰ-ਵਟਾਂਦਰਾ ਤੇ ਸਵਾਲ-ਜਵਾਬ

(ਬਾਕੀ ਸਫ਼ਾ 4 ’ਤੇ)

### ਪੰਜ ਸਿੰਘ ਸਾਹਿਬਾਨ

ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨਾਲ ਸਤਿਕਾਰ ਸੋਧ ਐਕਟ ਸੰਬੰਧੀ ਗੱਲਬਾਤ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿਚ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਇਲਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਗਿਆਨੀ ਕੇਵਲ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਿਲ ਸਨ।




ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ ਸਾਲਾਨਾ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ‘ਨਿਊਯਾਰਕ ਕਿੰਗਜ਼ ਕਬੱਡੀ ਕਲੱਬ’ ਦੀ ਟੀਮ ਨੇ ਕਲਗੀਧਰ ਯੂ.ਐੱਸ.ਏ. ਨੂੰ ਹਰਾ ਕੇ ਕੱਪ ‘ਤੇ ਕਬਜ਼ਾ ਕੀਤਾ। ਤਸਵੀਰ ਵਿਚ ਜੇਤੂ ਟਰਾਫੀ ਅਤੇ ਕਲੱਬ ਦੇ ਪ੍ਰਬੰਧਕਾਂ ਨਾਲ ਨਜ਼ਰ ਆ ਰਹੀ ਹੈ ਜੇਤੂ ਟੀਮ। ਕਬੱਡੀ ਮੁਕਾਬਲੇ ਦੇ ਬੈਸਟ ਰੇਡਰ ਚਿੱਤਪਾਲ ਚਿੱਟੀ ਅਤੇ ਬੈਸਟ ਜਾਫੀ ਹੈਪੀ ਸਿੰਦੜ ਬਣੇ।
ਤਸਵੀਰ (ਏਸ਼ੀਅਨ ਮੀਡੀਆ ਯੂ.ਐਸ.ਏ.)
-ਵੇਰਵਾ ਅਤੇ ਤਸਵੀਰਾਂ ਅਗਲੇ ਅੰਕ ਵਿਚ।

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
NISSAN
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Bhaura Transport LLC
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ ’ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਪੱਤਰਕਾਰ-ਲੇਖਕ ਐੱਸ ਅਸ਼ੋਕ ਭੌਰਾ ਦੀ ਪੁਸਤਕ 'ਪੰਜਾਬੀ ਰੂਟਸ ਅਮੈਰੀਕਨ ਡਰੀਮਜ਼' ਲੋਕ ਅਰਪਿਤ

## ਕਰੀਬ ਪੰਜ ਦਹਾਕਿਆਂ ਦੀ ਪੱਤਰਕਾਰੀ, ਸੰਗੀਤ ਤੇ ਲੇਖਣੀ ਖੇਤਰ 'ਚ ਯੋਗਦਾਨ ਦੀ ਕੀਤੀ ਭਰਪੂਰ ਪ੍ਰਸੰਸ਼ਾ

**ਇੰਡੀਅਨਐਪੋਲਿਸ (ਇੰਡਿਆਨਾ):** ਪੰਜਾਬੀ ਦੇ ਨਾਮਵਰ ਲੇਖਕ, ਪੱਤਰਕਾਰ ਤੇ ਅਮਰੀਕਾ ਤੋਂ 'ਅਜੀਤ' ਦੀ ਪ੍ਰਤੀਨਿਧਤਾ ਕਰ ਰਹੇ ਐਸ. ਅਸ਼ੋਕ ਭੌਰਾ ਦੀ ਚਰਚਿਤ ਵੱਡ-ਆਕਾਰੀ ਪੁਸਤਕ 'ਪੰਜਾਬੀ ਰੂਟਸ ਅਮੈਰੀਕਨ ਡਰੀਮਜ਼' ਨਾਮੀ ਪ੍ਰਮੋਟਰ, ਲਖਵੀਰ ਜੌਹਲ ਦੇ ਇੰਡੀਆ ਪੈਲਸ ਵਿਖੇ ਇੰਡਿਆਨਾ ਦੇ ਨਾਮਵਰ ਪੰਜਾਬੀ ਕਾਰੋਬਾਰੀਆਂ ਤੇ ਸ਼ਖਸੀਅਤਾਂ ਦੀ ਹਾਜ਼ਰੀ ਵਿਚ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸ੍ਰੀ ਭੌਰਾ ਨੇ ਇਸ ਪੁਸਤਕ ਨਾਲ ਅਮਰੀਕਾ ਦੇ ਉਨ੍ਹਾਂ ਪੰਜਾਬੀਆਂ ਦੀ ਜੀਵਨੀ 'ਤੇ ਰੋਸ਼ਨੀ ਪਾ ਕੇ ਇਤਿਹਾਸਕ ਕਾਰਜ ਕੀਤਾ ਹੈ ਜੋ ਆਉਣ ਵਾਲੀਆਂ ਨਸਲਾਂ ਲਈ ਮਾਰਗ-ਦਰਸ਼ਨ ਹੋਣਗੇ।

ਜ਼ਿਕਰਯੋਗ ਹੈ ਕਿ 350 ਪੰਨਿਆਂ ਦੀ ਇਸ ਸਚਿੱਤਰ ਪੁਸਤਕ ਵਿਚ ਅਮਰੀਕਾ ਦੀਆਂ ਉਨ੍ਹਾਂ 50 ਪੰਜਾਬੀ ਨਾਮੀ ਸ਼ਖ਼ਸੀਅਤਾਂ ਦਾ ਜ਼ਿਕਰ ਹੈ, ਜਿਨ੍ਹਾਂ ਨੇ ਕਾਰੋਬਾਰ ਦੇ ਖੇਤਰ ਵਿਚ ਵੱਡੀਆਂ ਮੱਲਾ ਮਾਰ ਕੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ ਹੈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸ. ਦਰਸ਼ਨ ਸਿੰਘ ਦਰੜ, ਸ਼ਿੰਗਾਰਾ ਸਿੰਘ ਸ਼ੇਰਮਾਰ, ਕਰਨੈਲ ਸਿੰਘ ਨੌਰਦ, ਰਣਜੀਤ ਸਿੰਘ ਜੌਹਲ, ਗੁਰਬਖਸ਼ ਰਾਹੀ, ਲਖਵਿੰਦਰ ਸਿੰਘ ਬੱਗਾ, ਸੁਰਜੀਤ ਸਿੰਘ ਮੱਟੂ ਤੇ ਅਵਤਾਰ ਸਿੰਘ ਓਹਾਇਓ ਸ਼ਾਮਿਲ ਸਨ। ਪੰਜਾਬ ਦੇ ਨਾਮੀ ਕਾਮੇਡੀ ਅਦਾਕਾਰ ਤੇ ਜਸ ਪੰਜਾਬੀ ਦੇ 'ਜਲਵੇ ਜੱਗੀ ਦੇ' ਨਾਲ ਬਹੁ-ਚਰਚਿਤ ਜਗਤਾਰ ਜੱਗੀ ਨੇ ਇਸ ਸਮੁੱਚੇ ਸਮਾਗਮ ਦਾ ਸੰਚਾਲਨ ਕਰਦਿਆਂ ਕਿਹਾ ਕਿ ਭੌਰਾ ਦੀ ਮੀਡੀਆ ਖੇਤਰ ਵਿਚ ਕੌਮਾਂਤਰੀ ਪੱਧਰ 'ਤੇ ਵੱਡੀ ਦੇਣ ਹੈ। ਸ੍ਰੀ ਭੌਰਾ ਨੇ ਇਸ ਕਿਤਾਬ ਦੀ ਮਹੱਤਤਾ ਤੇ ਰਚਨਾ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਤੇ ਕਿਹਾ ਕਿ ਇਸ ਪੁਸਤਕ ਨੂੰ ਪੰਜਾਬ ਵਿਚ ਗਵਰਨਰ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਰਿਲੀਜ਼ ਕੀਤਾ ਗਿਆ ਸੀ ਤੇ ਇਹ ਪੁਸਤਕ ਆਉਣ ਵਾਲੇ ਸਮੇਂ ਵਿਚ ਉਹ ਮਾਣਯੋਗ ਰਾਸ਼ਟਰਪਤੀ ਤੇ ਯੂਨਾਈਟਡ ਨੇਸ਼ਨ ਤੱਕ ਪਹੁੰਚਾਉਣ ਦੇ ਯਤਨ ਕਰ ਰਹੇ ਹਨ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੂੰ ਇਸ ਪੁਸਤਕ ਦੀ ਇੱਕ-ਇੱਕ ਕਾਪੀ ਭੇਟ ਕੀਤੀ ਗਈ। ਸਮਾਗਮ 'ਚ ਜਿੱਥੇ ਵੱਖ-ਵੱਖ ਬੁਲਾਰਿਆਂ ਨੇ ਸ੍ਰੀ ਭੌਰਾ ਦੀ ਸ਼ਖ਼ਸੀਅਤ, ਉਨ੍ਹਾਂ ਦੀ ਪੱਤਰਕਾਰੀ ਤੇ ਲੇਖਣੀ ਦੀ ਪੰਜਾਬੀ ਨੂੰ ਦੇਣ ਬਾਰੇ ਚਰਚਾ ਕੀਤੀ, ਉਥੇ ਹੀ ਅਵਤਾਰ ਸਿੰਘ ਓਹਾਇਓ, ਲਖਵਿੰਦਰ ਸਿੰਘ ਬੱਗਾ, ਗੁਰਬਖਸ਼ ਰਾਹੀ, ਚੰਨੀ ਬਰਨਾਲਾ ਤੇ ਬਲਰਾਜ ਸਿੰਘ ਨੇ ਆਪਣੇ ਗੀਤਾਂ ਤੇ ਕਵਿਤਾਵਾਂ ਨਾਲ ਮਾਹੌਲ ਨੂੰ ਸੰਗੀਤਕ ਤੇ ਕਾਵਿਕ ਬਣਾਇਆ।

ਇਸ ਮੌਕੇ ਨਵਜੀਤ ਸਿੰਘ ਧਨੋਆ, ਅਮਰੀਕ ਸਿੰਘ ਭੌਰਾ, ਬਲਵੀਰ ਸਿੰਘ ਭੌਰਾ, ਜੋਗਾ ਸਿੰਘ ਨੌਰਦ ਤੋਂ ਇਲਾਵਾ ਗੁਰਪ੍ਰੀਤ ਸਿੰਘ ਮੱਲ੍ਹੀ, ਕਮਲਜੀਤ ਸਿੰਘ ਬੈਂਸ, ਭੁਪਿੰਦਰ ਸਿੰਘ ਸੋਢੀ, ਸੰਨੀ ਤੂਰ, ਦੀਪਕ ਵਰਮਾ, ਅਵਤਾਰ ਸਿੰਘ ਭੌਰਾ ਲੱਕੀ, ਸੋਨੂ ਸ਼ੇਰਮਾਰ, ਬਲਜੀਤ ਢੀਂਡਸਾ, ਬਾਦਲ ਗਿੱਲ, ਗੁਰਦੀਪ ਸਿੰਘ ਬੋਪਾਰਾਏ ਤੇ ਕਮਲਜੀਤ ਸਿੰਘ ਲਵਲੀ ਹਾਜ਼ਰ ਸਨ। ਆਖਿਰ ਸ੍ਰੀ ਭੌਰਾ ਨੇ ਆਪਣੀਆਂ ਸਾਹਿਤਕ ਰਚਨਾਵਾਂ 'ਭਲੇ ਦਾ ਜ਼ਮਾਨਾ' ਤੇ ਵਿਅੰਗਮਈ ਸ਼ਾਇਰੀ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ।



ਪ੍ਰੋਗਰਾਮ ਦੌਰਾਨ ਵਿਚਾਰ ਪੇਸ਼ ਕਰਦੇ ਹੋਏ ਐਸ ਅਸ਼ੋਕ ਭੌਰਾ, ਦਰਸ਼ਨ ਦਰੜ, ਗੁਰਬਖਸ਼ ਰਾਹੀ, ਕਰਨੈਲ ਸਿੰਘ ਨੌਰਦ, ਅਵਤਾਰ ਸਿੰਘ ਓਹਾਇਓ, ਲਖਵਿੰਦਰ ਸਿੰਘ ਬੱਗਾ ਤੇ ਜਗਤਾਰ ਜੱਗੀ।



'ਪੰਜਾਬੀ ਰੂਟਸ ਅਮੈਰੀਕਨ ਡਰੀਮਜ਼' ਪੁਸਤਕ ਜਾਰੀ ਕਰਨ ਮੌਕੇ ਹਾਜ਼ਰ ਵੱਖ-ਵੱਖ ਸ਼ਖ਼ਸੀਅਤਾਂ।

# ਅਮਰੀਕਾ-ਈਰਾਨ ਨੇ ਇਕ-ਦੂਜੇ 'ਤੇ ਕੀਤੇ ਹਮਲੇ

## ਈਰਾਨ ਦਾ ਵਜੂਦ ਮਿਟਾ ਦਿਆਂਗੇ: ਟਰੰਪ



**ਨਵੀਂ ਦਿੱਲੀ:**ਅਮਰੀਕਾ ਅਤੇ ਈਰਾਨ ਵਿਚਾਲੇ ਹੋਰਮੁਜ਼ ਸਟਰੇਟ ਨੂੰ ਲੈ ਕੇ ਤਣਾਅ ਮੁੜ ਵਧ ਗਿਆ ਹੈ। ਸ਼ਨਿਚਰਵਾਰ ਨੂੰ ਰਣਨੀਤਕ ਸਮੁੰਦਰੀ ਮਾਰਗ 'ਚ ਇਕ ਟੈਂਕਰ 'ਤੇ ਕਥਿਤ ਈਰਾਨੀ ਹਮਲੇ ਤੋਂ ਬਾਅਦ ਅਮਰੀਕਾ ਨੇ ਐਤਵਾਰ ਨੂੰ ਈਰਾਨ ਦੇ 10 ਫ਼ੌਜੀ ਟਿਕਾਣਿਆਂ 'ਤੇ ਹਵਾਈ ਹਮਲੇ ਦਾ ਦਾਅਵਾ ਕੀਤਾ। ਜਵਾਬ 'ਚ ਈਰਾਨ ਨੇ ਬਹਿਰੀਨ ਤੇ ਕੁਵੈਤ 'ਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਮਿਜ਼ਾਈਲ ਤੇ ਡ੍ਰੋਨ ਹਮਲੇ ਕਰਨ ਦਾ ਦਾਅਵਾ ਕੀਤਾ। . ਲਗਾਤਾਰ ਦੂਜੇ ਦਿਨ ਹੋਈ ਇਸ ਫ਼ੌਜੀ ਕਾਰਵਾਈ ਨਾਲ ਦੋਵਾਂ ਦੇਸ਼ਾਂ 'ਚ ਹੋਏ ਅੰਤਰਿਮ ਜੰਗਬੰਦੀ ਸਮਝੌਤੇ 'ਤੇ ਸੰਕਟ ਡੂੰਘਾ ਹੋ ਗਿਆ ਹੈ। ਇਨ੍ਹਾਂ ਹਮਲਿਆਂ ਨੂੰ ਜੰਗਬੰਦੀ ਦੇ ਦੌਰ ਦਾ ਸਭ ਤੋਂ ਭਿਆਨਕ ਹਮਲਾ ਮੰਨਿਆ ਜਾ ਰਿਹਾ ਹੈ।

ਨਿਊਯਾਰਕ ਟਾਈਮਜ਼ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੁੱਥ ਸੋਸ਼ਲ 'ਤੇ ਬੇਹੱਦ ਸਖ਼ਤ ਚਿਤਾਵਨੀ ਦਿੱਤੀ ਕਿ ਹੋ ਸਕਦਾ ਹੈ ਕਿ ਇਕ ਅਜਿਹਾ ਸਮਾਂ ਆਵੇ, ਜਦੋਂ ਅਸੀਂ ਸਮਝਦਾਰੀ ਨਾਲ ਕੰਮ ਨਾ ਲੈ ਸਕੀਏ ਤੇ ਸਾਨੂੰ ਉਸ ਸਮੇਂ ਕੰਮ ਨੂੰ ਫ਼ੌਜੀ ਤਰੀਕੇ ਨਾਲ ਪੂਰਾ ਕਰਨ ਲਈ ਮਜਬੂਰ ਹੋਣਾ ਪਵੇ, ਜਿਸ ਨੂੰ ਅਸੀਂ ਬਹੁਤ ਸਫਲਤਾਪੂਰਵਕ ਸ਼ੁਰੂ ਕੀਤਾ ਸੀ। ਉਨ੍ਹਾਂ ਅੱਗੇ ਲਿਖਿਆ ਕਿ ਜੇ ਅਜਿਹਾ ਹੋਇਆ ਤਾਂ ਈਰਾਨ ਦਾ ਵਜੂਦ ਹੀ ਨਹੀਂ ਬਚੇਗਾ।

ਦੂਜੇ ਪਾਸੇ, ਈਰਾਨ ਨੇ ਅਮਰੀਕੀ ਹਮਲਿਆਂ ਨੂੰ ਕਰੂਰ ਕਰਾਰ ਦਿੰਦੇ ਹੋਏ ਇਨ੍ਹਾਂ ਨੂੰ ਅੰਤਰਰਾਸ਼ਟਰੀ ਕਾਨੂੰਨ ਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਦੱਸਿਆ। ਤਹਿਰਾਨ ਨੇ ਚਿਤਾਵੀ ਦਿੱਤੀ ਕਿ ਜੇ ਹੋਰਮੁਜ਼ ਸਟਰੇਟ 'ਚ ਉਸਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ ਗਈ ਤਾਂ ਪੂਰੇ ਖਾੜੀ ਖੇਤਰ 'ਚ ਗੰਭੀਰ ਸਿੱਟੇ ਨਿਕਲਣਗੇ।

ਅਮਰੀਕੀ ਫ਼ੌਜ ਅਨੁਸਾਰ, ਇਨ੍ਹਾਂ ਹਮਲਿਆਂ 'ਚ ਫ਼ੌਜੀ ਨਿਗਰਾਨੀ ਪ੍ਰਣਾਲੀ, ਸੰਚਾਰ ਕੇਂਦਰ, ਏਅਰ ਡਿਫੈਂਸ, ਡ੍ਰੋਨ ਸਟੋਰ ਤੇ ਬਾਰੂਦੀ ਸੁਰੰਗ ਵਿਛਾਉਣ ਵਾਲੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸਦੇ ਜਵਾਬ 'ਚ ਈਰਾਨ ਦੀ ਰੈਵੋਲਿਊਸ਼ਨਰੀ ਗਾਰਡਸ ਨੇ ਬਹਿਰੀਨ ਤੇ ਕੁਵੈਤ 'ਚ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਮਿਜ਼ਾਈਲ ਤੇ ਡ੍ਰੋਨ ਹਮਲੇ ਕਰਨ ਦਾ ਦਾਅਵਾ ਕੀਤਾ।

### ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਕੀਤਾ ਹਮਲਾ: ਇਜ਼ਰਾਈਲ

ਏਐੱਨਆਈ ਅਨੁਸਾਰ, ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਕਿ ਉਸਨੇ ਦੱਖਣੀ ਲਿਬਨਾਨ ਦੇ ਨਾਬਾਤੀਏਹ ਖੇਤਰ 'ਚ ਰਾਕੇਟ ਲਾਂਚਰ ਤੇ



ਹਿਜ਼ਬੁੱਲਾ ਦੇ ਕਈ ਲੜਾਕਿਆਂ ਨੂੰ ਨਿਸ਼ਾਨਾ ਬਣਾਇਆ। ਫ਼ੌਜ ਅਨੁਸਾਰ, ਹਮਲੇ 'ਚ ਰਾਕੇਟ ਲਾਂਚਰ ਤਬਾਹ ਕਰ ਦਿੱਤੇ ਗਏ ਤੇ ਉਥੇ ਮੌਜੂਦ ਲੜਾਕੇ ਮਾਰੇ ਗਏ। ਹਿਜ਼ਬੁੱਲਾ ਨੇ ਇਸ ਦਾਅਵੇ 'ਤੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ, ਜਦਕਿ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਇਜ਼ਰਾਇਲੀ ਕਾਰਵਾਈ ਦੀ ਨਿੰਦਾ ਕੀਤੀ।

# ਸੋਨਮ ਵਾਂਗਚੁਕ ਨੇ ਜੰਤਰ-ਮੰਤਰ 'ਤੇ ਭੁੱਖ ਹੜਤਾਲ ਸ਼ੁਰੂ ਕੀਤੀ



**ਨਵੀਂ ਦਿੱਲੀ:**ਨੀਟ ਪੇਪਰ ਲੀਕ ਅਤੇ ਸੀ. ਬੀ. ਐਸ. ਈ.ਦੀਆਂ ਗੜਬੜੀਆਂ ਦੇ ਵਿਰੋਧ 'ਚ ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਵਲੋਂ ਜੰਤਰ ਮੰਤਰ 'ਤੇ ਕੀਤੇ ਜਾ ਰਹੇ ਪ੍ਰਦਰਸ਼ਨ ਨੇ ਨੌਵੇਂ ਦਿਨ ਲੱਦਾਖ ਦੇ ਸਮਾਜਿਕ ਕਾਰਕੁੰਨ ਸੋਨਮ ਵਾਂਗਚੁਕ ਨੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ। ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਵਾਂਗਚੁਕ ਅਤੇ ਪਾਰਟੀ ਦੇ ਸੰਸਥਾਪਕ ਅਭਿਜੀਤ ਦਿਪਕੇ ਨੇ ਰਾਜਘਾਟ ਜਾ ਕੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਦਿਪਕੇ ਨੇ ਮੁੜ ਦੁਹਰਾਉਂਦਿਆਂ ਕਿਹਾ ਕਿ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਤੱਕ ਸਾਡਾ ਅੰਦੋਲਨ ਜਾਰੀ ਰਹੇਗਾ। ਵਿਰੋਧ ਪ੍ਰਦਰਸ਼ਨ 'ਚ ਸ਼ਾਮਿਲ ਹੋਣ ਦੇ ਆਪਣੇ ਫ਼ੈਸਲੇ ਬਾਰੇ ਵਾਂਗਚੁਕ ਨੇ ਕਿਹਾ ਕਿ ਪਿਛਲੇ 40 ਸਾਲਾਂ ਤੋਂ ਸਿੱਖਿਆ ਉਸ ਦੇ ਦਿਲ ਦੇ ਬਹੁਤ ਕਰੀਬ ਰਹੀ ਹੈ ਤੇ ਜਦੋਂ ਨੌਜਵਾਨ ਸਿੱਖਿਆ ਵਿਵਸਥਾ ਨੂੰ ਲੈ ਕੇ ਚਿੰਤਾ ਜ਼ਾਹਰ ਕਰ ਰਹੇ ਹੋਣ ਤਾਂ ਉਹ ਚੁੱਪ ਨਹੀਂ ਰਹਿ ਸਕਦੇ।

# ਬ੍ਰਿਟੇਨ 'ਚ ਪੰਜਾਬੀ ਮੂਲ ਦੇ ਜੱਜ ਸਮੇਤ 3 ਦੋਸ਼ੀ ਕਰਾਰ

**ਚੰਡੀਗੜ੍ਹ**:ਪੰਜਾਬੀ ਮੂਲ ਦੇ ਹਰਦੀਪ ਸਿੰਘ ਹੈਰੀ ਥਿੰਦ, ਪੁਰਸ਼ੋਤਮ ਢਿੱਲੋਂ ਤੇ ਬਿਕਰਮਜੀਤ ਬਰਾੜ ਨੂੰ ਬ੍ਰਿਟੇਨ ਦੀ ਅਦਾਲਤ ਨੇ ਹੈਰੋਇਨ ਤੇ ਕ੍ਰੈਕ ਕੋਕੀਨ ਦੇ ਸੰਗਠਤ ਨੈੱਟਵਰਕ 'ਚ ਦੋਸ਼ੀ ਠਹਿਰਾਉਂਦੇ ਹੋਏ ਤਿੰਨ ਤੋਂ 12 ਸਾਲ ਤੱਕ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿੱਚੋਂ ਪੁਰਸ਼ੋਤਮ ਢਿੱਲੋਂ ਬ੍ਰਿਟੇਨ 'ਚ ਮੈਜਿਸਟ੍ਰੇਟ ਵਜੋਂ ਕੰਮ ਕਰਦੇ ਰਹੇ ਸਨ। ਮੈਟਰੋਪੋਲੀਟਨ ਪੁਲਿਸ ਮੁਤਾਬਕ ਜਾਂਚ ਵਿਚ ਸਪਸ਼ਟ ਹੋਇਆ ਹੈ ਕਿ ਇਸ ਨੈੱਟਵਰਕ ਦਾ ਸੰਚਾਲਨ ਏਨਾ ਸੰਗਠਤ ਸੀ ਕਿ ਇਕ ਪਾਸੇ ਜੇਲ੍ਹ ਵਿਚ ਬੰਦ ਸਰਗਨਾ ਮੋਬਾਈਲ ਫੋਨ ਰਾਹੀਂ ਸਪਲਾਈ ਚੇਨ ਕੰਟਰੋਲ ਕਰਦਾ ਰਿਹਾ ਜਦਕਿ ਦੂਜੇ ਪਾਸੇ ਨਿਆਇਕ ਅਹੁਦੇ 'ਤੇ ਬੈਠਾ ਵਿਅਕਤੀ ਪੁਰਸ਼ੋਤਮ ਆਪਣੇ ਘਰ ਨੂੰ ਡਰੱਗਜ਼ ਸੰਭਾਲਣ ਦੇ ਸੁਰੱਖਿਅਤ ਟਿਕਾਣੇ ਦੇ ਤੌਰ 'ਤੇ ਵਰਤਣ ਦੇ ਰਿਹਾ ਸੀ।



ਕਰੀਬ ਡੇਢ ਸਾਲ ਚੱਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਗਿਰੋਹ ਨੇ ਇਕ ਲੱਖ ਪਾਊਂਡ (ਕਰੀਬ 1.24 ਕਰੋੜ ਰੁਪਏ) ਤੋਂ ਵੱਧ ਮੁੱਲ ਦੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਕੀਤੀ ਹੈ। ਗਿਰੋਹ ਦਾ ਸਰਗਨਾ ਹਰਦੀਪ ਉਰਫ਼ ਹੈਰੀ ਥਿੰਦ ਸੀ।

# ਸਾਊਦੀ ਅਰਬ 'ਚ ਹੈਲੀਕਾਪਟਰ ਕਰੈਸ਼, 14 ਹਲਾਕ

**ਦੁਬਈ:**ਸਾਊਦੀ ਅਰਬ ਦੀ ਤੇਲ ਕੰਪਨੀ ਅਰਾਮਕੋ ਦਾ ਇਕ ਹੈਲੀਕਾਪਟਰ ਐਤਵਾਰ ਨੂੰ ਸਾਊਦੀ ਅਰਬ ਦੇ ਪੂਰਬੀ ਤੱਟ 'ਤੇ ਸਥਿਤ ਰਾਸ ਤਨੂਰਾ 'ਚ ਹਾਦਸਾਗ੍ਰਸਤ ਹੋ ਗਿਆ। ਖਾੜੀ ਖੇਤਰ 'ਚ ਹੋਰਮੁਜ਼ ਸਟਰੇਟ ਦੇ ਪੱਛਮ 'ਚ ਹੋਏ ਇਸ ਹਾਦਸੇ 'ਚ 14 ਲੋਕਾਂ ਦੀ ਮੌਤ ਹੋ ਗਈ। ਹਾਦਸੇ ਦਾ ਕਾਰਨ ਹਾਲੇ ਪਤਾ ਨਹੀਂ ਲੱਗਾ।

ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸਵੇਰੇ ਕਰੀਬ ਛੇ ਵਜੇ ਹੋਇਆ ਤੇ ਮਾਰੇ ਗਏ ਸਾਰੇ ਲੋਕ ਸਾਊਦੀ ਨਾਗਰਿਕ ਸਨ। ਅਰਾਮਕੋ ਨੇ ਖਾੜੀ 'ਚ ਸਥਿਤ ਆਪਣੇ ਰਾਸ ਤਨੂਰਾ ਟਰਮੀਨਲ 'ਤੇ ਸ਼ੁੱਕਰਵਾਰ ਨੂੰ ਕੱਚੇ ਤੇਲ ਦੀ ਲੋਡਿੰਗ ਦਾ ਕੰਮ ਮੁੜ ਸ਼ੁਰੂ ਕੀਤਾ ਸੀ, ਜਿਸ ਨੂੰ ਲਗਪਗ ਚਾਰ ਮਹੀਨਿਆਂ ਤੱਕ ਰੋਕ ਦਿੱਤਾ ਗਿਆ ਸੀ। ਹਾਦਸੇ ਦਾ ਕਾਰਨ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਹੈਲਪਰ ਦੀ ਲੋੜ ਹੈ।

ਗਰੀਨਵੁੱਡ (ਇੰਡੀਅਨਐਪੋਲਿਸ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ



**ਚਾਹਵਾਨ ਸੰਪਰਕ ਕਰੋ:**

**317-796-1088**

## ਮਿਲਵਾਕੀ (ਵਿਸਕਾਨਸਿਨ) ਵਿਚ ਗਰੋਸਰੀ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ

**ਮਿਲਵਾਕੀ ਸਥਿਤ ਇੰਡੀਅਨ ਗਰੋਸਰੀ ਅਤੇ ਲਿਕਰ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ।**

*ਚੰਗੀ ਤਨਖਾਹ

ਚਾਹਵਾਨ ਸੰਪਰਕ ਕਰੋ:

**ਗੁਰਮੁਖ ਸਿੰਘ:**
**414-339-3689**

## PUNJAB DJ

**Our company is located in Chicago**

**We do all types of Parties**

***Wedding *Private Parties *Birthdays *Engagements *Retirement Parties *Corporate Parties & much more**

**We provide standard equipments, lighting and digital turntables.**

**Contact: 708-996-7315**
**E-Mail: Punjabdj06@gmail.com**

## Infinity Truck Repair

**ਮੋਬਾਈਲ ਟਰੱਕ ਰਿਪੇਅਰ ਸੇਵਾ- ਜਿੱਥੇ ਟਰੱਕ ਓਥੇ ਸੇਵਾ!**

**Serving Chicagoland and surrounding areas!**

**ਸੇਵਾਵਾਂ/Services**

* Yard PM's/DOT inspections
* Brakes and wheel seal jobs.
* Check Engine Light issues
* Battery and No start Issue
* Tire swap and replacement
* Air Leaks and brake chambers
* Other General Repairs

* ਇਮਾਨਦਾਰ ਕੰਮ, ਤੇਜ਼ ਸੇਵਾ, ਸਹੀ ਰੇਟ
* ਪੰਜਾਬੀ ਟਰੱਕਰ ਵੀਰਾਂ ਲਈ ਭਰੋਸੇਯੋਗ ਸੇਵਾ

**Contact: Cheema: 224-966-8657**

Stay onTrack, we have got your back!

# Matrimonials

## ਲੜਕੇ ਦੀ ਲੋੜ ਹੈ

ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ 'ਤੇ ਆਏ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ +91 77105-18103 ਜਾਂ 734-444-5774 'ਤੇ ਸੰਪਰਕ ਕਰਨ।

27-30

Hindu/Sikh family seeks a suitable match for their beautiful daughter, 29 years, 5'6", U.S. citizen, Doctor of Dental Medicine (DMD), currently practicing as a dentist in Ohio. Family-oriented, well-educated, and professionally accomplished. Parents and sibling are U.S. citizens. Seeking a well-educated, professionally qualified match from a respectable family. Contact us at 937-397-9366

25-28

Jatt Sikh family seeks a well-educated match for their US born daughter. April 1992 born, 5'5", highly educated (Bachelors, Masters, Post-Masters). Currently working as a School Psychologist in California. Seeking a well-settled, professionally qualified match. Strong preference for US West Coast residents and non-turbaned only. Contact : 301-653-7029

23-26

Seeking a suitable match for a US-born and raised Punjabi Hindu Brahmin girl, 23, 5'1". A Yale graduate starting dental school in June 2026, she is a talented Bharatanatyam dancer, vegetarian, and thoughtfully grounded. She is from a progressive, well-educated family seeking a mature, US-raised Punjabi Hindu partner with shared cultural values and a vegetarian lifestyle. Please text at: 678-304-8184. Refer MV.

23-26

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ San Diego ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

25-28

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਉਮਰ 38 ਸਾਲ, 5'-11" ਲੰਬਾ, USA ਤੋਂ Master Degree Holder, ਸਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ, ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ. ਵਧੇਰੇ ਜਾਣਕਾਰੀ ਲਈ ਅੱਜ ਹੀ+1 (510) 558-5650 'ਤੇ ਕਾਲ ਕਰੋ ਜਾਂ +91 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

24-27

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੇ ਯੂ.ਐੱਸ.ਏ. ਸਿਟੀਜ਼ਨ ਉਮਰ 34, ਕੱਦ 6.1" ਇੰਚ ਡਾਕਟਰ ਲੜਕੇ ਲਈ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਕੱਦ ਘਟੋ-ਘੱਟ 5.5 ਇੰਚ ਹੋਵੇ, ਮੈਡੀਕਲ ਲਾਈਨ ਨਾਲ ਸਬੰਧਤ ਲੜਕੀ ਨੂੰ ਪਹਿਲ। ਅਮਰੀਕਾ ਜਾਂ ਕੈਨੇਡਾ ਵਿਚ ਸਟੂਡੈਂਟ ਵੀਜ਼ਾ ਜਾਂ ਐਚ1ਬੀ ਵੀਜ਼ੇ ਵਾਲੀ ਲੜਕੀ ਵੀ ਵਿਚਾਰਨਯੋਗ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ, ਫੋਨ: 224-381-2362 ਜਾਂ 847-323-1827

23-26

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

23-26

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬੇਅਦਬੀ ਕਾਨੂੰਨ ’ਚੋਂ ਹਟਾਈਆਂ ਜਾਣ ਇਤਰਾਜ਼ਯੋਗ ਮੱਦਾਂ

(ਪਹਿਲੇ ਸਫ਼ੇ ਦਾ ਬਾਕੀ)



ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਇਹ ਸਰਕਾਰ ਵਲੋਂ ਸਿੱਧਾ ਸਿੱਖ ਪੰਥ ਦੇ ਮਾਮਲਿਆਂ ਵਿਚ ਦਖ਼ਲ ਹੈ। ਸਿੱਖ ਪੰਥ ਦੀ ਸਲਾਹ ਤੇ ਸਹਿਮਤੀ ਤੋਂ ਬਿਨਾਂ ਬਣਾਏ ਗਏ ਸਤਿਕਾਰ ਸੋਧ ਐਕਟ ਵਿਚਲੀਆਂ ਇਤਰਾਜ਼ਯੋਗ ਮੱਦਾਂ ਵਿਚ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਨ ਨੂੰ ਲੈ ਕੇ ਅੱਜ ਸਾਜ਼ਗਾਰ ਮਾਹੌਲ ਵਿਚ ਗੱਲਬਾਤ ਹੋਈ ਹੈ ਅਤੇ “ਬੋਲੇ ਸੋ ਨਿਹਾਲ“ ਦੇ ਜੈਕਾਰੇ ਦੇ ਜਵਾਬ ਵਿਚ ਹਾਜ਼ਰ ਸਮੂਹ ਵਿਧਾਇਕਾਂ ਤੇ ਮੰਤਰੀਆਂ ਨੇ ਬਾਹਵਾਂ ਖੜ੍ਹੀਆਂ ਕਰਕੇ ਸਹਿਮਤੀ ਦਿੱਤੀ ਹੈ।

ਇਸ ਤੋਂ ਪਹਿਲਾਂ 29 ਜੂਨ ਦੀ ਸਵੇਰ ਨੂੰ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਆਮ ਆਦਮੀ ਪਾਰਟੀ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਪੰਜਾਬ ਵਿਧਾਨ ਸਭਾ ਦੇ ਸਿੱਖ ਮੰਤਰੀ ਅਤੇ ਵਿਧਾਇਕ ਆਪਣਾ ਪੱਖ ਰੱਖਣ ਲਈ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜੇ ਅਤੇ ਸਿੰਘ ਸਾਹਿਬਾਨ ਸਨਮੁੱਖ ਸਪੀਕਰ ਸੰਧਵਾਂ, ਕਈ ਮੰਤਰੀਆਂ ਤੇ ਵਿਧਾਇਕਾਂ ਨੇ ਆਪਣਾ ਪੱਖ ਰੱਖਿਆ। ਇਸ ਦੌਰਾਨ ਬਹੁਤੇ ਵਿਧਾਇਕਾਂ ਨੇ ਇਹੀ ਕਿਹਾ ਕਿ ਉਨ੍ਹਾਂ ਨੂੰ ਸਤਿਕਾਰ ਸੋਧ ਐਕਟ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਨੂੰ ਪੜ੍ਹਨ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਇਸ ਦੌਰਾਨ ਜਥੇਦਾਰ ਗੜਗੱਜ ਨੇ ਹਾਜ਼ਰ ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨੂੰ ਸਤਿਕਾਰ ਸੋਧ ਐਕਟ ਦੀਆਂ ਇਤਰਾਜ਼ਯੋਗ ਮੱਦਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਪ੍ਰਕਾਸ਼ਨ ਦੌਰਾਨ ਯੂਨੀ ਕੋਡ ਦੀ ਵਰਤੋਂ ਅਤੇ ਪਾਵਨ ਸਰੂਪ ਗੁਰਦੁਆਰਾ ਸਾਹਿਬਾਨ ਜਾਂ ਸ਼ਰਧਾਲੂਆਂ ਨੂੰ ਭੇਜੇ ਜਾਣ ਦੇ ਵੇਰਵੇ ਆਨਲਾਈਨ ਜਨਤਕ ਕਰਨ.ਅਤੇ ਐਕਟ ਵਿਚਲੇ ਕਸਟੋਡੀਅਨ ਅਤੇ ਬੀੜ ਸਾਹਿਬ ਸ਼ਬਦਾਂ ਸੰਬੰਧੀ ਵੀ ਸਿੱਖ ਪੰਥ ਦੇ ਇਤਰਾਜ਼ਾਂ ਤੋਂ ਵਿਸਥਾਰ ਸਹਿਤ ਜਾਣੂ ਕਰਵਾਇਆ।

ਇਕੱਤਰਤਾ ਦੀ ਕਾਰਵਾਈ ਜਥੇਦਾਰ ਗੜਗੱਜ ਨੇ ਖ਼ੁਦ ਚਲਾਈ ਤੇ ਵੱਖ-ਵੱਖ ਧਿਰਾਂ ਦੇ ਵਿਧਾਇਕਾਂ ਅਤੇ ਸਰਕਾਰ ਦੇ ਸਿੱਖ ਮੰਤਰੀਆਂ ਨੂੰ ਮਾਮਲੇ ‘ਤੇ ਆਪਣੇ ਵਿਚਾਰ ਅਤੇ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ। ਜਥੇਦਾਰ ਗੜਗੱਜ ਨੇ ਸਮੂਹ ਵਿਧਾਇਕਾਂ ਅਤੇ ਮੰਤਰੀਆਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਇਤਰਾਜ਼ਯੋਗ ਸ਼ਬਦਾਵਲੀ ਜਾਂ ਇਕ-ਦੂਜੇ ਵਿਰੁੱਧ ਨਿੱਜੀ ਟਿੱਪਣੀਆਂ ਨਹੀਂ ਕਰੇਗਾ ਤੇ ਇਸ ਦਾ ਸਖ਼ਤੀ ਨਾਲ ਪਾਲਣ ਵੀ ਕਰਵਾਇਆ।

## ਵਿਚਾਰ ਰੱਖਣ ਵਾਲੇ ਵਿਧਾਇਕ ਤੇ ਮੰਤਰੀ

ਜਿਨ੍ਹਾਂ ਵਿਧਾਇਕਾਂ ਨੇ ਆਪਣੇ ਵਿਚਾਰ ਰੱਖੇ ਉਨ੍ਹਾਂ ਵਿਚ ਸਪੀਕਰ ਕੁਲਤਾਰ ਸਿੰਘ ਸੰਧਵਾਂ, ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਪਾਲ ਸਿੰਘ ਚੀਮਾ, ਡਾ. ਇੰਦਰਬੀਰ ਸਿੰਘ ਨਿੱਝਰ, ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਪਰਗਟ ਸਿੰਘ, ਜਗਰੂਪ ਸਿੰਘ ਗਿੱਲ, ਮਨਪ੍ਰੀਤ ਸਿੰਘ ਇਯਾਲੀ, ਕੁਲਵੰਤ ਸਿੰਘ, ਬੀਬੀ ਗਨੀਵ ਕੌਰ ਮਜੀਠੀਆ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਬਾਣਾਂਵਲੀ, ਬੀਬੀ ਬਲਜਿੰਦਰ ਕੌਰ, ਮਨਜੀਤ ਸਿੰਘ ਬਿਲਾਸਪੁਰ ਅਤੇ ਇੰਦਰਪ੍ਰਤਾਪ ਸਿੰਘ ਰਾਣਾ ਸੋਢੀ ਸ਼ਾਮਿਲ ਸਨ।

## ਸਤਿਕਾਰ ਸੋਧ ਐਕਟ ‘ਚ ‘ਕਸਟੋਡੀਅਨ’ ਸ਼ਬਦ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ: ਖਹਿਰਾ

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੇਸ਼ ਹੋਣ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਬੇਅਦਬੀ ਸੰਬੰਧੀ ਕਾਨੂੰਨ ‘ਚ ਇਕ ਮਹੀਨੇ ‘ਚ ਸੋਧ ਕੀਤੇ ‘ਜਾਣ ਦਾ ਆਦੇਸ਼ ਬਿਲਕੁਲ ਸਹੀ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਨੂੰ ਚੰਗੀ ਤਰ੍ਹਾਂ ਕਿਸੇ ਨੂੰ ਵੀ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਅਤੇ ਇਸ ‘ਚ ਵਰਤੇ ਗਏ ਸ਼ਬਦ ਕਸਟੋਡੀਅਨ ਨੂੰ ਹੋਰ ਪਰਿਭਾਸ਼ਤ ਕਰਨ ਦੀ ਲੋੜ ਹੈ।

## ਸਤਿਕਾਰ ਸੋਧ ਐਕਟ ਪੜ੍ਹਿਆ ਨਹੀਂ, ਪਰ ਪ੍ਰਵਾਨਗੀ ਦਿੱਤੀ: ਗਿੱਲ

ਬਠਿੰਡਾ ਸ਼ਹਿਰੀ ਤੋਂ ‘ਆਪ’ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੇ ਜਥੇਦਾਰ ਗੜਗੱਜ ਦੇ



ਸਵਾਲ ਦੇ ਜਵਾਬ ਵਿਚ ਮੰਨਿਆ ਕਿ ਉਨ੍ਹਾਂ ਭਾਵੇਂ ਕਾਨੂੰਨ ਨੂੰ ਪ੍ਰਵਾਨਗੀ ਦਿੱਤੀ ਹੈ ਪਰ ਇਸ ਨੂੰ ਪੜ੍ਹਿਆ ਨਹੀਂ। ਉਨ੍ਹਾਂ ਕਿਹਾ ਕਿ ਬਿੱਲ ਮੌਕੇ ‘ਤੇ ਮਿਲਿਆ ਸੀ ਤੇ ਸਮੇਂ ਦੀ ਘਾਟ ਕਾਰਨ ਉਹ ਪੜ੍ਹ ਨਹੀਂ ਸਕੇ, ਇਸ ਲਈ ਵਿਆਖਿਆ ‘ਤੇ ਸਮਾਂ ਲੱਗਦਾ ਹੈ।

## ਬਿੱਲ ਪੇਸ਼ ਕੀਤੇ ਜਾਣ ਸਮੇਂ ਹਾਊਸ ‘ਚ ਮੌਜੂਦ ਨਹੀਂ ਸੀ- ਗਨੀਵ ਕੌਰ ਮਜੀਠੀਆ

ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਆਪਣਾ ਪੱਖ ਰੱਖਦੇ ਹੋਏ ਅਕਾਲੀ ਦਲ (ਬ) ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਜਿਸ ਦਿਨ ਸਤਿਕਾਰ ਸੋਧ ਬਿੱਲ ਪ੍ਰਵਾਨ ਕੀਤਾ ਸੀ ਉਸ ਦਿਨ ਉਹ ਵਿਧਾਨ ਸਭਾ ਦੇ ਇਜਲਾਸ ਵਿਚ ਸ਼ਾਮਿਲ ਨਹੀਂ ਸਨ, ਜਿਸ ‘ਤੇ ਜਥੇਦਾਰ ਨੇ ਉਨ੍ਹਾਂ ਨੂੰ ਹਾਊਸ ‘ਚ ਸ਼ਾਮਿਲ ਹੋ ਕੇ ਬਿੱਲ ਦਾ ਵਿਰੋਧ ਕਰਨ ਸੰਬੰਧੀ ਗੱਲ ਕੀਤੀ ਤਾਂ ਬੀਬਾ ਮਜੀਠੀਆ ਨੇ ਕਿਹਾ ਵਿਧਾਨ ਸਭਾ ਹਾਊਸ ਵਿਚ ਕਿਸੇ ਨੂੰ ਵੀ ਬੋਲਣ ਨਹੀਂ ਦਿੱਤਾ ਜਾਂਦਾ।

## ਨਿਮਾਣੇ ਸਿੱਖ ਵਜੋਂ ਪੇਸ਼ ਹੋਇਆ ਹਾਂ: ਇਆਲੀ

ਆਪਣਾ ਪੱਖ ਰੱਖਣ ਪੁੱਜੇ ਸ਼੍ਰੋਮਣੀ ਅਕਾਲੀ ਦਲ ‘ਵਾਰਿਸ ਪੰਜਾਬ ਦੇ’ ਸੀਨੀਅਰ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਮੈਂ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਾਂ ਤੇ ਸਿੰਘ ਸਾਹਿਬਾਨ ਸਨਮੁੱਖ ਨਿਮਾਣੇ ਸਿੱਖ ਵਜੋਂ ਪੇਸ਼ ਹੋਇਆ ਹਾਂ। ਉਨ੍ਹਾਂ ਕਿਹਾ ਕਿ ਜੋ ਵੀ ਹੁਕਮ ਹੋਵੇਗਾ ਉਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਨੂੰ ਭਰੋਸੇ ‘ਚ ਲੈ ਕੇ ਜੋ ਵੀ ਸੋਧ ਹੋਣੀ ਹੈ, ਕਰਨੀ ਚਾਹੀਦੀ ਹੈ।

## ਜਥੇਦਾਰ ਗੜਗੱਜ ਦੀ ਪੱਤਰਕਾਰਾਂ ਨਾਲ ਗੱਲਬਾਤ

ਸਿੱਖ ਮੰਤਰੀਆਂ ਤੇ ਵਿਧਾਇਕਾਂ ਨਾਲ ਸਤਿਕਾਰ ਸੋਧ ਐਕਟ ਨੂੰ ਲੈ ਕੇ ਕੀਤੀ ਵਿਚਾਰ ਚਰਚਾ ਤੋਂ ਬਾਅਦ ਜਥੇਦਾਰ ਗਿਆਨੀ ਗੜਗੱਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਰਾਹੀਂ ਵੀ ਅਕਾਲ ਤਖ਼ਤ ਸਾਹਿਬ ਵਲੋਂ ਸਤਿਕਾਰ ਸੋਧ ਐਕਟ ਵਿਚਲੀਆਂ ਖਾਮੀਆਂ ਤੇ ਇਤਰਾਜ਼ਾਂ ਤੋਂ ਸਰਕਾਰ ਨੂੰ ਜਾਣੂ ਕਰਵਾਇਆ ਗਿਆ ਸੀ ਅਤੇ ਕਿਹਾ ਸੀ ਕਿ 15 ਦਿਨਾਂ ਅੰਦਰ ਇਜਲਾਸ ਸੱਦ ਕੇ ਇਸ ਐਕਟ ਵਿਚ ਸੋਧ ਕੀਤੀ ਜਾਵੇ। ਪਰ ਸਰਕਾਰ ਨੇ ਅਜਿਹਾ ਨਹੀਂ ਕੀਤਾ। ਮੁੜ ਪੰਜ ਸਿੰਘ ਸਾਹਿਬਾਨ ਨੇ ਅਕਾਲ ਤਖ਼ਤ ਸਾਹਿਬ ਤੋਂ 15 ਜੂਨ ਨੂੰ ਆਦੇਸ਼ ਜਾਰੀ ਕਰਕੇ, ਪੰਜਾਬ ਵਿਧਾਨ ਸਭਾ ਦੇ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਆਪਣਾ ਪੱਖ ਰੱਖਣ ਲਈ 29 ਜੂਨ ਸੱਦਿਆ ਸੀ ਤੇ ਉਨ੍ਹਾਂ ਨੂੰ ਇਸ ਐਕਟ ਸੰਬੰਧੀ ਸਿੱਖ ਪੰਥ ਦੇ ਖ਼ਦਸ਼ਿਆਂ ਤੇ ਇਤਰਾਜ਼ਾਂ ਤੋਂ ਵਿਸਥਾਰ ਸਹਿਤ ਦੱਸਿਆ ਹੈ। ਕਿ ਜੇ ਬੇਅਦਬੀਆਂ ਦੇ ਦੋਸ਼ੀਆਂ ਦੀ ਜੜ੍ਹ ਤੱਕ ਜਾਣਾ ਹੈ ਤਾਂ ਇਸ ਐਕਟ ਵਿਚ ਹੋਰ ਸਜ਼ਾਵਾਂ ਦੇ ਨਾਲ ਇਹ ਵੀ ਸ਼ਾਮਿਲ ਕੀਤਾ ਜਾਵੇ ਕਿ ਜੇਕਰ ਕਿਸੇ ਸਿੱਖ ਵਿਰੋਧੀ ਡੇਰੇ ਦਾ ਕੋਈ ਪੈਰੋਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਥ ਕੇ ਬੇਅਦਬੀ ਕਰਦਾ ਹੈ ਤਾਂ ਉਸ ਪੈਰੋਕਾਰ ਦੇ ਨਾਲ-ਨਾਲ ਡੇਰਾ ਮੁਖੀ ‘ਤੇ ਵੀ ਪਰਚਾ ਹੋਵੇ। ਉਨ੍ਹਾਂ ਕਿਹਾ ਕਿ ਆਏ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਜਿੰਨਾ ਚਿਰ ਇਸ ਵਿਚ ਸੋਧਾਂ ਨਹੀਂ ਹੁੰਦੀਆਂ ਓਨਾ ਚਿਰ ਇਸ ਨੂੰ ਸਰਕਾਰ ਵਲੋਂ ਲਾਗੂ ਨਾ ਕੀਤਾ ਜਾਵੇ ਤੇ ਲੰਬਿਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜੋ ਵਿਧਾਇਕ ਤੇ ਮੰਤਰੀ ਅੱਜ ਆਏ ਸਨ, ਉਨ੍ਹਾਂ ਨੇ. ਅਕਾਲ ਤਖ਼ਤ ਸਾਹਿਬ ਵਿਖੇ ਮੰਨਿਆ ਕਿ ਉਨ੍ਹਾਂ ਨੇ ਉਕਤ ਕਾਨੂੰਨੀ ਸੋਧ ਦਾ ਖਰੜਾ ਪਾਸ ਕਰਨ ਤੋਂ ਪਹਿਲਾਂ ਨਾ ਹੀ ਪੜ੍ਹਿਆ ਤੇ ਨਾ ਹੀ ਵਿਚਾਰਿਆ ਸੀ, ਕਿਉਂਕਿ ਇਹ ਮਿਲਿਆ ਹੀ ਇਜਲਾਸ ਤੋਂ ਕੁਝ ਸਮਾਂ ਪਹਿਲਾਂ ਸੀ, ਜੋ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਇਹ ਕਾਨੂੰਨ ਕਾਹਲੀ ਵਿਚ ਤੇ ਧੱਕੇ ਨਾਲ ਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਸਰਕਾਰ ਦੀ ਤਰਫ਼ੋਂ ਗੁਰੂ ਗ੍ਰੰਥ ਸਾਹਿਬ ਅਤੇ ਬੇਅਦਬੀ ਦੇ ਮਾਮਲਿਆਂ ਵਿਚ ਅਤਿ ਗੰਭੀਰ ਅਣਗਹਿਲੀ ਹੈ। ਉਨ੍ਹਾਂ ਕਿਹਾ ਕਿ ਕੁਝ ਵਿਧਾਇਕਾਂ ਨੇ ਪੱਖ ਰੱਖਿਆ ਕਿ ਉਨ੍ਹਾਂ ਨੇ ਵਿਧਾਨ ਸਭਾ ਅੰਦਰ ਸਰਕਾਰ ਨੂੰ ਇਹ ਗੱਲ ਆਖੀ ਸੀ ਕਿ ਇਸ ਕਾਨੂੰਨੀ ਸੋਧ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਉੱਤੇ ਸ਼੍ਰੋਮਣੀ ਕਮੇਟੀ, ਸਿੱਖ ਸੰਸਥਾਵਾਂ, ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨਾਲ ਵਿਚਾਰ ਜ਼ਰੂਰੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਕਾਨੂੰਨੀ ਸੋਧ ਰਾਹੀਂ ਸਰਕਾਰ ਨੇ ਸਿੱਖ ਮਰਯਾਦਾ, ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਅਤੇ ਸ਼੍ਰੋਮਣੀ ਕਮੇਟੀ ਦੀ ਅੰਦਰੂਨੀ ਕਾਰਗੁਜ਼ਾਰੀ ਵਿਚ ਦਖ਼ਲ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸੰਬੰਧੀ ਕੋਈ ਵੀ ਫ਼ੈਸਲਾ ਲੈਣ ਦਾ ਅਧਿਕਾਰ ਕੇਵਲ ਗੁਰੂ ਖ਼ਾਲਸਾ ਪੰਥ ਨੂੰ ਹੈ, ਨਾ ਕਿ ਸਰਕਾਰ ਨੂੰ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਸੋਧ ਵਿਚ ਕਸਟੋਡੀਅਨ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਤੈਅ ਕਰਨਾ ਸਰਕਾਰ ਦਾ ਕਾਰਜ ਨਹੀਂ ਹੈ, ਇਹ ਸਿੱਖਾਂ ਦਾ ਅੰਦਰੂਨੀ ਮਾਮਲਾ ਹੈ। ਇਕੱਤਰਤਾ ਦੌਰਾਨ ਜਥੇਦਾਰ ਗੜਗੱਜ ਨੇ 2015 ਬਰਗਾੜੀ ਬੇਅਦਬੀ ਅਤੇ 2017 ਮੌੜ ਅੱਤਵਾਦੀ ਬੰਬ ਧਮਾਕੇ ਦੇ ਮਾਮਲਿਆਂ ਸੰਬੰਧੀ ਸਿੱਖਾਂ ਅਤੇ ਪੀੜਤਾਂ ਨੂੰ ਇਨਸਾਫ਼ ਸੰਬੰਧੀ ਵੀ ਸਵਾਲ ਕੀਤੇ। ਉਨ੍ਹਾਂ ਇਨ੍ਹਾਂ ਮਾਮਲਿਆਂ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਕੋਈ ਕਾਰਵਾਈ ਨਾ ਕਰਨ ਉੱਤੇ ਵੀ ਸਰਕਾਰ ਦੀ ਕਰੜੀ ਆਲੋਚਨਾਂ ਕੀਤੀ ਅਤੇ ਆਖਿਆ ਕਿ ਉਸ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੇ ਐਕਟ ਸੰਬੰਧੀ ਇਤਰਾਜ਼ਾਂ ‘ਤੇ ਹਰ ਗੱਲ ਨੂੰ ਮੰਤਰੀਆਂ ਤੇ ਵਿਧਾਇਕਾਂ ਨੇਂ ਬੜੀ ਅਧੀਨਗੀ ਨਾਲ ਸੁਣਿਆ ਤੇ ਮੰਨਿਆ। ਉਨ੍ਹਾਂ ਕਿਹਾ ਕਿ ਆਏ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਕਿਹਾ ਗਿਆ ਹੈ ਕਿ ਜਿੰਨਾ ਚਿਰ ਇਸ ਵਿਚ ਸੋਧਾਂ ਨਹੀਂ ਹੁੰਦੀਆਂ ਓਨਾ ਚਿਰ ਇਸ ਨੂੰ ਲਾਗੂ ਨਾ ਕੀਤਾ ਜਾਵੇ ਤੇ ਲੰਬਿਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਇਹ ਮਾਮਲਾ ਵਿਧਾਨ ਸਭਾ ਵਿਚ ਇਕ ਮਹੀਨੇ ਤੋਂ ਪਹਿਲਾਂ ਹੀ ਹੱਲ ਹੋ ਸਕਦਾ ਹੈ, ਕਿਉਂਕਿ ਇਨ੍ਹਾਂ ਨੂੰ ਵੀ ਪਤਾ ਹੈ ਕਿ ਇਹ ਗੁਰੂ ਸਾਹਿਬ ਦਾ ਅਕਾਲ ਤਖ਼ਤ ਹੈ ਤੇ ਇੱਥੇ ਝੂਠ ਨਹੀਂ ਬੋਲਿਆ ਜਾ ਸਕਦਾ ਤੇ ਇੱਥੇ ਕੇਵਲ ਸੱਚ ਦੀ ਗੱਲ ਹੁੰਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵਿਚਾਰ ਵਟਾਂਦਰੇ ਉਪਰੰਤ ਸਾਰਿਆਂ ਨੇ ਇਕੱਠੇ ਬੈਠ ਕੇ ਲੰਗਰ ਛਕਿਆ ਹੈ। ਜ਼ਿਕਰਯੋਗ ਹੈ ਕਿ ਜਥੇਦਾਰ ਗੜਗੱਜ ਵਲੋਂ ਇਥੇ ਪੁੱਜੇ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਕੁਝ ਸਮਾਂ ਸ਼ਬਦ ਰੂਪੀ ਨਾਮ ਵੀ ਜਪਾਇਆ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ. ਅਮੋਲਕ ਸਿੰਘ ਜੰਮੂ ਦੇ 'ਚੜ੍ਹਦੀ ਕਲਾ' ਦੇ ਨਾਅਰੇ ਨੂੰ ਬੁਲੰਦ ਕਰ ਗਈ 'ਪੰਜਾਬ ਟਾਈਮਜ਼ ਨਾਈਟ'

## 27ਵੀਂ ਵਰ੍ਹੇਗੰਢ 'ਤੇ ਦੂਰੋਂ-ਨੇੜਿਓਂ ਪਹੁੰਚੇ ਸਨੇਹੀਆਂ ਨੇ ਲਾਈਆਂ ਰੌਣਕਾਂ; ਦਰਸ਼ਕਾਂ ਦੇ ਦਿਲਾਂ 'ਤੇ ਛੱਡੀ ਡੂੰਘੀ ਛਾਪ



**ਸ਼ਿਕਾਗੋ (ਪੰਜਾਬ ਟਾਈਮਜ਼ ਬਿਓਰੋ):** 'ਪੰਜਾਬ ਟਾਈਮਜ਼' ਦੀ 27ਵੀਂ ਵਰ੍ਹੇਗੰਢ 20 ਜੂਨ ਨੂੰ ਇਥੋਂ ਦੀ ਇਕ ਸਬਰਬ ਆਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਮਨਾਈ ਗਈ। ਵਿਚਾਰਾਂ ਅਤੇ ਮਜ਼ਾਹੀਆ ਮਾਹੌਲ ਨਾਲ ਭਰੀ ਇਸ ਸ਼ਾਮ ਵਿਚ ਮੁਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਤੋਂ ਇਲਾਵਾ ਮਿਡਵੈਸਟ ਦੀਆਂ ਧਾਰਮਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ 'ਪੰਜਾਬ ਟਾਈਮਜ਼' ਦੇ ਪ੍ਰਸ਼ੰਸਕ ਹੁਮਹੁਮਾ ਕੇ ਪਹੁੰਚੇ। ਬੇਸ਼ਕ ਇਹ ਸਾਲਾਨਾ ਸਮਾਗਮ 'ਪੰਜਾਬ ਟਾਈਮਜ਼' ਦੇ ਰੂਹੇ-ਰਵਾਂ ਸ. ਅਮੋਲਕ ਸਿੰਘ ਜੰਮੂ ਦੀ ਸ਼ਮੂਲੀਅਤ ਤੋਂ ਬਿਨਾ ਹੋਇਆ, ਪਰ ਮਿੱਤਰ ਪਿਆਰਿਆਂ ਨੇ ਉਨ੍ਹਾਂ ਅਤੇ ਉਨ੍ਹਾਂ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਜਿਸ ਤਰ੍ਹਾਂ ਯਾਦ ਕੀਤਾ, ਉਸ ਨਾਲ ਉਨ੍ਹਾਂ ਦੀ ਹਾਜ਼ਰੀ ਸਗੋਂ ਦੂਣ-ਸਵਾਈ ਹੋ ਗਈ। ਬੁਲਾਰਿਆਂ ਅਤੇ ਸ਼ੇਅਰੋ-ਸ਼ਾਇਰੀ ਦੇ ਦੌਰ ਵਿਚ ਕੈਲੇਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ 'ਪੰਜਾਬ ਟਾਈਮਜ਼' ਦੇ ਕਾਲਮ ਨਵੀਸ ਸ. ਮੇਜਰ ਸਿੰਘ ਕੁਲਾਰ ਅਤੇ ਐਸ ਅਸ਼ੋਕ ਭੌਰਾ, ਨਾਟਕਕਾਰ ਡਾ. ਆਤਮਜੀਤ ਸਿੰਘ, ਸ਼ਾਇਰ ਰਵਿੰਦਰ ਸਿੰਘ ਸਹਿਰਾਅ, ਇੰਡੀਅਨਐਪੋਲਿਸ ਤੋਂ ਬਲਰਾਜ ਸਿੰਘ, ਚੰਨੀ ਬਰਨਾਲਾ, ਗੁਰਪ੍ਰੀਤ ਆਰਟਿਸਟ, ਅਤੇ ਇੰਡੀਆ ਤੋਂ ਉਚੇਚੇ ਤੌਰ 'ਤੇ ਪਹੁੰਚੇ ਸ. ਗੁਰਭੇਜ ਸਿੰਘ ਗੋਰਾਇਆ ਨੇ ਆਏ ਮਹਿਮਾਨਾਂ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਅਤੇ ਸ਼ਾਇਰ ਅਤੇ ਗੀਤਕਾਰ ਰਾਜ ਕਾਕੜਾ ਨੇ ਆਪਣੀ ਸ਼ਾਇਰੀ ਨਾਲ ਸਭ ਦਾ ਮਨ ਮੋਹ ਲਿਆ।

ਪ੍ਰੋਗਰਾਮ ਦੀ ਸ਼ੁਰੂਆਤ 'ਤੇ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਮਰਹੂਮ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿਲੋਂ, ਗੁਰਿੰਦਰ ਗਿੱਲ, ਅਯੁਧਿਆ ਸਲਵਾਨ, ਰਾਜਿੰਦਰ ਸਿੰਘ ਬੈਂਸ, ਸਨੀ ਕੁਲਾਰ ਅਤੇ 'ਪੰਜਾਬ ਟਾਈਮਜ਼' ਦੇ ਬਾਨੀ ਮੈਂਬਰ ਸ. ਬਲਕਾਰ ਸਿੰਘ ਢਿਲੋਂ, ਗੁਰ ਸਿੰਘ ਅਤੇ ਹਰਜਾਪ ਸਿੰਘ ਸੰਘਾ ਦੇ ਤੁਰ ਜਾਣ 'ਤੇ ਇਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਮਨਦੀਪ ਸਿੰਘ ਜੰਮੂ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ। ਮੰਚ ਸੰਲਾਚਨ ਕਰਦਿਆਂ ਗੁਰਮੁਖ ਸਿੰਘ ਭੁੱਲਰ ਨੇ ਕਿਹਾ, ਭਾਵੇਂ ਸ. ਅਮੋਲਕ ਸਿੰਘ ਜੰਮੂ ਸਾਡੇ ਵਿਚ ਨਹੀਂ ਪਰ ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੇ ਬੋਲ ਤੇ ਅਸੂਲ ਅਜੇ ਵੀ ਸਾਡੇ ਨਾਲ ਹਨ। ਉਨ੍ਹਾਂ ਦੀ ਸ਼ਖਸੀਅਤ ਦੀ ਖਾਸੀਅਤ ਇਹ ਸੀ ਕਿ ਭਾਵੇਂ ਉਹ ਵ੍ਹੀਲ ਚੇਅਰ 'ਤੇ ਸਨ ਪਰ ਕਦੇ ਵੀ ਹੌਸਲਾ ਨਹੀਂ ਸੀ ਛੱਡਿਆ, ਜਦੋਂ ਕਦੇ ਵੀ ਉਨ੍ਹਾਂ ਦਾ ਹਾਲ ਪੁੱਛਣਾ ਤਾਂ ਜਵਾਬ 'ਚੜ੍ਹਦੀ ਕਲਾ', ਘੋੜੇ ਵਰਗਾਂ' ਹੋਣਾ। ਉਨ੍ਹਾਂ ਮੌਤ ਨਾਲ ਜੰਗ ਕਰਕੇ ਮੌਤ ਨੂੰ ਜਿੱਤਿਆ।

ਸਲਾਹਕਾਰ ਬੋਰਡ ਦੇ ਮੈਂਬਰ ਅਤੇ 'ਪੰਜਾਬ ਟਾਈਮਜ਼' ਨੂੰ ਦਿਲੋਂ ਮੁਹੱਬਤ ਕਰਨ ਵਾਲੇ ਸ. ਅਮਰੀਕ ਸਿੰਘ 'ਅਮਰ' ਜੋ ਕਿਸੇ ਮਜਬੂਰੀ ਵਸ ਹਾਜ਼ਰ ਨਹੀਂ ਸੀ ਹੋ ਸਕੇ, ਪਰ ਉਨ੍ਹਾਂ ਆਪਣੇ ਦਿਲ ਦੇ ਵਲਵਲੇ ਲਿਖਤੀ ਰੂਪ ਵਿਚ ਭੇਜੇ, ਜੋ ਡਾ. ਹਰਜਿੰਦਰ ਸਿੰਘ ਖਹਿਰਾ ਨੇ ਉਸੇ ਭਾਵਨਾ ਨਾਲ ਪੜ੍ਹ ਕੇ ਦਰਸ਼ਕਾਂ ਨਾਲ ਸਾਂਝੇ ਕੀਤੇ:

'ਕੁਝ ਲੋਕ ਜ਼ਿੰਦਗੀ ਨਹੀਂ ਜੀਉਂਦੇ, ਉਹ ਇੱਕ ਯੁੱਗ ਸਿਰਜ ਜਾਂਦੇ ਹਨ। ਕੁਝ ਨਾਮ ਸਿਰਫ਼ ਭੁਲਾਏ ਨਹੀਂ ਜਾਂਦੇ, ਉਹ ਦਿਲਾਂ ਵਿਚ ਵੱਸਦੇ ਹਨ। ਸ. ਅਮੋਲਕ ਜੰਮੂ ਜੀ ਵੀ ਅਜਿਹੀ ਹੀ ਰੂਹ ਸਨ। ਉਨ੍ਹਾਂ ਨੇ 'ਪੰਜਾਬ ਟਾਈਮਜ਼' ਦਾ ਉਹ ਬੂਟਾ ਲਾਇਆ, ਜਿਸ ਦੀ ਛਾਂ ਹੇਠ ਅੱਜ ਹਜ਼ਾਰਾਂ ਪੰਜਾਬੀ ਆਪਣੇਪਣ ਦਾ ਅਹਿਸਾਸ ਕਰਦੇ ਹਨ।

ਪਰ ਇਸ ਸਫ਼ਰ ਵਿਚ ਇੱਕ ਹੋਰ ਮਹਾਨ ਰੂਹ ਵੀ ਹੈ— ਉਨ੍ਹਾਂ ਦੀ ਧਰਮਪਤਨੀ। ਬਿਮਾਰੀ ਦੇ ਔਖੇ ਦਿਨਾਂ ਵਿਚ ਜਿਸ ਨੇ ਹੱਡ-ਭੰਨਵੀਂ ਮਿਹਨਤ ਕਰਕੇ, ਹਰ ਪਲ ਪਰਛਾਵੇਂ ਵਾਂਗ ਸਾਥ ਨਿਭਾਇਆ। ਦਰਦ ਆਪਣੇ ਸੀਨੇ ਵਿਚ ਲੁਕਾ ਕੇ, ਚਿਹਰੇ 'ਤੇ ਹੌਸਲੇ ਦੀ ਮੁਸਕਾਨ ਰੱਖੀ। ਸਾਡਾ ਸਾਰਾ ਪੰਜਾਬੀ ਭਾਈਚਾਰਾ ਉਸ ਮਹਾਨ ਸ਼ਖਸੀਅਤ ਨੂੰ ਸਿਜਦਾ ਕਰਦਾ ਹੈ, ਜਿਸ ਨੇ ਸੇਵਾ, ਸਮਰਪਣ ਅਤੇ ਪਿਆਰ ਦਾ ਅਸਲ ਅਰਥ ਸਮਝਾਇਆ।

ਅੱਜ ਜਦੋਂ ਮਨਦੀਪ ਦੀਆਂ ਅੱਖਾਂ ਆਪਣੇ ਪਿਤਾ ਨੂੰ ਲੱਭਦੀਆਂ ਹਨ, ਤਾਂ ਉਹ ਸਿਰਫ਼ ਤਸਵੀਰਾਂ ਵਿਚ ਨਹੀਂ ਲੱਭਦਾ। ਉਹ ਹਰ ਹਫ਼ਤੇ 'ਪੰਜਾਬ ਟਾਈਮਜ਼' ਦੇ ਸਫ਼ਿਆਂ ਵਿਚ ਆਪਣੇ ਬਾਪ ਦੀ ਮਹਿਕ ਲੱਭਦਾ ਹੈ। ਹਰ ਅੱਖਰ ਵਿਚ ਉਸਨੂੰ ਆਪਣੇ ਪਿਤਾ ਦੀ ਆਵਾਜ਼ ਸੁਣਾਈ ਦਿੰਦੀ ਹੈ, ਹਰ ਸਿਰਲੇਖ ਵਿਚ ਉਹ ਪਿਆਰ ਲੱਭਦਾ ਹੈ ਜੋ ਹੁਣ ਸਿਰਫ਼ ਯਾਦ ਬਣ ਚੁੱਕਾ ਹੈ।

ਤੁਰ ਗਿਆ ਚੜ੍ਹਦੀ ਜਵਾਨੀ, ਪਰ ਚਾਨਣ ਛੱਡ ਗਿਆ,
'ਪੰਜਾਬ ਟਾਈਮਜ਼' ਦਾ ਬੂਟਾ ਲਾ ਕੇ, ਜਗ ਵਿਚ ਨਾਂ ਜੋੜ ਗਿਆ।
ਅੱਜ ਵੀ ਉਸ ਬੂਟੇ ਦੀ ਹਰ ਟਾਹਣੀ,
ਉਸਦੇ ਸੁਪਨਿਆਂ ਦੀ ਗਵਾਹੀ ਦਿੰਦੀ ਏ,
ਹਰ ਪੱਤਾ ਆਖਦਾ ਹੈ—
'ਇਹ ਦਰੱਖ਼ਤ ਇੱਕ ਫ਼ਕੀਰ ਦੀ ਮਿਹਨਤ ਨਾਲ ਵੱਡਾ ਹੋਇਆ ਸੀ।'
ਕਿਸੇ ਨੇ ਠੀਕ ਹੀ ਆਖਿਆ ਹੈ—
ਮਰਦੇ ਉਹ ਨਹੀਂ ਜੋ ਸਾਹ ਛੱਡ ਜਾਂਦੇ ਹਨ,
ਮਰਦੇ ਉਹ ਹਨ ਜਿਨ੍ਹਾਂ ਨੂੰ ਲੋਕ ਭੁੱਲ ਜਾਂਦੇ ਹਨ।
ਅਮੋਲਕ ਜੰਮੂ ਨੂੰ ਭੁੱਲਣਾ...
ਸ਼ਾਇਦ ਪੰਜਾਬੀਅਤ ਨੂੰ ਭੁੱਲਣਾ ਹੋਵੇ।

ਪਰ ਇਸ ਸੰਘਰਸ਼ ਦੀ ਕਹਾਣੀ ਅਧੂਰੀ ਰਹਿ ਜਾਂਦੀ,
ਜੇ ਉਸ ਮਹਾਨ ਇਸਤਰੀ ਦਾ ਜ਼ਿਕਰ ਨਾ ਕਰੀਏ,
ਜਿਸ ਨੇ ਹਰ ਦਰਦ ਆਪਣੇ ਹਿੱਸੇ ਲਿਖਵਾ ਲਿਆ,
ਤੇ ਆਪਣੇ ਜੀਵਨ ਸਾਥੀ ਦੇ ਦਰਦ ਨੂੰ ਆਪਣੀ ਅਰਦਾਸ ਬਣਾ ਲਿਆ।
ਹੱਡ-ਭੰਨਵੀਂ ਮਿਹਨਤ...ਬੇਅੰਤ ਸੇਵਾ...ਬੇਅੰਤ ਸਬਰ...ਇਹ ਸਿਰਫ਼ ਸ਼ਬਦ ਨਹੀਂ, ਉਨ੍ਹਾਂ ਦੀ ਪਤਨੀ ਦੀ ਜ਼ਿੰਦਗੀ ਦੀ ਦਾਸਤਾਨ ਹੈ।
ਅੱਜ ਸਾਰਾ ਪੰਜਾਬੀ ਭਾਈਚਾਰਾ
ਉਸ ਮਹਾਨ ਮਾਂ, ਉਸ ਮਹਾਨ ਜੀਵਨ ਸਾਥੀ ਨੂੰ
ਦਿਲੋਂ ਸਿਜਦਾ ਕਰਦਾ ਹੈ।

ਤੇ ਫਿਰ ਨਜ਼ਰ ਪੈਂਦੀ ਹੈ...
ਇੱਕ ਪੁੱਤਰ—ਮਨਦੀਪ।
ਜਿਸ ਦੀਆਂ ਅੱਖਾਂ ਅੱਜ ਵੀ ਪਿਆਸੀਆਂ ਹਨ।
ਉਹ ਹਰ ਹਫ਼ਤਾ 'ਪੰਜਾਬ ਟਾਈਮਜ਼' ਦਾ ਨਵਾਂ ਅੰਕ ਖੋਲ੍ਹਦਾ ਹੈ,
ਸ਼ਾਇਦ ਕਿਤੇ ਪਿਤਾ ਦੀ ਲਿਖਤ ਮਿਲ ਜਾਵੇ...
ਸ਼ਾਇਦ ਕੋਈ ਲਫ਼ਜ਼ ਆਖ ਦੇਵੇ—
'ਪੁੱਤ, ਮੈਂ ਇੱਥੇ ਹੀ ਹਾਂ...'
ਪਰ ਕਾਗਜ਼ ਤਾਂ ਚੁੱਪ ਰਹਿੰਦੇ ਹਨ...
ਤੇ ਪੁੱਤਰ ਦੀਆਂ ਅੱਖਾਂ
ਚੁੱਪ-ਚਾਪ ਭਿੱਜ ਜਾਂਦੀਆਂ ਹਨ।
ਮੌਤ ਸਰੀਰ ਲੈ ਗਈ...
ਪਰ ਉਹ ਹਾਸਾ ਕੌਣ ਲੈ ਗਿਆ?
ਉਹ ਨਿੱਘ ਕੌਣ ਲੈ ਗਿਆ?
ਉਹ ਆਪਣਾਪਣ ਕੌਣ ਲੈ ਗਿਆ?
ਕੋਈ ਨਹੀਂ...
ਕਿਉਂਕਿ ਉਹ ਸਭ ਕੁਝ
ਅੱਜ ਵੀ ਸਾਡੇ ਦਿਲਾਂ ਵਿਚ ਵੱਸਦਾ ਹੈ।

ਮੈਂ—ਅਮਰੀਕ ਅਮਰ—ਜਦੋਂ ਵੀ 'ਪੰਜਾਬ ਟਾਈਮਜ਼' ਦਾ ਨਾਂ ਸੁਣਦਾ ਹਾਂ,
ਮੇਰੇ ਮਨ ਵਿਚ ਸਭ ਤੋਂ ਪਹਿਲਾਂ ਅਮੋਲਕ ਜੰਮੂ ਦਾ ਚਿਹਰਾ ਉਭਰਦਾ ਹੈ।
ਕਈ ਲੋਕ ਅਖ਼ਬਾਰ ਛਾਪਦੇ ਹਨ...
ਪਰ ਉਹ ਇਨਸਾਨ ਦਿਲ ਛਾਪ ਗਿਆ।
ਕਈ ਲੋਕ ਘਰ ਬਣਾਉਂਦੇ ਹਨ...
ਪਰ ਉਹ ਇੱਕ ਪਰਿਵਾਰ ਬਣਾ ਗਿਆ।
ਕਈ ਲੋਕ ਚਲੇ ਜਾਂਦੇ ਹਨ...
ਪਰ ਉਹ ਵਿਛੜ ਕੇ ਵੀ ਹਰ ਮਿਲਣੀ ਵਿਚ ਸ਼ਾਮਲ ਰਹਿੰਦਾ ਹੈ।
ਅਮੋਲਕ ਵੀਰ...ਜੇ ਕਿਤੇ ਸਾਡੀਆਂ ਆਵਾਜ਼ਾਂ ਤੁਹਾਡੇ ਤੱਕ ਪਹੁੰਚਦੀਆਂ ਹੋਣ,
ਤਾਂ ਜਾਣ ਲਵੋ—
ਤੁਹਾਨੂੰ ਮੌਤ ਨਹੀਂ ਹਰਾ ਸਕੀ।
ਤੁਸੀਂ ਆਪਣੇ ਪੁੱਤਰ ਦੀਆਂ ਅੱਖਾਂ ਵਿਚ ਜਿਉਂਦੇ ਹੋ...
ਆਪਣੀ ਜੀਵਨ ਸਾਥਣ ਦੀਆਂ ਅਰਦਾਸਾਂ ਵਿਚ ਜਿਉਂਦੇ ਹੋ...
'ਪੰਜਾਬ ਟਾਈਮਜ਼' ਦੇ ਹਰ ਸਫ਼ੇ ਵਿਚ ਜਿਉਂਦੇ ਹੋ...
ਅਤੇ ਸਾਡੇ ਵਰਗੇ ਬੇਅੰਤ ਦੋਸਤਾਂ ਦੇ ਦਿਲਾਂ ਵਿਚ ਸਦਾ ਲਈ ਜਿਉਂਦੇ ਹੋ।
ਅੰਤ ਵਿਚ ਸਿਰਫ਼ ਇੱਕ ਗੱਲ—
'ਲੋਕ ਕਬਰਾਂ ਵਿਚ ਨਹੀਂ ਮਰਦੇ,
ਉਹ ਉਦੋਂ ਮਰਦੇ ਹਨ ਜਦੋਂ ਯਾਦਾਂ ਮਰ ਜਾਂਦੀਆਂ ਹਨ।
ਅਮੋਲਕ ਜੰਮੂ ਦੀਆਂ ਯਾਦਾਂ ਜਿਉਂਦੀਆਂ ਹਨ...
ਇਸ ਲਈ ਅਮੋਲਕ ਜੰਮੂ ਅੱਜ ਵੀ ਜਿਉਂਦੇ ਹਨ।'

***

ਬੁਲਾਰਿਆਂ ਨੇ ਦੱਸਿਆ ਕਿ ਦੁਨੀਆਂ ਭਰ ਦੇ ਪਾਠਕ 'ਪੰਜਾਬ ਟਾਈਮਜ਼' ਪੜ੍ਹਦੇ ਹਨ ਤੇ ਬੁੱਧਵਾਰ ਤੜਕਸਾਰ ਹੀ ਵੈਬਸਾਈਟ 'ਤੇ ਪੜ੍ਹਨ ਲਈ ਪੁੱਜ ਜਾਂਦੇ ਹਨ। ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਉਘੇ ਕਾਰੋਬਾਰੀ ਤੇ ਜਾਣੀ-ਪਛਾਣੀ ਸ਼ਖਸੀਅਤ ਸ. ਦਰਸ਼ਨ ਸਿੰਘ ਧਾਲੀਵਾਲ ਜ਼ਰੂਰੀ ਰੁਝੇਵਿਆਂ ਕਰਕੇ ਨਾ ਪਹੁੰਚ ਸਕੇ ਪਰ 'ਪੰਜਾਬ ਟਾਈਮਜ਼' ਦੇ ਐਡਵਾਈਜ਼ਰੀ ਬੋਰਡ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਡਾ. ਭੁਪਿੰਦਰ ਸਿੰਘ ਸੈਣੀ, ਸ. ਦਰਸ਼ਨ ਸਿੰਘ ਗਰੇਵਾਲ, ਮੇਜਰ ਗੁਰਚਰਨ ਸਿੰਘ ਝੱਜ; ਗੈਸਟ ਆਫ ਆਨਰ ਅਮਰਜੀਤ ਢੀਂਡਸਾ, ਲਵ ਮਿਨਹਾਸ, ਅਤੇ ਇੰਡੀਆਨਾ ਤੋਂ ਗੁਰਬਖਸ਼ ਸਿੰਘ ਰੰਧਾਵਾ, ਕਮਲਜੀਤ ਸਿੰਘ ਬੈਂਸ ਨੇ ਆਪਣੀ ਪੂਰੀ ਟੀਮ ਸਮੇਤ ਸ਼ਿਰਕਤ ਕਰ ਕੇ ਇਸ ਸ਼ਾਮ ਦੀ ਰੌਣਕ ਨੂੰ ਚਾਰ ਚੰਦ ਲਾਏ। ਉਨ੍ਹਾਂ 'ਪੰਜਾਬ ਟਾਈਮਜ਼' ਦੀ ਭਰਵੀਂ ਮਾਲੀ ਮਦਦ ਕਰਦਿਆਂ ਭਵਿੱਖ ਵਿਚ ਵੀ ਸਾਥ ਦੇਣ ਦਾ ਵਾਅਦਾ ਕੀਤਾ।

'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਵਲੋਂ ਮੁੱਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਅਤੇ ਆਏ ਮਹਿਮਾਨਾਂ ਦਾ ਮਾਣ-ਸਨਮਾਨ ਕੀਤਾ ਗਿਆ। 'ਪੰਜਾਬ ਟਾਈਮਜ਼' ਦੀ ਇਸ ਰੰਗੀਨ ਸ਼ਾਮ ਵਿਚ ਤਕਰੀਬਨ ਸਾਰੇ ਹੀ ਬੁਲਾਰਿਆਂ ਨੇ 'ਪੰਜਾਬ ਟਾਈਮਜ਼' ਦੀ ਨਿਰਪੱਖ ਪੱਤਰਕਾਰੀ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅਮੋਲਕ ਭਾਅ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਪਰ ਭੈਣ ਜੀ ਜਸਪ੍ਰੀਤ ਨੇ 'ਪੰਜਾਬ ਟਾਈਮਜ਼' ਰਾਹੀਂ ਉਨ੍ਹਾਂ ਨੂੰ ਜਿਊਂਦਾ ਰੱਖਿਆ ਹੈ। ਅੱਜ ਹਰ ਅੱਖਰ ਵਿਚ ਉਨ੍ਹਾਂ ਦੀ ਤਸਵੀਰ ਝਲਕਦੀ ਹੈ। ਇਸ ਅਖ਼ਬਾਰ ਦਾ ਆਪਣਾ ਮਿਆਰ ਹੈ। 'ਪੰਜਾਬ ਟਾਈਮਜ਼' ਇੰਡੀਆ, ਕੈਨੇਡਾ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਹਰਮਨ-ਪਿਆਰਾ ਹੈ। ਵੱਡੇ ਲੇਖਕ ਅਤੇ ਆਲੋਚਕ 'ਪੰਜਾਬ ਟਾਈਮਜ਼' ਵਿਚ ਪ੍ਰਕਾਸ਼ਿਤ ਹੋਣਾ ਆਪਣਾ ਮਾਣ ਸਮਝਦੇ ਹਨ। ਉਨ੍ਹਾਂ ਦਾ ਆਖਣਾ ਸੀ ਕਿ ਅਸਲ ਸੱਚ ਤਾਂ ਇਹ ਹੀ ਹੈ ਕਿ ਅਸੀਂ ਸਾਰੇ 'ਪੰਜਾਬ ਟਾਈਮਜ਼' ਦੇ ਮਿਆਰ ਕਰਕੇ ਹੀ ਇਸਦੇ ਪਾਠਕ ਹੋਣ ਦੇ ਨਾਲ਼-ਨਾਲ਼ ਪ੍ਰਸ਼ੰਸਕ ਬਣੇ ਸਨ। ਉਨ੍ਹਾਂ ਆਖਿਆ ਕਿ 'ਪੰਜਾਬ ਟਾਈਮਜ਼' ਵਿਚਾਰ ਸਾਂਝੇ ਕਰਨ ਵਾਲੀ ਅਖਬਾਰ ਹੈ। ਅਖਬਾਰ ਦੀ ਸਿਫ਼ਤ ਵਿਚ ਉਨ੍ਹਾਂ ਕਿਹਾ ਕਿ ਸਿਰਫ਼ ਇਹ ਹੀ ਅਜਿਹਾ ਅਖਬਾਰ ਹੈ ਜੋ ਅਮਰੀਕਾ ਵਿਚ ਵਿੱਦਿਆ 'ਤੇ ਵਿਚਾਰ ਕਰ ਰਿਹਾ ਹੈ। ਜਸਪ੍ਰੀਤ ਨੇ ਜਿਸ ਤਰੀਕੇ ਨਾਲ ਇਸ ਨੂੰ ਸੰਭਾਲਿਆ ਹੈ, ਉਸ ਲਈ ਉਹ ਵਧਾਈ ਦੀ ਪਾਤਰ ਹੈ। ਉਨ੍ਹਾਂ ਅਮਰੀਕਾ ਦੇ ਜੰਮਪਲ ਬੱਚਿਆਂ ਦੇ ਮਾਂ ਬੋਲੀ ਪੰਜਾਬੀ ਨਾਲੋਂ ਟੁੱਟਣ 'ਤੇ ਚਿੰਤਾ ਵੀ ਜ਼ਾਹਰ ਕੀਤੀ ਤੇ ਭਵਿੱਖ ਵਿਚ ਇਸ 'ਤੇ ਕੰਮ ਕਰਨ ਦੀ ਇੱਛਾ ਵੀ ਜ਼ਾਹਰ ਕੀਤੀ।

ਸ਼ਾਇਰ ਰਵਿੰਦਰ ਸਹਿਰਾਅ ਨੇ 'ਪੰਜਾਬ ਟਾਈਮਜ਼ ਦੇ 27ਵੇਂ ਵਰ੍ਹੇ ਵਿਚ ਪਹੁੰਚਣ 'ਤੇ ਵਧਾਈ ਦਿੰਦਿਆਂ ਪੰਜਾਬ ਤੋਂ ਆਏ ਮਹਿਮਾਨਾਂ ਗੁਰਭੇਜ ਸਿੰਘ ਗੁਰਾਇਆ, ਦਲਜੀਤ ਸ਼ਾਹੀ, ਇੰਦਰਜੀਤ ਦੇਵਗਨ ਅਤੇ ਓਹਾਇਓ ਤੋਂ ਪੁੱਜੇ ਪਵਨ ਕੁਮਾਰ ਦਾ ਸਵਾਗਤ ਕੀਤਾ। 'ਪੰਜਾਬ ਟਾਈਮਜ਼' ਦੇ ਕਾਲਮ-ਨਵੀਸ ਮੇਜਰ ਸਿੰਘ ਕੁਲਾਰ ਨੇ ਦਰਸ਼ਕਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ ਸਾਲ 2002 ਵਿਚ ਪਹਿਲੀ ਵਾਰ ਉਨ੍ਹਾਂ ਕੈਲੇਫੋਰਨੀਆ ਵਿਚ ਪੰਜਾਬ ਟਾਈਮਜ਼ ਪੜ੍ਹਿਆ ਤੇ ਉਦੋਂ ਤੋਂ ਹੀ ਉਹ ਇਸ ਅਖਬਾਰ ਨਾਲ ਜੁੜੇ ਹੋਏ ਹਨ। ਇਹ ਅਖਬਾਰ ਉਨ੍ਹਾਂ ਦੀ 'ਆੜੀ' ਬਣ ਗਈ ਹੈ। ਉਨ੍ਹਾਂ ਦੱਸਿਆ ਕਿ ਜਦੋਂ 'ਪੰਜਾਬ ਟਾਈਮਜ਼' ਵਿਚ ਉਨ੍ਹਾਂ ਦੀ ਪਹਿਲੀ ਕਵਿਤਾ 'ਫੁੱਲ' ਛਪੀ ਤਾਂ ਉਨ੍ਹਾਂ ਨੂੰ ਮੁੰਡਾ ਜੰਮਣ ਜਿੰਨਾ ਚਾਅ ਚੜ੍ਹਿਆ ਸੀ। ਇਸ ਤੋਂ ਬਾਅਦ ਮੇਰੇ ਛੋਟੇ ਲੇਖ ਆਮ ਹੀ ਅਖਬਾਰ ਵਿਚ ਛਪਣ ਲੱਗ ਪਏ। ਉਨ੍ਹਾਂ ਦਾ ਕਾਲਮ 'ਮੂੰਹ ਆਈ ਬਾਤ' ਅਖਬਾਰ ਵਿਚ ਛਪਣਾ ਸ਼ੁਰੂ ਹੋਇਆ ਤਾਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ 'ਚ ਜਾ ਕੇ ਅਖਬਾਰ ਵੰਡੇ। ਉਨ੍ਹਾਂ ਅਗਾਂਹ ਵੀ ਅਖਬਾਰ ਨਾਲ ਜੁੜੇ ਰਹਿਣ ਦੀ ਗੱਲ ਆਖੀ। ਥਿਏਟਰ ਆਰਟਿਸਟ ਤੇ ਫਿਲਮੀ ਕਲਾਕਾਰ ਕੁਮਾਰ ਪਵਨਦੀਪ ਨੇ ਵੀ ਸੰਬੋਧਨ ਕੀਤਾ।




**'ਪੰਜਾਬ ਟਾਈਮਜ਼ ਨਾਈਟ' ਮੌਕੇ ਆਪਣੇ ਪਰਿਵਾਰ ਸਣੇ ਖਾਸ ਤੌਰ 'ਤੇ ਮਿਲਵਾਕੀ (ਵਿਸਕਾਨਸਿਨ) ਤੋਂ ਪੁੱਜੇ ਪੰਜਾਬ ਟਾਈਮਜ਼ ਐਡਵਾਈਜ਼ਰੀ ਬੋਰਡ ਦੇ ਮੈਂਬਰ ਸ. ਜਗਦੀਸ਼ਰ ਸਿੰਘ ਕਲੇਰ।**

ਹਾਂ। ਹਰ ਕਹਾਣੀ, ਕਵਿਤਾ, ਲੇਖ ਦਾ ਆਪਣਾ ਮਿਆਰ ਹੁੰਦਾ ਹੈ। ਬੁਲਾਰਿਆਂ ਤੇ ਪ੍ਰਸ਼ੰਸਕਾਂ ਦੀ ਰਾਇ ਸੀ ਕਿ ਅਸੀਂ ਬੁੱਧਵਾਰ ਦੀ ਉਡੀਕ ਕਰਦੇ ਹਾਂ, ਜਦੋਂ ਪੇਪਰ ਵੈੱਬਸਾਈਟ 'ਤੇ ਪੈਂਦਾ ਹੈ। ਸਾਡੇ ਵਾਂਗ ਹੋਰ ਪਾਠਕ ਵੀ 'ਪੰਜਾਬ ਟਾਈਮਜ਼' ਦਾ ਇਸੇ ਤਰ੍ਹਾਂ ਇੰਤਜ਼ਾਰ ਕਰਦੇ ਹਨ ਤਾਂ ਕਿ ਇਸ ਵਿਚ ਛਪਦੀ ਸਮੱਗਰੀ ਨਾਲ ਆਪਣੀ ਜਾਣਕਾਰੀ ਵਿਚ ਵਾਧਾ ਕਰ ਸਕਣ। 'ਪੰਜਾਬ ਟਾਈਮਜ਼' ਦਾ ਸਮੁੱਚਾ ਮਨੋਰਥ ਹੀ ਸਾਰੇ ਸਮਾਜ ਦੀ ਪਰਿਕਰਮਾ ਕਰਾਉਣਾ ਹੈ। ਧਾਰਮਿਕ, ਰਾਜਨੀਤਕ, ਸਮਾਜਿਕ, ਸਾਇੰਸ ਅਤੇ ਗਾਇਕੀ ਨਾਲ ਸਬੰਧਤ ਜਿੰਨੀਆਂ ਵੀ ਕਲਾਵਾਂ ਨੇ ਸਮਾਜ ਦੀਆਂ, ਉਨ੍ਹਾਂ ਸਭ ਨੂੰ ਇਕ ਗੁਲਦਸਤੇ ਵਾਂਗ 'ਪੰਜਾਬ ਟਾਈਮਜ਼' ਵਿਚ ਥਾਂ ਦਿੱਤੀ ਜਾਂਦੀ ਹੈ। ਇਸ ਦੀ ਵੱਡੀ ਵਿਲੱਖਣਤਾ ਇਹ ਹੈ ਕਿ ਇਹ ਕਿਸੇ ਇਕ ਧਰਮ, ਰਾਜਨੀਤਕ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਵਿਚ ਸਮੁੱਚੀ ਮਨੁੱਖਤਾ ਦੇ ਹਿੱਤ ਦੀ ਗੱਲ ਹੁੰਦੀ ਹੈ।

ਇਸ ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ ਨੇ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਮਲ ਹੋਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਜਿਸ ਸਨੇਹ ਨਾਲ ਜਸਪ੍ਰੀਤ ਭੈਣ ਜੀ ਨੇ ਉਨ੍ਹਾਂ ਨੂੰ ਸੱਦਾ ਦਿੱਤਾ, ਉਸ ਲਈ ਉਹ ਬੇਹੱਦ ਸ਼ੁਕਰਗੁਜ਼ਾਰ ਹਨ ਤੇ ਵੱਡੀ ਗਿਣਤੀ 'ਚ ਦੂਰੋਂ-ਨੇੜੇ ਪਹੁੰਚੇ ਪੰਜਾਬ ਟਾਈਮਜ਼ ਦੇ ਸ਼ੁਭ ਚਿੰਤਕਾਂ ਨੂੰ ਵੇਖ ਕੇ ਉਹ ਇੱਥੇ ਆ ਕੇ ਮਾਣ ਮਹਿਸੂਸ ਕਰ ਰਹੇ ਹਨ।

ਉਘੇ ਨਾਟਕਕਾਰ ਡਾ. ਆਤਮਜੀਤ ਨੇ ਕਿਹਾ ਕਿ 'ਪੰਜਾਬ ਟਾਈਮਜ਼' ਦੀ ਸਾਡੇ ਸਾਰਿਆਂ ਦੇ ਜੀਵਨ ਵਿਚ ਖਾਸ ਥਾਂ ਹੈ। ਉਨ੍ਹਾਂ ਸ. ਅਮੋਲਕ ਸਿੰਘ ਜੰਮੂ ਨਾਲ ਆਪਣੀ ਪਹਿਲੀ ਮਿਲਣੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਦਿਲੋਂ ਸੱਚੇ ਪੱਤਰਕਾਰ

ਪੰਜਾਬ ਤੋਂ ਆਏ ਸ. ਗੁਰਭੇਜ ਸਿੰਘ ਗੁਰਾਇਆ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਪਹਿਲਾਂ ਸ਼ਿਕਾਗੋ ਨੂੰ ਉਹ ਸਿਰਫ ਮਈ ਦਿਵਸ ਕਰਕੇ ਹੀ ਜਾਣਦੇ ਸਨ। ਬਾਅਦ ਵਿਚ ਇੱਥੇ ਕੁਲਦੀਪ ਭੂਰਾ ਤੇ ਹੋਰ ਮਿੱਤਰਾਂ ਨਾਲ ਸਾਂਝ ਪਈ, ਪਰ ਸ. ਅਮੋਲਕ ਸਿੰਘ ਨਾਲ ਸਾਂਝ ਪੁਰਾਣੀ ਹੈ, ਦੋਹਾਂ ਦੇ ਪੁਰਖੇ ਪਾਕਿਸਤਾਨ ਤੋਂ ਆਏ ਸਨ ਤੇ ਦੋਹਾਂ ਦੇ ਪਿੰਡ ਵੀ ਕੋਲ-ਕੋਲ ਸਨ। ਉਨ੍ਹਾਂ ਆਖਿਆ ਕਿ ਸ. ਜੰਮੂ ਨੇ ਪੱਤਰਕਾਰੀ ਰਾਹੀਂ ਵਿਚਾਰਾਂ ਦੀ ਚਿਣਗ ਪੈਦਾ ਕੀਤੀ ਅਤੇ ਉਨ੍ਹਾਂ ਰੂਹ ਦੀ ਪੱਤਰਕਾਰੀ ਕੀਤੀ। ਇਹੀ ਪੱਤਰਕਾਰੀ ਦਾ ਹਾਸਲ ਹੁੰਦਾ ਹੈ, ਕਿ ਉਹ ਪਾਠਕਾਂ ਨੂੰ ਵੀ ਇਹ ਸੋਚਣ ਲਈ ਮਜਬੂਰ ਕਰੇ ਕਿ ਉਹ ਸਮਾਜ ਲਈ ਕੀ ਯੋਗਦਾਨ ਪਾ ਸਕਦੇ ਹਨ। ਉਹ ਪੰਜਾਬ, ਪੰਜਾਬੀਅਤ ਪ੍ਰਤੀ ਸੰਜੀਦਾ ਸਨ ਤੇ ਸੰਜੀਦਗੀ ਹੀ ਪੱਤਰਕਾਰੀ ਦਾ ਸਭ ਤੋਂ ਵੱਡਾ ਹਾਸਲ ਹੈ। ਉਨ੍ਹਾਂ 'ਪੰਜਾਬ ਟਾਈਮਜ਼' ਦੇ ਸ਼ੁਭਚਿੰਤਕਾਂ ਦਾ ਦਿਲੋਂ ਧੰਨਵਾਦ ਕੀਤਾ।

ਕੈਲੇਫੋਰਨੀਆ ਤੋਂ ਆਏ 'ਪੰਜਾਬ ਟਾਈਮਜ਼' ਦੇ ਕਾਲਮ ਨਵੀਸ ਐੱਸ ਅਸ਼ੋਕ ਭੌਰਾ ਨੇ ਹਮੇਸ਼ਾਂ ਵਾਂਗ ਆਪਣੇ ਵੱਖਰੇ ਅੰਦਾਜ਼ ਨਾਲ ਹਾਸੋ-ਹੀਣੀਆਂ ਗੱਲਾਂ ਨਾਲ ਦਰਸ਼ਕਾਂ ਨੂੰ ਲੋਟ-ਪੋਟ ਕੀਤਾ। ਸ. ਜੰਮੂ ਨਾਲ ਆਪਣੀ ਪੁਰਾਣੀ ਸਾਂਝ ਦੀ ਗੱਲ ਕਰਦਿਆਂ ਦੱਸਿਆ ਕਿ ਉਹ ਲਗਾਤਾਰ 14 ਸਾਲ 'ਪੰਜਾਬ ਟਾਈਮਜ਼' ਲਈ ਲਿਖਦੇ ਰਹੇ ਹਨ ਤੇ ਹੁਣ ਵੀ ਜੁੜੇ ਹੋਏ ਹਨ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਅੱਜ-ਕੱਲ੍ਹ ਕਿਸੇ ਨੂੰ ਗੱਲ ਕਹਿਣੀ ਹੋਵੇ ਤਾਂ ਉਹ ਚਿੜੀਆਂ-ਕਾਵਾਂ ਦਾ ਸਹਾਰਾ ਲੈ ਲੈਂਦੇ ਨੇ ਕਿਉਂਕਿ ਕੋਈ ਸੁਣ ਕੇ ਹੀ ਰਾਜ਼ੀ ਨਹੀਂ। ਛੜਿਆਂ ਬਾਰੇ

(ਬਾਕੀ ਸਫਾ 8 'ਤੇ)

# 'ਪੰਜਾਬ ਟਾਈਮਜ਼ ਨਾਈਟ -2026' ਦੀਆਂ ਯਾਦਗਾਰੀ ਤਸਵੀਰਾਂ !















































# ਪੰਜਾਬ ਟਾਈਮਜ਼ ਨਾਈਟ

*(ਸਫਾ 5 ਦੀ ਬਾਕੀ)*

ਉਨ੍ਹਾਂ ਦੀ ਕਵਿਤਾ ਨੇ ਢਿੱਡੀਂ ਪੀੜਾਂ ਪਾ ਦਿੱਤੀਆਂ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਉਘੇ ਗੀਤਕਾਰ, ਗਾਇਕ ਅਤੇ ਅਦਾਕਾਰ ਰਾਜ ਕਾਕੜਾ ਨੇ ਆਪਣੀ ਕਿਤਾਬ 'ਪੈਂਡਾ' ਵਿਚੋਂ ਜਦੋਂ ਸ਼ੇਅਰ ਸੁਣਾਉਣੇ ਸ਼ੁਰੂ ਕੀਤੇ ਤਾਂ ਦਰਸ਼ਕ ਮੰਤਰ-ਮੁਗਧ ਹੋ ਕੇ ਉਨ੍ਹਾਂ ਨੂੰ ਸੁਣ ਰਹੇ ਸਨ। ਪਹਿਲੀ ਵਾਰ ਸੀ ਕਿ ਕਿਸੇ ਬੁਲਾਰੇ ਨੂੰ ਦਰਸ਼ਕ ਇੰਨੇ ਧਿਆਨ ਨਾਲ, ਚੁਪਚਾਪ ਬੈਠ ਕੇ ਸੁਣ ਰਹੇ ਹੋਣ। ਉਨ੍ਹਾਂ ਆਪਣੇ ਜਥੇ ਸਣੇ ਖਾਸ ਤੌਰ 'ਤੇ ਇੰਡੀਅਨਐਪੋਲਿਸ ਤੋਂ ਪਹੁੰਚੇ ਸ. ਗੁਰਬਖਸ਼ ਸਿੰਘ ਰਾਹੀ ਨੇ ਪੰਜਾਬ ਟਾਈਮਜ਼ ਵਿਚ ਪਹੁੰਚੇ ਦਰਸ਼ਕਾਂ ਲਈ ਸਵਾਗਤੀ ਸ਼ਬਦ ਕਹਿ ਕੇ ਸ. ਜੰਮੂ ਦੀ ਨਿਡਰਤਾ ਤੇ ਹਿੰਮਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਵਿਲੱਖਣ ਸ਼ਖਸੀਅਤ ਦਾ ਜ਼ਿਕਰ ਕੀਤਾ। ਉਨ੍ਹਾਂ ਦੀ ਬਦੌਲਤ ਹੀ ਇਹ ਮਿਆਰੀ ਅਖਬਾਰ ਦੁਨੀਆ ਭਰ ਵਿਚ ਪੜ੍ਹਿਆ ਜਾਂਦਾ ਹੈ।

ਇੰਡੀਅਨਐਪੋਲਿਸ ਤੋਂ ਹੀ ਆਏ ਬਲਰਾਜ ਸਿੰਘ ਨੇ ਆਪਣੀ ਕਵਿਤਾ 'ਮੈਂ ਪੰਜਾਬ ਦਾ ਪੁਤਰ







ਹਾਂ' ਨਾਲ ਵਾਹ-ਵਾਹ ਖੱਟੀ। ਉਨ੍ਹਾਂ ਆਖਿਆ ਕਿ 15-20 ਸਾਲ ਪਹਿਲਾਂ ਜਦੋਂ ਉਹ ਨਵੇਂ ਪੰਜਾਬੋਂ ਆਏ ਤਾਂ 'ਪੰਜਾਬ ਟਾਈਮਜ਼' ਇਕਲਾਪਾ ਦੂਰ ਕਰਨ ਦਾ ਇਕੋ ਇਕ ਸਹਾਰਾ ਸੀ, ਅਖਬਾਰ ਪੜ੍ਹ ਕੇ ਇੰਜ ਲੱਗਦਾ ਸੀ, ਜਿਵੇਂ ਸੱਥ ਵਿਚ ਬੈਠ ਕੇ ਪਿੰਡ ਦੀਆਂ ਗੱਲਾਂ ਕਰਦੇ ਹੋਈਏ। ਸਾਰਾ ਹਫਤਾ ਅਖਬਾਰ ਦੀ ਉਡੀਕ ਵਿਚ ਹੀ ਲੰਘ ਜਾਂਦਾ ਸੀ। ਉਨ੍ਹਾਂ ਸ. ਅਮੋਲਕ ਸਿੰਘ ਜੰਮੂ ਦੀ ਸ਼ਾਨ ਵਿਚ ਖੂਬਸੂਰਤ ਸ਼ੇਅਰ ਪੇਸ਼ ਕੀਤਾ। ਚੰਨੀ ਬਰਨਾਲਾ ਨੇ ਆਪਣੇ ਗੀਤਾਂ ਰਾਹੀਂ ਪਰਦੇਸੀਆਂ ਦੀਆਂ ਮਜਬੂਰੀਆਂ ਬਿਆਨ ਕਰਕੇ ਖੂਬ ਤਾੜੀਆਂ ਬਟੋਰੀਆਂ। ਗੁਰਪ੍ਰੀਤ ਆਰਟਿਸਟ ਨੇ ਵੀ ਸੰਬੋਧਨ ਕੀਤਾ।

ਪ੍ਰੋਗਰਾਮ ਨੂੰ ਵੱਖਰਾ ਰੰਗ ਦੇਣ ਤੇ ਮਾਹੌਲ ਨੂੰ ਖੁਸ਼ਗਵਾਰ ਬਣਾਉਣ ਲਈ ਜੱਸੀ ਪਰਮਾਰ ਤੇ ਚਰਨਦੀਪ ਸਿੰਘ (ਬਿੱਲਾ ਚਾਹ ਵਾਲਾ) ਨੇ ਜਿਥੇ ਮਜ਼ਾਹੀਆ ਪੇਸ਼ਕਾਰੀ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ ਉਥੇ ਦਰਸ਼ਕਾਂ ਨੇ ਵੀ ਇਨ੍ਹਾਂ ਕਲਾਕਾਰਾਂ ਦੀ ਤਾਰੀਫ ਦੇ ਪੁਲ ਬੰਨ੍ਹੇ। ਦੋਵਾਂ ਨੇ ਪੰਜਾਬ ਟਾਈਮਜ਼ ਨਾਈਟ ਵਿਚ ਪੁੱਜੀਆਂ ਵੱਖ-ਵੱਖ ਸ਼ਖਸੀਅਤਾਂ ਦੀਆਂ ਨਕਲਾਂ ਲਾ ਕੇ ਤੇ ਨਿੱਕੇ-ਨਿੱਕੇ ਟੋਟਕਿਆਂ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ।

ਇਸ ਮੌਕੇ ਆਏ ਖਾਸ ਮਹਿਮਾਨਾਂ ਅਤੇ ਬੁਲਾਰਿਆਂ ਦੇ ਨਾਲ-ਨਾਲ ਵਿਸ਼ੇਸ਼ ਯੋਗਦਾਨ ਲਈ ਅਮਰਜੀਤ ਢੀਂਡਸਾ, ਲਵ ਮਿਨਹਾਸ ਅਤੇ ਕਮਲ ਸਹੋਤਾ ਦਾ ਵੀ ਸਨਮਾਨ ਕੀਤਾ ਗਿਆ। ਵਿਸ਼ੇਸ਼ ਮਹਿਮਾਨ ਮਨਜੀਤ ਸਿੰਘ ਨਾਗਰਾ ਦੀ ਗੈਰਹਾਜ਼ਰੀ ਰੜਕਦੀ ਰਹੀ। ਜਸ ਟੀਵੀ ਦੇ ਸੰਚਾਲਕ ਜਗਤਾਰ ਸਿੰਘ ਜੱਗੀ ਨੇ ਪ੍ਰੋਗਰਾਮ ਨੂੰ ਲਾਈਵ ਕੀਤਾ।

ਪ੍ਰੋਗਰਾਮ ਦੌਰਨ ਦੋ ਕਿਤਾਬਾਂ ਰਾਜ ਕਾਕੜਾ ਦੀ ਕਿਤਾਬ 'ਪੈਂਡਾ' ਅਤੇ ਡਾ. ਆਤਮਜੀਤ ਦੀ ਕਿਤਾਬ 'ਪੰਜਾਬੀ ਬੋਲੀ' ਵੀ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ।

ਸਟੇਜ ਨੂੰ ਆਪਣੀ ਕਲਾਕਾਰੀ ਨਾਲ ਜੱਸੀ ਪਰਮਾਰ ਅਤੇ ਗੁਰਮੁਖ ਸਿੰਘ ਭੁੱਲਰ ਨੇ ਬਾਖੂਬੀ ਚਲਾਇਆ ਅਤੇ ਸੁਰੇਸ਼ ਬੋਦੀਵਾਲਾ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿਚ ਕੈਦ ਕੀਤਾ। ਕੇ ਕੇ ਪੰਮਾ ਦੇ ਖਾਣੇ ਨੂੰ ਇਸ ਵਾਰ ਸਭ ਨੇ ਸਲਾਹਿਆ। ਕੁਲ ਮਿਲਾ ਕੇ ਪ੍ਰੋਗਰਾਮ ਯਾਦਗਾਰੀ ਬਣ ਗਿਆ।

## ਪੰਜਾਬ ਟਾਈਮਜ਼ ਨਾਈਟ ਦੀਆਂ ਮੁਅਜ਼ਜ ਸ਼ਖ਼ਸੀਅਤਾਂ

*ਸਮਾਗਮ ਵਿਚ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਦਰਸ਼ਨ ਸਿੰਘ ਗਰੇਵਾਲ, ਦਰਸ਼ਨ ਸਿੰਘ ਦਰੜ, ਹਰਜੀਤ ਸਿੰਘ ਸਾਹੀ, ਜਗਦੀਸ਼ਰ ਸਿੰਘ ਕਲੇਰ, ਮਨਦੀਪ ਸਿੰਘ ਭੂਰਾ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਹਰਵਿੰਦਰਪਾਲ ਸਿੰਘ ਲੈਲ, ਭੁਪਿੰਦਰ ਸਿੰਘ ਧਾਲੀਵਾਲ, ਨਵਦੀਪ ਕੌਰ ਸੰਧੂ, ਇਨਕਲਾਬੀ ਥਾਂਦੀ, ਜਸਬੀਰ ਕੌਰ ਢਿਲੋਂ, ਅੰਮ੍ਰਿਤਪਾਲ ਸਿੰਘ ਸੰਘਾ, ਮਨਮਿੰਦਰ ਸਿੰਘ ਹੀਰ, ਜਸਕਰਨ ਸਿੰਘ ਧਾਲੀਵਾਲ ਅਤੇ ਹੈਪੀ ਹੀਰ ਆਪਣੇ ਸਾਥੀਆਂ ਨਾਲ ਪਹੁੰਚੇ ਹੋਏ ਸਨ, ਪਰੰਤੂ ਗੁਲਜ਼ਾਰ ਸਿੰਘ ਮੁਲਤਾਨੀ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਗੁਰਚਰਨ ਸਿੰਘ ਗਰੇਵਾਲ, ਸੁਖਮੇਲ ਸਿੰਘ ਅਟਵਾਲ, ਨਿੱਕੀ ਸੇਖੋਂ, ਸਰਵਣ ਸਿੰਘ ਟਿਵਾਣਾ, ਆਗਿਆਪਾਲ ਸਿੰਘ ਬਾਠ, ਰਘਬੀਰ ਸਿੰਘ ਘੁੰਨ, ਪਰਮਵੀਰ ਸਿੰਘ ਬੈਂਸ, ਅਮਰੀਕ ਸਿੰਘ, ਪਰਮਿੰਦਰ ਸਿੰਘ ਵਾਲੀਆ, ਗੁਰਦੇਵ ਸਿੰਘ ਜੌੜਾ, ਅਮੋਲਕ ਸਿੰਘ ਗਾਖਲ, ਜੱਸੀ ਗਿੱਲ ਅਤੇ ਡਾ. ਤੇਜਿੰਦਰ ਸਿੰਘ ਮੰਡੇਰ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ ਪਰ ਉਨ੍ਹਾਂ ਦੀ ਗੈਰਹਾਜ਼ਰੀ ਰੜਕਦੀ ਰਹੀ।*

*ਇਸ ਸ਼ਾਮ ਦੀਆਂ ਮੁਅਜ਼ਜ ਸ਼ਖ਼ਸੀਅਤਾਂ ਵਿਚ 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਸਮੇਂ ਤੋਂ ਅਜ ਤਕ ਥੰਮ੍ਹ ਵਾਂਗ 'ਪੰਜਾਬ ਟਾਈਮਜ਼' ਨਾਲ ਖੜ੍ਹੇ ਮੇਜਰ ਗੁਰਚਰਨ ਸਿੰਘ ਝੱਜ, ਸੁਖਰਾਜ ਸਿੰਘ, ਠਾਕਰ ਸਿੰਘ ਬਸਾਤੀ, ਅਤੇ ਸੁਰਿੰਦਰ ਸਿੰਘ ਭਾਟੀਆ ਦਾ ਵੀ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ। ਵਰਜੀਨੀਆ ਤੋਂ ਗੁਰਮੇਲ ਕੰਗ ਅਤੇ ਸੁਰਿੰਦਰ ਕੰਗ, ਪਰਾਗ ਇੰਟਰਨੈਸ਼ਨਲ ਦੇ ਮਾਲਕ ਰਵੀ ਕਪੂਰ, ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਸ. ਤਰਲੋਚਨ ਸਿੰਘ ਮੁਲਤਾਨੀ, ਸਾਬਕਾ ਪ੍ਰਧਾਨ ਜੈਰਾਮ ਸਿੰਘ ਕਾਹਲੋਂ, ਸਤਨਾਮ ਸਿੰਘ ਗਿੱਲ, ਸੁਰਿੰਦਰ ਕੌਰ ਸੰਘਾ, ਲੱਕੀ ਸਹੋਤਾ, ਹਰਦੀਪ ਗਿੱਲ, ਨਿੱਕ ਗਾਖਲ, ਹਰਕਿਸ਼ਨ ਸਿੰਘ ਭੱਟੀ, ਗੁਰਮੀਤ ਸਿੰਘ ਬੈਂਸ, ਡਾ. ਧਰਮ ਸਿੰਘ, ਰਣਜੀਤ ਸਿੰਘ, ਹਰਬੀਰਇੰਦਰ ਸਿੰਘ ਵਿਰਕ, ਤਰਲੋਚਨ ਸਿੰਘ ਗਿੱਲ, ਰੋਨੀ ਕੁਲਾਰ, ਇੰਦਰਜੀਤ ਸਿੰਘ, ਡਾ. ਅਮਰਜੀਤ ਸਿੰਘ, ਹਰਿੰਦਰ ਸਿੰਘ, ਸਵੀ ਅਟੱਲ, ਅਮਰਦੇਵ ਸਿੰਘ ਬਦੇਸ਼ਾ, ਕੁਲਦੀਪ ਸਿੰਘ ਸਰਾਂ, ਨਿਰਮਲ ਸਿੰਘ ਸਿੰਘਾ, ਕੰਵਲਜੀਤ ਸਿੰਘ ਵਿਰਦੀ, ਜਗਦੀਸ਼ ਸਿੰਘ ਸੰਧੂ, ਅਮਰੀਕ ਪਾਲ ਸਿੰਘ, ਸੰਤ ਬਲਬੀਰ ਸਿੰਘ, ਸੁਖਰਾਜ ਸਿੰਘ, ਸੁਖਵਿੰਦਰ ਹੁੰਜਨ, ਉਂਕਾਰ ਸਿੰਘ ਸੰਘਾ, ਇਕਬਾਲ ਸਿੰਘ ਚੋਪੜਾ, ਜਗਜੀਤ ਸਿੰਘ ਢੀਂਡਸਾ, ਕੁਲਬੀਰ ਸਿੰਘ ਦਿਓਲ ਅਤੇ ਤ੍ਰਿਪਤਪਾਲ ਕੌਰ, ਜਸਵਿੰਦਰ ਸਿੰਘ ਚੀਮਾ, ਪਰਸ਼ਨ ਸਿੰਘ ਮਾਨ; ਕਾਰ ਸੇਵਾ ਜਥੇ ਦੇ ਸਤਨਾਮ ਸਿੰਘ ਔਲਖ, ਓਂਕਾਰ ਸਿੰਘ ਢਿਲੋਂ, ਗੁਰਬਚਨ ਸਿੰਘ, ਪਾਲ ਧਾਲੀਵਾਲ ਤੇ ਸਾਥੀ ਪਹੁੰਚੇ। ਵ੍ਹੀਟਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਮੋਹਿੰਦਰ ਸਿੰਘ ਜੀ, ਫਾਈਵ ਰਿਵਰਜ਼ ਐਂਟਰਟੇਨਮੈਂਟ ਦੇ-ਡਾ. ਵਿਕਰਮ ਗਿੱਲ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ ਪਰਵਿੰਦਰ ਸਿੰਘ ਨੰਨੂਆ, ਗੁਰਲਾਲ ਸਿੰਘ ਭੱਠਲ, ਬਲਵਿੰਦਰ ਗਿਰਨ, ਪਹੁੰਚੇ ਹੋਏ ਸਨ, ਪਰੰਤੂ ਸਤਿੰਦਰ ਸਿੰਘ ਸੁਸਾਣਾ, ਰਘਵਿੰਦਰ ਸਿੰਘ ਮਾਹਲ, ਜਗਵਿੰਦਰ ਸਿੰਘ ਭੱਠਲ, ਮੱਖਣ ਕਲੇਰ, ਅੱਛਰ ਸਿੰਘ, ਹਰਜਿੰਦਰ ਸਿੰਘ ਸੰਧੂ, ਸਵਰਨ ਸੇਖੋਂ, ਜਗਦੀਸ਼ਰ ਸਿੰਘ ਘੁੰਮਣ, ਸੰਤੋਖ ਸਿੰਘ ਭਟਨੂਰਾ, ਜਸਬੀਰ ਕੌਰ ਮਾਨ ਅਤੇ ਰਵੀ, ਸੁਖਪਾਲ ਗਿੱਲ, ਨਵਤੇਜ ਸਿੰਘ ਸੋਹੀ, ਬਿਕਰਮ ਸਿੰਘ ਸੋਹੀ, ਗੁਰਪ੍ਰੀਤ ਸਿੱਧੂ, ਅੰਮ੍ਰਿਤਪਾਲ ਮਾਂਗਟ, ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀਸੀ, ਜ਼ਰੂਰੀ ਰੁਝੇਵਿਆਂ ਕਰਕੇ ਪਹੁੰਚ ਨਾ ਸਕੇ ਪਰ ਉਨ੍ਹਾਂ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।*

*ਇੰਡੀਆਨਾ ਤੋਂ ਸਤਵਿੰਦਰ ਸੱਤਾ, ਇੰਡੀਅਨਐਪੋਲਿਸ ਤੋਂ ਸ. ਗੁਰਬਖਸ਼ ਸਿੰਘ ਰੰਧਾਵਾ, ਬਲਰਾਜ ਸਿੰਘ, ਗੁਰਪ੍ਰੀਤ ਸਿੰਘ ਮੱਲ੍ਹੀ, ਬਲਦੇਵ ਸਿੰਘ ਥਿੰਦ, ਪਰਮਜੀਤ ਸਿੰਘ ਪੀ ਜੇ, ਗੁਰਪ੍ਰੀਤ ਸਿੰਘ ਬਰਾੜ, ਕੁਲਵਿੰਦਰ ਸਿੰਘ ਮਾਨ, ਮੈਨੀ ਸੰਧੂ, ਕਮਲਦੀਪ ਸਿੰਘ ਬੈਂਸ, ਪਰਮਿੰਦਰ ਸਿੰਘ ਮੱਲ੍ਹੀ, ਚੰਨੀ ਬਰਨਾਲਾ, ਭੁਪਿੰਦਰ ਸਿੰਘ ਸੋਢੀ, ਦਰਸ਼ਨ ਸਿੰਘ ਬਸਰਾਓਂ, ਜੈਪਾਲ ਸਿੰਘ, ਰਿਲਾਇਬਲ ਟਰੱਕ ਟਰੇਲਰ ਰਿਪੇਅਰ, ਦੀਪਕ ਵਰਮਾ, ਹਰਮਨ ਸਿੰਘ ਤੋਂ ਇਲਾਵਾ ਜਸਪ੍ਰੀਤ ਸਿੰਘ ਗੋਲੇਵਾਲ ਅਤੇ ਹਰਜੀਤ ਸਿੰਘ ਬਾਜਵਾ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ। ਟੈਕਸਸ ਤੋਂ ਪਰਵਿੰਦਰ ਵਿਰਕ, ਪ੍ਰੀਤਮ ਸਿੰਘ ਤੂਰ, ਸੁਖਦੇਵ ਸਿੰਘ, ਗੁਲਸ਼ਨ ਸ਼ਰਮਾ, ਸਰਘੀ ਸ਼ਰਮਾ ਅਤੇ ਅੰਮ੍ਰਿਤ ਥਾਂਦੀ; ਕੈਲੀਫੋਰਨੀਆ ਤੋਂ ਦਲਵੀਰ ਸਿੰਘ ਪਨੂੰ, ਮੱਖਣ ਸਿੰਘ ਬੈਂਸ, ਜੱਸੀ ਗਿੱਲ, ਅਮੋਲਕ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਗੁਰਮੀਤ ਸਿੰਘ ਖਾਲਸਾ; ਓਹਾਇਓ ਤੋਂ ਰਸ਼ਪਾਲ ਸਿੰਘ ਸਹੋਤਾ ਅਤੇ ਜਗਪਾਲ ਸਿੰਘ, ਅਰਕਨਸਾਂਸ ਤੋਂ ਹਰਮਨ ਥਿੰਦ, ਵਿਸਕਾਨਸਿਨ ਤੋਂ ਗੁਰਮੁਖ ਸਿੰਘ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਦੇ ਮੈਂਬਰ ਜਰਨੈਲ ਸਿੰਘ ਮਿਆਣੀ, ਹਰਜਿੰਦਰ ਸਿੰਘ ਜਿੰਦੀ, ਪਰਮਿੰਦਰ ਸਿੰਘ ਗੋਲਡੀ ਅਤੇ ਸਾਥੀ ਭਾਵੇਂ ਆਪਣੇ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਨ ਸਕੇ ਪਰ ਉਨ੍ਹਾਂ 'ਪੰਜਾਬ ਟਾਈਮਜ਼' ਦੀ 27ਵੀਂ ਵਰ੍ਹੇਗੰਢ 'ਤੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।*

'ਪੰਜਾਬ ਟਾਈਮਜ਼' ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਉਨ੍ਹਾਂ ਦੀ ਸ਼ਾਇਰੀ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ।

'ਜਸ ਪੰਜਾਬੀ' ਦੇ ਜਗਤਾਰ ਸਿੰਘ ਜੱਗੀ ਨੇ ਆਖਿਆ ਕਿ 'ਪੰਜਾਬ ਟਾਈਮਜ਼ ਨਾਈਟ' ਵਿਚ ਪੁੱਜ ਕੇ ਉਹ ਮਾਣ ਮਹਿਸੂਸ ਕਰ ਰਹੇ ਹਨ। ਐਡਵਾਈਜ਼ਰੀ ਬੋਰਡ ਦੇ ਮੈਂਬਰ ਪਾਲ ਲੈਲ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ 'ਪੰਜਾਬ ਟਾਈਮਜ਼ ਜ਼ਿੰਦਾਬਾਦ' ਦੇ ਨਾਅਰੇ ਲਾਏ।








SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

Domestic fares available
*United Airlines*
*British Airways*

For Emergency Call anytime at
847-436-9010

*Etihad, Air India, KLM, Lufthansa, Delta, Qatar Airlines.*



UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603



(ਸਫ਼ਾ 4 ਦਾ ਬਾਕੀ)

## ਦਲਜੀਤ ਸਿੰਘ ਭੋਲਾ ਤੇ ਤਰੁਨਪ੍ਰੀਤ ਸਿੰਘ ਸੌਂਦ ਨਹੀਂ ਪਹੁੰਚੇ

ਪੇਸ਼ੀ ਦੌਰਾਨ ਸਿੱਖ ਵਿਧਾਇਕਾਂ ਵਿੱਚੋਂ ਦਲਜੀਤ ਸਿੰਘ ਭੋਲਾ ਗਰੇਵਾਲ (ਲੁਧਿਆਣਾ ਪੂਰਬੀ) ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ (ਖੰਨਾ) ਵਿਦੇਸ਼ ਵਿੱਚ ਹੋਣ ਕਾਰਨ ਹਾਜ਼ਰ ਨਹੀਂ ਹੋ ਸਕੇ। ਇਸ ਤੋਂ ਇਲਾਵਾ ਗੈਰ-ਸਿੱਖ ਮੰਤਰੀਆਂ ਅਮਨ ਅਰੋੜਾ, ਬਰਿੰਦਰ ਕੁਮਾਰ ਗੋਇਲ, ਲਾਲ ਚੰਦ ਕਟਾਰੂਚੱਕ ਅਤੇ ਮਹਿੰਦਰ ਭਗਤ ਦੀ ਪੇਸ਼ੀ ਨਹੀਂ ਸੀ, ਸੰਜੀਵ ਅਰੋੜਾ ਵੱਲੋਂ ਵੀ ਕੋਈ ਸਪੱਸ਼ਟੀਕਰਨ ਨਹੀਂ ਪੁੱਜਾ।

## ਨਿਯਮ ਦੀ ਪਾਲਣਾ 'ਤੇ ਵੀ ਉੱਠੇ ਸਵਾਲ

ਜਾਣਕਾਰੀ ਅਨੁਸਾਰ ਵਿਧਾਨ ਸਭਾ ਦੇ ਨਿਯਮ 115 ਤਹਿਤ ਕਿਸੇ ਵੀ ਬਿਲ ਦਾ ਖਰੜਾ ਘੱਟੋ-ਘੱਟ 15 ਦਿਨ ਪਹਿਲਾਂ ਵਿਧਾਇਕਾਂ ਨੂੰ ਉਪਲਬਧ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਪੂਰੀ ਤਿਆਰੀ ਨਾਲ ਚਰਚਾ ਕਰ ਸਕਣ। ਪਰ ਵਿਧਾਇਕਾਂ ਦੇ ਬਿਆਨਾਂ ਤੋਂ ਸਪੱਸ਼ਟ ਹੋਇਆ ਕਿ ਅਮਲ ਵਿੱਚ ਬਿਲ ਅਕਸਰ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਦਿੱਤੇ ਜਾਂਦੇ ਹਨ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇੰਨੇ ਘੱਟ ਸਮੇਂ ਵਿੱਚ ਬਿਲ ਦਾ ਅਧਿਐਨ ਕਰਨਾ ਸੰਭਵ ਨਹੀਂ ਹੁੰਦਾ।

## 'ਹਾਂ ਪੱਖ ਦੀ ਜਿੱਤ, ਨਾਂਹ ਪੱਖ ਦੀ ਹਾਰ' ਤੱਕ ਸੀਮਤ ਹੋ ਰਹੀ ਪ੍ਰਕਿਰਿਆ

ਵਿਧਾਇਕਾਂ ਦੇ ਬਿਆਨਾਂ ਨੇ ਸਪੀਕਰ ਦੀ ਕਾਰਵਾਈ 'ਤੇ ਵੀ ਚਰਚਾ ਛੇੜ ਦਿੱਤੀ ਹੈ। ਦੋਸ਼ ਹੈ ਕਿ ਬਿਲ ਦੀ ਹਰ ਧਾਰਾ 'ਤੇ ਵਿਸਥਾਰ ਨਾਲ ਵਿਚਾਰ ਕਰਨ ਦੀ ਥਾਂ ਮੰਤਰੀ ਵੱਲੋਂ ਬਿਲ ਪੇਸ਼ ਕਰਨ ਤੋਂ ਬਾਅਦ ਸਪੀਕਰ ਵੋਟਿੰਗ ਕਰਵਾਉਂਦੇ ਹੋਏ ''ਹਾਂ ਪੱਖ ਦੀ ਜਿੱਤ, ਨਾਂਹ ਪੱਖ ਦੀ ਹਾਰ, ਬਿਲ ਪਾਸ ਹੋਇਆ'' ਐਲਾਨ ਕਰ ਦਿੰਦੇ ਹਨ। ਇਸ ਕਾਰਨ ਵਿਧਾਇਕਾਂ ਵਿੱਚ ਇਹ ਧਾਰਨਾ ਬਣ ਗਈ ਹੈ ਕਿ ਸਰਕਾਰ ਕੋਲ ਬਹੁਮਤ ਹੋਣ ਕਰਕੇ ਬਿਲ ਹਰ ਹਾਲਤ ਵਿੱਚ ਪਾਸ ਹੋਣਾ ਹੀ ਹੈ। ਸੂਤਰਾਂ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ੀ ਤੋਂ ਬਾਅਦ ਖ਼ਾਸ ਕਰਕੇ ਹੁਕਮਰਾਨ ਧਿਰ ਦੇ ਵਿਧਾਇਕਾਂ ਨੇ ਰਾਹਤ ਮਹਿਸੂਸ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਕਈ ਵਿਧਾਇਕ ਪਹਿਲਾਂ ਹੀ ਇਤਰਾਜ਼ਯੋਗ ਸ਼ਬਦ ਹਟਾਉਣ ਲਈ ਕਾਨੂੰਨ ਵਿੱਚ ਸੋਧ ਦੇ ਹੱਕ ਵਿੱਚ ਸਨ। ਪੰਜ ਸਿੰਘ ਸਾਹਿਬਾਨ ਵੱਲੋਂ ਕੋਈ ਸਖ਼ਤ ਸਜ਼ਾ ਨਾ ਸੁਣਾਏ ਜਾਣ ਕਾਰਨ ਉਨ੍ਹਾਂ ਨੇ ਸੁੱਖ ਦਾ ਸਾਹ ਲਿਆ ਹੈ।

# ਅਰਬਾਂ ਦੇ ਨਿਵੇਸ਼ ਦੇ ਬਾਵਜੂਦ ਫੀਫਾ ਵਿਸ਼ਵ ਕੱਪ 'ਚ ਖਾੜੀ ਦੇਸ਼ ਨਾਕਾਮ

### ਸੀਮਤ ਸਾਧਨਾਂ ਵਾਲੇ ਅਫ਼ਰੀਕੀ ਦੇਸ਼ਾਂ ਨੇ ਲਿਖਿਆ ਨਵਾਂ ਇਤਿਹਾਸ

**ਹਿਊਸਟਨ:** ਫੀਫਾ ਵਿਸ਼ਵ ਕੱਪ 2026 ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਖੇਡਾਂ ਵਿਚ ਸਿਰਫ਼ ਵੱਡਾ ਨਿਵੇਸ਼ ਜਾਂ ਮਹਿੰਗੇ ਸਟਾਰ ਖਿਡਾਰੀ ਸਫਲਤਾ ਦੀ ਗਾਰੰਟੀ ਨਹੀਂ ਹੁੰਦੇ। ਪਿਛਲੇ ਕੁੱਝ ਸਾਲਾਂ ਦੌਰਾਨ ਸਾਊਦੀ ਅਰਬ ਤੇ ਕਤਰ ਵਰਗੇ ਖਾੜੀ ਦੇਸ਼ਾਂ ਨੇ ਫੁੱਟਬਾਲ ਦੇ ਵਿਕਾਸ, ਆਧੁਨਿਕ ਬੁਨਿਆਦੀ ਢਾਂਚੇ ਤੇ ਵਿਸ਼ਵ ਪ੍ਰਸਿੱਧ ਖਿਡਾਰੀਆਂ ਨੂੰ ਆਪਣੀਆਂ ਲੀਗਾਂ ਵਿਚ ਸ਼ਾਮਲ ਕਰਨ ਲਈ ਅਰਬਾਂ ਡਾਲਰ ਖਰਚ ਕੀਤੇ। ਇਸ ਦੇ ਬਾਵਜੂਦ ਵਿਸ਼ਵ ਕੱਪ 'ਚ ਉਨ੍ਹਾਂ ਦਾ ਪ੍ਰਦਰਸ਼ਨ ਉਮੀਦਾਂ 'ਤੇ ਖਰਾ ਨਹੀਂ ਉਤਰਿਆ ਤੇ ਉਹ ਸ਼ੁਰੂਆਤੀ ਦੌਰ 'ਚ ਹੀ ਟੂਰਨਾਮੈਂਟ ਤੋਂ ਬਾਹਰ ਹੋ ਗਏ। ਦੂਜੇ ਪਾਸੇ, ਸੀਮਤ ਆਰਥਿਕ ਸਰੋਤਾਂ ਵਾਲੇ ਅਫ਼ਰੀਕੀ ਦੇਸ਼ਾਂ ਨੇ ਆਪਣੀ ਅਨੁਸ਼ਾਸਿਤ ਖੇਡ, ਟੀਮ ਵਰਕ ਤੇ ਜਜ਼ਬੇ ਦੇ ਦਮ 'ਤੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਇਸ ਵਾਰ ਅਫ਼ਰੀਕੀ ਮਹਾਂਦੀਪ ਦੀਆਂ 10 'ਚੋਂ 9 ਟੀਮਾਂ ਨੇ ਨਾਕਆਊਟ ਦੌਰ ਵਿਚ ਥਾਂ ਬਣਾਕੇ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾਈ। ਜਦਕਿ 2034 ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਹਾਸਲ ਕਰਨ ਵਾਲਾ ਸਾਊਦੀ ਅਰਬ ਇਸ ਟੂਰਨਾਮੈਂਟ ਵਿਚ ਪ੍ਰਭਾਵ ਛੱਡਣ 'ਚ ਅਸਫਲ ਰਿਹਾ ਤੇ ਗਰੁੱਪ ਪੜਾਅ 'ਚ ਹੀ ਬਾਹਰ ਹੋ ਗਿਆ। 2022 ਵਿਸ਼ਵ ਕੱਪ ਦਾ ਮੇਜ਼ਬਾਨ ਕਤਰ ਵੀ ਇਸ ਵਾਰ ਕੋਈ ਖ਼ਾਸ ਪ੍ਰਭਾਵ ਨਹੀਂ ਛੱਡ ਸਕਿਆ। ਈਰਾਨ ਨੇ ਆਪਣੇ ਤਿੰਨੇ ਗਰੁੱਪ ਮੈਚ ਡਰਾਅ ਖੇਡੇ, ਪਰ ਨਾਕਆਊਟ 'ਚ ਪਹੁੰਚਣ ਤੋਂ ਮਾਮੂਲੀ ਅੰਤਰ ਨਾਲ ਰਹਿ ਗਿਆ। 1978 ਤੋਂ ਵਿਸ਼ਵ ਕੱਪ 'ਚ ਹਿੱਸਾ ਲੈ ਰਹੀ ਈਰਾਨੀ ਟੀਮ ਅਜੇ ਤੱਕ ਕਦੇ ਵੀ ਗਰੁੱਪ ਪੜਾਅ ਤੋਂ ਅੱਗੇ ਨਹੀਂ ਵੱਧ ਸਕੀ। ਇਰਾਕ ਵੀ ਲੰਬੇ ਅੰਤਰਾਲ ਤੋਂ ਬਾਅਦ ਵਿਸ਼ਵ ਕੱਪ 'ਚ ਵਾਪਸੀ ਕਰਨ ਦੇ ਬਾਵਜੂਦ ਕੋਈ ਵੱਡੀ ਛਾਪ ਨਹੀਂ ਛੱਡ ਸਕਿਆ। 48 ਟੀਮਾਂ ਵਾਲੇ ਨਵੇਂ ਵਿਸ਼ਵ ਕੱਪ ਫਾਰਮੈਟ 'ਚ ਕੇਪ ਵਰਡੇ ਅਤੇ ਕਾਂਗੋ ਵਰਗੇ ਦੇਸ਼ਾਂ ਨੇ ਆਪਣੇ ਪ੍ਰਦਰਸ਼ਨ ਨਾਲ ਸਾਬਤ ਕਰ ਦਿੱਤਾ ਕਿ ਜਜ਼ਬਾ, ਪ੍ਰਤਿਭਾ ਅਤੇ ਸਹੀ ਯੋਜਨਾਬੰਦੀ ਵੱਡੇ ਬਜਟ ਨਾਲੋਂ ਵੱਧ ਮਹੱਤਵ ਰੱਖਦੇ ਹਨ।



# ਅਮਰੀਕਾ 'ਚ 6.5 ਅਰਬ ਡਾਲਰ ਦਾ ਹੈਲਥ ਕੇਅਰ ਘੁਟਾਲਾ

### 455 ਵਿਅਕਤੀਆਂ ਖ਼ਿਲਾਫ਼ ਦੋਸ਼

**ਨਿਊਯਾਰਕ:** ਅਮਰੀਕਾ ਦੇ ਨਿਆਂ ਵਿਭਾਗ ਨੇ ਦੇਸ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਹੈਲਥ ਕੇਅਰ ਧੋਖਾਧੜੀ ਵਿਰੋਧੀ ਮੁਹਿੰਮ ਚਲਾਉਂਦੇ ਹੋਏ 45 ਰਾਜਾਂ ਤੇ 56 ਫੈਡਰਲ ਜ਼ਿਲ੍ਹਿਆਂ 'ਚ 455 ਵਿਅਕਤੀਆਂ ਖ਼ਿਲਾਫ਼ ਫੌਜਦਾਰੀ ਦੋਸ਼ ਲਗਾਏ ਹਨ। ਇਨ੍ਹਾਂ ਵਿੱਚ ਕਰੀਬ 90 ਡਾਕਟਰ, ਨਰਸ ਪ੍ਰੈਕਟੀਸ਼ਨਰ ਤੇ ਹੋਰ ਲਾਇ- ਸੈਂਸਸ਼ੁਦਾ ਮੈਡੀਕਲ ਪੇਸ਼ੇਵਰ ਸ਼ਾਮਲ ਹਨ। ਨਿਆਂ ਵਿਭਾਗ ਦਾ ਦੋਸ਼ ਹੈ ਕਿ ਇਨ੍ਹਾਂ ਨੇ ਮੈਡੀਕੇਅਰ, ਮੈਡੀਕੇਡ ਅਤੇ ਹੋਰ ਸਰਕਾਰੀ ਸਿਹਤ ਯੋਜਨਾਵਾਂ ਨਾਲ 6.5 ਅਰਬ ਡਾਲਰ ਤੋਂ ਵੱਧ ਦੀ ਕਥਿਤ ਧੋਖਾਧੜੀ ਕੀਤੀ। ਜ਼ਿਕਰਯੋਗ ਹੈ ਕਿ ਇਹ ਸਿਰਫ਼ ਦੋਸ਼ ਹਨ ਤੇ ਅਦਾਲਤ 'ਚ ਸਾਬਤ ਹੋਣ ਤੱਕ ਸਾਰੇ ਮੁਲਜ਼ਮ ਬੇਕਸੂਰ ਮੰਨੇ ਜਾਂਦੇ ਹਨ।



# ਯੂਰਪ 'ਚ ਹੀਟਵੇਵ ਦਾ ਕਹਿਰ ਜਾਰੀ

### ਫਰਾਂਸ 'ਚ ਇਕ ਹਜ਼ਾਰ ਲੋਕਾਂ ਦੀ ਮੌਤ

**ਬਰਲਿਨ:** ਯੂਰਪ ਭਿਆਨਕ ਗਰਮੀ ਦੀ ਲਪੇਟ 'ਚ ਹੈ। ਫਰਾਂਸ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਜ਼ਬਰਦਸਤ ਹੀਟਵੇਵ ਦੌਰਾਨ ਖ਼ਦਸ਼ੇ ਤੋਂ ਇਕ ਹਜ਼ਾਰ ਵੱਖ ਮੌਤਾਂ ਹੋਈਆਂ। ਮਰਨ ਵਾਲਿਆਂ 'ਚ ਜ਼ਿਆਦਾਤਰ ਲੋਕ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਸਨ।

ਦੇਸ਼ ਦੀ ਜਨਤਕ ਸਿਹਤ ਏਜੰਸੀ ਨੇ ਕਿਹਾ ਕਿ ਪਿਛਲੇ ਮਹੀਨਿਆਂ 'ਚ ਦਰਜ ਕੀਤੀਆਂ ਗਈਆਂ ਮੌਤਾਂ ਦੀ ਗਿਣਤੀ ਦੇ ਮੁਕਾਬਲੇ ਲਗਪਗ ਇਕ ਹਜ਼ਾਰ ਵਾਧੂ ਮੌਤਾਂ ਦੇਖੀਆਂ ਗਈਆਂ, ਹਾਲਾਂਕਿ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਅੰਕੜੇ ਸ਼ੁਰੂਆਤੀ ਹਨ ਤੇ ਅਸਲ ਗਿਣਤੀ ਇਸ ਤੋਂ ਵੱਧ ਹੋ ਸਕਦੀ ਹੈ। ਉਥੇ ਹੀ, ਜਰਮਨੀ ਦੇ ਜੰਗਲਾਂ 'ਚ ਅੱਗ ਲੱਗ ਗਈ ਹੈ।

ਜਰਮਨੀ 'ਚ ਪੂਰਬੀ ਸੈਕਸਨੀ ਦੇ ਕੁਬਸ਼ੁਟਜ਼ 'ਚ ਰਾਤ ਦਾ ਤਾਪਮਾਨ ਦਾ ਇਹ ਰਿਕਾਰਡ ਸੈਕਸਨੀ- ਐਨਹਾਲਟ ਦੇ ਮਾਕਰਨ-ਡ੍ਰਿਊਵਿਟਜ਼ 'ਚ ਦਿਨ ਦੇ ਤਾਪਮਾਨ ਦੇ 41.5 ਡਿਗਰੀ ਸੈਲਸੀਅਸ ਦੇ ਰਿਕਾਰਡ ਦੇ ਕੁਝ ਹੀ ਘੰਟਿਆਂ ਬਾਅਦ ਬਣਿਆ।

ਪੂਰਬੀ ਜਰਮਨੀ ਦੇ ਗੋਹਰਿਸ਼ਹਾਈਡ 'ਚ ਜੰਗਲ ਦੇ ਵੱਡੇ ਹਿੱਸੇ 'ਚ ਅੱਗ ਲੱਗ ਗਈ। ਇਸੇ ਤਰ੍ਹਾਂ, ਦੱਖਣ-ਪੱਛਮ 'ਚ ਜਰਮਨੀ 'ਚ ਟ੍ਰਾਇਸੇਨ ਕੋਲ ਅੱਗ ਬੁਝਾਉਣ ਦਾ ਵੱਡਾ ਆਪ੍ਰੇਸ਼ਨ ਚੱਲ ਰਿਹਾ ਸੀ। ਇਥੇ ਬਿਨਾਂ ਫਟੇ ਵਿਸਫੋਟਕ ਮੌਜੂਦ ਸਨ। ਉਨ੍ਹਾਂ 'ਚ ਧਮਾਕੇ ਹੋਣ ਤੋਂ ਬਾਅਦ ਅੱਗ ਬੁਝਾਉਣ ਦਾ ਕੰਮ ਰੋਕਣਾ ਪਿਆ ਤੇ ਵਿਸਫੋਟਕ ਨਕਾਰਾ ਦਸਤੇ ਨੂੰ ਬੁਲਾਇਆ ਗਿਆ। ਗਰਮੀ ਕਾਰਨ ਬਿਮਾਰ ਹੋਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਰਲਿਨ 'ਚ ਸ਼ਨਿਚਰਵਾਰ ਨੂੰ 500 ਵਾਧੂ ਐਂਬੂਲੈਂਸਾਂ ਭੇਜੀਆਂ ਗਈਆਂ, ਜਿਨ੍ਹਾਂ 'ਚ ਜ਼ਿਆਦਾਤਰ ਮਾਮਲੇ ਗਰਮੀ ਨਾਲ ਜੁੜੇ ਸਨ। ਬਰਲਿਨ ਪੁਲਿਸ ਨੇ ਆਮ ਲੋਕਾਂ ਤੇ ਸੈਲਾਨੀਆਂ ਨੂੰ ਗਰਮੀ ਤੋਂ ਰਾਹਤ ਦਿਵਾਉਣ ਲਈ ਅਨੋਖਾ ਤਰੀਕਾ ਅਪਣਾਇਆ। ਉਨ੍ਹਾਂ ਦੋ ਵੱਡੇ ਵਾਟਰ ਕੈਨਨ ਲਗਾਏ। ਕਈ ਹਾਈਵੇਅ ਦੀਆਂ ਸੜਕਾਂ 'ਚ ਤਰੇੜਾਂ ਆ ਗਈਆਂ ਹਨ। ਲੀਪਜ਼ਿਗ 'ਚ ਟਰੈਕ ਤੇ ਸਵਿੱਚ ਨੂੰ ਨੁਕਸਾਨ ਪਹੁੰਚਣ ਕਾਰਨ ਟ੍ਰਾਮ ਦਾ ਸੰਚਾਲਨ ਪ੍ਰਭਾਵਿਤ ਹੋ ਗਿਆ।



# ਬੱਚਿਆਂ ਦੇ ਇੰਟਰਨੈੱਟ ਮੀਡੀਆ ਵਰਤੋਂ 'ਤੇ ਪਾਬੰਦੀ 'ਚ ਅਮਰੀਕਾ ਫਾਡੀ

**ਵਾਸ਼ਿੰਗਟਨ:** ਬੱਚਿਆਂ ਦੇ ਇੰਟਰਨੈੱਟ ਮੀਡੀਆ ਦੇ ਇਸਤੇਮਾਲ 'ਤੇ ਪਾਬੰਦੀਆਂ ਲਗਾਉਣ 'ਚ ਅਮਰੀਕਾ ਦੂਜੇ ਦੇਸ਼ਾਂ ਤੋਂ ਪਿੱਛੇ ਹਨ। ਆਸਟ੍ਰੇਲੀਆ, ਬਰਤਾਨੀਆ, ਤੁਰਕੀਏ, ਇੰਡੋਨੇਸ਼ੀਆ ਤੇ ਹੋਰ ਦੇਸ਼ਾਂ ਨੇ 16 ਜਾਂ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਟਿਕਟਾਕ, ਯੂਟਿਊਬ ਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮ ਇਸਤੇਮਾਲ ਕਰਨ 'ਤੇ ਰੋਕ ਲਗਾ ਦਿੱਤੀ ਹੈ। 2024 ਤੋਂ ਸੈਨੇਟ ਹਰ ਸਾਲ 23 ਜੂਨ ਨੂੰ ਇੰਟਰਨੈੱਟ ਮੀਡੀਆ ਨਾਲ ਹੋਣ ਵਾਲੇ ਨੁਕਸਾਨ ਦੇ ਪੀੜਤਾਂ ਦੀ ਯਾਦ 'ਚ ਦਿਨ ਮਨਾਉਣ ਸਬੰਧੀ ਮਤਾ ਪਾਸ ਕਰਦੀ ਆ ਰਹੀ ਹੈ। ਇਹ ਦਿਨ ਉਨ੍ਹਾਂ ਲੋਕਾਂ ਦੀ ਯਾਦ 'ਚ ਮਨਾਇਆ ਜਾਂਦਾ ਹੈ ਜਿਨ੍ਹਾਂ ਦੀ ਜਾਨ ਡਰੱਗਜ਼ ਲੈਣ, ਖ਼ੁਦਕੁਸ਼ੀ, ਸਾਈਬਰ ਬੁਲਿੰਗ ਤੇ ਖ਼ਤਰਨਾਕ ਇੰਟਰਨੈੱਟ ਮੀਡੀਆ ਚੈਲੇਂਜ ਕਾਰਨ ਚਲੀ ਗਈ।



# ਰੂਸ ਔਖੇ ਦੌਰ 'ਚੋਂ ਲੰਘ ਰਿਹੈ: ਪੁਤਿਨ

**ਮਾਸਕੋ:** ਚਾਰ ਸਾਲਾਂ ਤੋਂ ਚੱਲ ਰਹੀ ਯੂਕਰੇਨ ਜੰਗ ਵਿਚਾਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪਹਿਲੀ ਵਾਰ ਮੰਨਿਆ ਹੈ ਕਿ ਰੂਸ ਮੁਸ਼ਕਲ ਦੌਰ 'ਚੋਂ ਲੰਘ ਰਿਹਾ ਹੈ। ਕਿਹਾ, ਇਸ ਦੌਰ ਨੇ ਦੇਸ਼ ਨੂੰ ਕਈ ਗੱਲਾਂ ਸਿਖਾਈਆਂ ਹਨ। ਪੁਤਿਨ ਸਤੰਬਰ ਤੋਂ ਤਜਵੀਜ਼ਸ਼ੁਦਾ ਆਮ ਚੋਣਾਂ ਤੋਂ ਪਹਿਲਾਂ ਕਰਵਾਈ ਗਈ ਸੱਤਾਧਾਰੀ ਪਾਰਟੀ ਯੂਨਾਈਟਿਡ ਰਸ਼ੀਆ ਪਾਰਟੀ ਦੇ ਸੰਮੇਲਨ 'ਚ ਬੋਲ ਰਹੇ ਸਨ।



ਪੁਤਿਨ ਨੇ ਉਮੀਦ ਪ੍ਰਗਟਾਈ ਕਿ ਪਾਰਟੀ ਅਗਲੀਆਂ ਸੰਸਦੀ ਚੋਣਾਂ 'ਚ ਵੀ ਬਿਹਤਰ ਪ੍ਰਦਰਸ਼ਨ ਕਰਦੀ ਹੋਈ ਦੀ ਸੱਤਾ 'ਚ ਬਣੀ ਰਹੇਗੀ। ਇਸ ਵਿਚਾਲੇ ਯੂਕਰੇਨ ਦੇ ਡ੍ਰੋਨ ਹਮਲਿਆਂ 'ਚ ਰੂਸ ਦੀਆਂ ਦੋ ਹੋਰ ਤੇਲ ਰਿਫਾਈਨਰੀਆਂ ਨੂੰ ਨੁਕਸਾਨ ਪੁੱਜਾ ਹੈ। ਇਨ੍ਹਾਂ ਹਮਲਿਆਂ 'ਚ ਦੋ ਲੋਕ ਮਾਰੇ ਗਏ। ਯੂਕਰੇਨ ਦੇ ਤਾਜ਼ਾ ਹਮਲੇ 'ਚ ਰੂਸ ਦੇ ਕ੍ਰੈਸਨੋਡਰ ਤੇ ਯਾਰੋਸਲਾਵ 'ਚ ਸਥਿਤ ਰਿਫਾਈਨਰੀਆਂ ਨੂੰ ਨੁਕਸਾਨ ਹੋਇਆ ਹੈ। ਦੋਵੇਂ ਰਿਫਾਈਨਰੀਆਂ'ਚ ਅੱਗ ਲੱਗਣ ਦੀ ਸੂਚਨਾ ਹੈ। ਰੂਸ 'ਚ ਤੇਲ ਤੇ ਗੈਸ ਸਪਲਾਈ ਨੂੰ ਲੈ ਕੇ ਪਰੇਸ਼ਾਨੀ ਪੈਦਾ ਹੋ ਗਈ ਹੈ। ਦੂਜੇ ਪਾਸੇ, ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨੇ ਕਿਹਾ ਹੈ ਕਿ ਰੂਸ ਨੂੰ ਕਮਜ਼ੋਰ ਕਰਨ ਲਈ ਅਸੀਂ ਆਪਣੀ ਮੁਹਿੰਮ ਜਾਰੀ ਰੱਖਾਂਗੇ। ਰੂਸ ਜਿੰਨਾ ਜ਼ਿਆਦਾ ਕਮਜ਼ੋਰ ਹੋਵੇਗਾ ਤੇ ਉਸਦੀ ਜੰਗੀ ਸਮਰੱਥਾ ਘੱਟ ਹੋਵੇਗੀ, ਉਨੀ ਹੀ ਜਲਦੀ ਯੂਕਰੇਨ ਜੰਗ ਖ਼ਤਮ ਕਰੇਗਾ ਤੇ ਅਸੀਂ ਰਾਹਤ ਦਾ ਸਾਹ ਲਵਾਂਗੇ।

# ਕਨਟੱਕੀ 'ਚ ਹੜ੍ਹ ਕਾਰਨ 4 ਮੌਤਾਂ

**ਵਾਸ਼ਿੰਗਟਨ:** ਕਨਟੱਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਮੀਂਹ ਤੇ ਹੜ੍ਹ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਤੇ ਹੋਰ ਬਾਰਿਸ਼ ਹੋਣ ਦੇ ਖ਼ਦਸ਼ੇ ਨੂੰ ਦੇਖਦਿਆਂ ਸੂਬੇ 'ਚ ਐਮਰਜੈਂਸੀ ਐਲਾਨ ਦਿੱਤੀ ਹੈ। ਨੈਸ਼ਨਲ ਵੈਦਰ ਸਰਵਿਸ ਮੁਤਾਬਕ, ਭਾਰੀ ਬਾਰਿਸ਼ ਵਿਚਾਲੇ ਸ਼ਨਿਚਰਵਾਰ ਨੂੰ ਕੈਂਟਕੀ ਤੇ ਇੰਡੀਆਨਾ ਦੇ ਕੁਝ ਹਿੱਸਿਆਂ 'ਚ ਫਲੈਸ਼ ਫਲੱਡ ਦੀ ਚਿਤਾਵਨੀ ਜਾਰੀ ਕੀਤੀ ਗਈ ਸੀ। ਏਜੰਸੀ ਨੇ ਦੱਸਿਆ ਕਿ ਦੱਖਣੀ-ਪੱਛਮੀ ਇੰਡੀਆਨਾ ਦੇ ਕੁਝ ਹਿੱਸਿਆਂ 'ਚ ਪਹਿਲਾਂ ਹੀ ਚਾਰ ਤੋਂ 10 ਇੰਚ ਬਾਰਿਸ਼ ਹੋ ਚੁੱਕੀ ਹੈ ਤੇ ਅੱਗੇ ਵੀ ਬਾਰਿਸ਼ ਦਾ ਖ਼ਦਸ਼ਾ ਹੈ। ਬੇਸ਼ੀਅਰ ਦੇ ਦਫ਼ਤਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸੂਬੇ ਦੇ ਕੁਝ ਹਿੱਸਿਆਂ 'ਚ ਦੇਰ ਸ਼ਾਮ ਤੱਕ ਸੱਤ ਇੰਚ ਤੱਕ ਬਾਰਿਸ਼ ਹੋਣ ਦਾ ਖ਼ਦਸ਼ਾ ਸੀ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਕਾਰਨ ਮੈਡਿਸਨ ਕਾਊਂਟੀ 'ਚ ਤਿੰਨ ਤੇ ਜੈਕਸਨ ਕਾਊਂਟੀ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਇਕ ਗੰਭੀਰ ਘਟਨਾ ਹੈ, ਜਿਸ ਨਾਲ ਟੀਮਾਂ ਨੂੰ ਪੂਰੇ ਸੂਬੇ 'ਚ ਗੱਡੀਆਂ ਤੇ ਘਰਾਂ 'ਚੋਂ ਕਈ ਲੋਕਾਂ ਨੂੰ ਪਾਣੀ ਤੋਂ ਸੁਰੱਖਿਅਤ ਕੱਢਣਾ ਪਿਆ। ਕੇਂਟਕੀ ਦੇ ਲੁਇਸਵਿਲੇ ਦੇ ਠੀਕ ਬਾਹਰ ਬੁਲਿਟ ਕਾਊਂਟੀ ਦੇ ਐਮਰਜੈਂਸੀ ਮੈਨੇਜਮੈਂਟ ਅਧਿਕਾਰੀਆਂ ਨੇ ਪੇਂਡੂ ਸੜਕ 'ਤੇ ਰਹਿਣ ਵਾਲੇ ਲੋਕਾਂ ਨੂੰ ਸਾਵਧਾਨੀ ਦੇ ਤੌਰ 'ਤੇ ਇਲਾਕਾ ਖਾਲੀ ਕਰਨ ਲਈ ਕਿਹਾ ਹੈ।



ਪੰਜਾਬ ਟਾਈਮਜ਼

4 ਜੁਲਾਈ, ਸ਼ਨਿਚਰਵਾਰ

## ਵੋਟਾਂ ਦੀ ਸੁਧਾਈ-ਚਿੰਤਾ ਲਿਆਈ

*ਪੰਜਾਬ 'ਚ ਵੋਟਾਂ ਦੀ ਵਿਸ਼ੇਸ਼ ਸੁਧਾਈ ਨਿੱਤ ਨਵੇਂ ਖ਼ਦਸ਼ੇ ਪੈਦਾ ਕਰ ਰਹੀ ਹੈ। ਇਹ ਖਦਸ਼ੇ ਵਿਦੇਸ਼ਾਂ ਜਾਂ ਦੂਸਰੇ ਸੂਬਿਆਂ ਵਿਚ ਵਸਦੇ ਪੰਜਾਬੀਆਂ ਦੀਆਂ ਵੋਟਾਂ ਲਈ ਖਤਰੇ ਦੀ ਘੰਟੀ ਅਤੇ ਚਿੰਤਾ ਦਾ ਵਿਸ਼ਾ ਹੋ ਸਕਦੇ ਹਨ। ਕੁਝ ਸਮਾਂ ਪਹਿਲਾਂ ਦੀਆਂ ਚੋਣਾਂ ਵੇਲੇ ਬਿਹਾਰ 'ਚ 64 ਲੱਖ ਵੋਟਾਂ, ਅਤੇ ਬੰਗਾਲ 'ਚ 27 ਲੱਖ ਵੋਟਾਂ ਕੱਟ ਦਿੱਤੀਆਂ ਗਈਆਂ। ਪੰਜਾਬ 'ਚ ਵੀ ਵੋਟਾਂ ਕੱਟਣ ਦਾ ਅਮਲ ਇਸੇ ਤਰ੍ਹਾਂ ਹੋਣ ਦਾ ਖਦਸ਼ਾ ਹੈ। ਨਿਯਮਾਂ ਅਨੁਸਾਰ ਨਾਗਰਿਕਤਾ ਤੈਅ ਕਰਨ ਵਾਸਤੇ 12 ਦਸਤਾਵੇਜ਼ਾਂ ਦੀ ਸੂਚੀ ਮੁਤਾਬਕ ਕੇਂਦਰ/ਰਾਜ ਸਰਕਾਰ/ਅਰਧ-ਸਰਕਾਰੀ ਅਦਾਰੇ ਵੱਲੋਂ ਜਾਰੀ ਪਛਾਣ ਪੱਤਰ/ਪੈਨਸ਼ਨ ਅਦਾਇਗੀ ਪੱਤਰ, ਭਾਰਤ ਵਿਚ ਸਰਕਾਰ/ਮਿਉਂਸਪਲ ਕਮੇਟੀ/ਬੈਂਕਾਂ/ਡਾਕਖਾਨਾ/ਜੀਵਨ ਬੀਮਾ/ਅਰਧ-ਸਰਕਾਰੀ ਅਦਾਰੇ ਵੱਲੋਂ 1.07.1987 ਤੋਂ ਪਹਿਲਾਂ ਦਾ ਜਾਰੀ ਕੀਤਾ ਪਛਾਣ ਪੱਤਰ/ ਸਰਟੀਫਿਕੇਟ/ ਦਸਤਾਵੇਜ਼, ਸਮਰੱਥ ਅਧਿਕਾਰੀ ਵੱਲੋਂ ਜਾਰੀ ਜਨਮ ਸਰਟੀਫਿਕੇਟ, ਪਾਸਪੋਰਟ, ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਵੱਲੋਂ ਜਾਰੀ ਦਸਵੀਂ/ਸਿੱਖਿਆ ਸਰਟੀਫਿਕੇਟ, ਰਾਜ ਸਰਕਾਰ ਦੇ ਸਮਰੱਥ ਅਧਿਕਾਰੀ ਵੱਲੋਂ ਜਾਰੀ ਪੱਕਾ ਬਾਸ਼ਿੰਦਾ ਹੋਣ ਦਾ ਸਰਟੀਫਿਕੇਟ, ਜੰਗਲਾਤ ਅਧਿਕਾਰ ਸਰਟੀਫਿਕੇਟ, ਸਮਰੱਥ ਅਧਿਕਾਰੀ ਵੱਲੋਂ ਜਾਰੀ ਹੋਰ ਪਛੜੀਆਂ ਸ਼੍ਰੇਣੀਆਂ/ਅਨੁਸੂਚਿਤ ਜਾਤੀ/ਕਬੀਲਾ ਸਰਟੀਫਿਕੇਟ, ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ (ਜਿੱਥੇ ਕਿਤੇ ਬਣਿਆ ਹੋਵੇ), ਸਰਕਾਰੀ ਕਰਮਚਾਰੀਆਂ ਵੱਲੋਂ ਕਿਸੇ ਵੀ ਕਾਨੂੰਨ/ ਪ੍ਰਸ਼ਾਸਨਿਕ ਨਿਯਮ ਤਹਿਤ ਬਣਾਇਆ ਰਜਿਸਟਰ, ਸਰਾਕਰ ਵੱਲੋਂ ਜਾਰੀ ਮਕਾਨ/ਜ਼ਮੀਨ ਅਲਾਟਮੈਂਟ ਸਰਟੀਫਿਕੇਟ ਅਤੇ ਆਧਾਰ ਕਾਰਡ ਕਮਿਸ਼ਨ ਦੇ 9.9.2025 ਦੇ ਪੱਤਰ ਅਨੁਸਾਰ ਹੈ। ਹੁਣ ਕਮਿਸ਼ਨ ਨੇ ਇਹ ਲਿਖ ਦਿੱਤਾ ਹੈ ਕਿ ਇਹ ਸੂਚੀ ਮੁਕੰਮਲ ਨਹੀਂ।*

*ਨਵੇਂ ਫੁਰਮਾਨ ਅਨੁਸਾਰ ਪਾਸਪੋਰਟ ਕੇਵਲ ਯਾਤਰਾ ਦਸਤਾਵੇਜ਼ ਹੈ।*

*ਗਣਨਾ ਫਾਰਮ ਭਰੇ ਜਾ ਰਹੇ ਹਨ। ਘਰ ਦਾ ਕੋਈ ਵੀ ਜੀਅ ਬਾਕੀ ਸਾਰਿਆਂ ਦੇ ਫਾਰਮ ਭਰ ਕੇ ਆਪਣੇ ਦਸਤਖ਼ਤ ਕਰਕੇ ਆਪਣਾ ਉਸ ਨਾਲ ਸੰਬੰਧ ਦਰਜ ਕਰਕੇ ਜਮ੍ਹਾਂ ਕਰਵਾ ਸਕਦਾ ਹੈ। ਆਪਣੇ ਸਾਰੇ ਜੀਆਂ ਦਾ ਜੇਕਰ ਉਹ ਕਿਤੇ ਗਏ ਵੀ ਹਨ, ਆਪਣੇ ਦਸਤਖ਼ਤਾਂ ਨਾਲ ਫਾਰਮ ਜਮ੍ਹਾਂ ਕਰਵਾਉਣ ਦਾ ਅਧਿਕਾਰ ਵਰਤਣਾ ਚਾਹੀਦਾ ਹੈ। ਜਿਹੜੇ ਪੰਜਾਬੀ ਮਕਾਨ/ਪਿੰਡ/ਸ਼ਹਿਰ ਬਦਲ ਗਏ, ਜਿਹੜੇ ਲੋਕ ਪਿੰਡਾਂ 'ਚੋਂ ਸ਼ਹਿਰਾਂ 'ਚ ਚਲੇ ਗਏ ਜਾਂ ਪਿੰਡਾਂ/ਸ਼ਹਿਰਾਂ 'ਚ ਮਕਾਨ ਕਿਰਾਏ ਦਾ ਹੋਣ ਕਰਕੇ ਜਾਂ ਪਰਿਵਾਰ ਵੱਖਰੇ ਹੋਣ ਕਰਕੇ/ ਕਿਸੇ ਕਾਰਨ ਕਿਸੇ ਹੋਰ ਵਾਰਡ/ਮੁਹੱਲਾ/ ਬਸਤੀ/ ਅਗਵਾੜ/ਪੱਤੀ 'ਚ ਚਲੇ ਗਏ ਜਾਂ ਪਿੰਡ 'ਚੋਂ ਦੂਜੇ ਪਿੰਡ 'ਚ ਚਲੇ ਗਏ ਜਾਂ ਜਿਹੜੀਆਂ ਲੜਕੀਆਂ ਵਿਆਹ ਕੇ ਚਲੀਆਂ ਗਈਆਂ, ਜੇ 2024 ਵਾਲੀ ਵੋਟਰ ਸੂਚੀ 'ਚ ਉਨ੍ਹਾਂ ਦਾ ਪਤਾ ਠੀਕ ਮੌਜੂਦਾ ਵਾਲਾ ਹੈ ਤਾਂ ਉਹ ਕੇਵਲ 2003 ਵਾਲੀ ਸੂਚੀ ਦਾ ਆਪਣਾ ਜਾਂ ਆਪਣੇ ਮਾਪਿਆਂ ਦਾ ਹਵਾਲਾ ਦੇਣ ਲਈ ਦਰਸਾਇਆ ਹੈ, ਉਨ੍ਹਾਂ ਦੀ ਵੋਟ ਨਹੀਂ ਕੱਟ ਸਕਦੀ।*

*ਜੇ ਨਵਾਂ ਪਤਾ ਨਹੀਂ ਤਾਂ ਉਹ ਜੇ ਵਿਧਾਨ ਸਭਾ ਹਲਕਾ ਬਦਲਣ/ਨਾ-ਬਦਲਣ ਲਈ ਫਾਰਮ ਨੰਬਰ 8/8ਏ ਭਰ ਕੇ, ਵੋਟਰ ਰਜਿਸਟ੍ਰੇਸ਼ਨ ਨਿਯਮ 1960 ਦੇ ਨਿਯਮ 13(3) ਅਤੇ 26 ਤਹਿਤ ਮਿਲੇ ਹੱਕ ਨੂੰ ਵਰਤ ਕੇ ਪਤਾ ਬਦਲਵਾਉਣ। ਜੇਕਰ ਉਨ੍ਹਾਂ ਦਾ ਨਾਮ 2003 ਦੀ ਸੂਚੀ 'ਚ ਹੈ ਤਾਂ ਸੀ.ਈ.ਓ. ਪੰਜਾਬ ਗੂਗਲ 'ਤੇ ਪਾ ਕੇ ਐੱਸ.ਆਈ.ਆਰ. 2026 ਖੋਲ੍ਹ ਕੇ 2003 ਦੀ ਸੂਚੀ 'ਚ ਆਪਣਾ ਵਿਧਾਨ ਸਭਾ ਹਲਕਾ ਭਰ ਕੇ ਆਪਣਾ ਬੂਥ ਨੰਬਰ ਖੋਲ੍ਹ ਕੇ ਆਪਣਾ ਤੇ ਆਪਣੇ ਘਰ ਦੇ ਜੀਆਂ ਦਾ ਨਾਮ ਲੱਭ ਲੈਣ ਜਾਂ ਜੇ ਉਹ ਪਹਿਲੀ ਜੁਲਾਈ 1987 ਤੋਂ ਬਾਅਦ 2 ਦਸੰਬਰ 2004 ਤੱਕ ਜਨਮੇ ਹਨ ਤਾਂ ਜੋ ਉਨ੍ਹਾਂ ਦੇ ਮਾਪਿਆਂ 'ਚੋ ਇਕ ਦਾ ਨਾਮ 2003 ਦੀ ਸੂਚੀ 'ਚ ਦਰਜ ਹੈ, ਉਹ ਦਰਸਾ ਸਕਦੇ ਹਨ। ਇਸ ਤੋਂ ਇਲਾਵਾ ਜੇ ਉਹ 2 ਦਸੰਬਰ 2004 ਤੋਂ ਬਾਅਦ ਜਨਮੇ ਹਨ ਤਾਂ ਉਨ੍ਹਾਂ ਦੇ ਮਾਂ-ਪਿਉ ਦੋਹਾਂ ਦਾ ਨਾਮ 2003 ਦੀ ਸੂਚੀ 'ਚ ਜੇ ਦਰਜ ਹੈ ਤਾਂ ਉਨ੍ਹਾਂ ਦਾ ਨਾਮ ਨਹੀਂ ਕੱਟ ਸਕਦੇ। ਬਲਕਿ ਉਨ੍ਹਾਂ ਨੂੰ ਇਹ ਕਿਹਾ ਜਾਵੇ ਕਿ ਫਾਰਮ 8/8 ਏ ਤੁਹਾਨੂੰ ਦਿੱਤਾ ਜਾਵੇ ਅਤੇ ਭਰਵਾਇਆ ਜਾਵੇ, ਨਵੀਂ ਜਗ੍ਹਾ 'ਤੇ ਤੁਹਾਡੀ ਵੋਟ ਚਲੀ ਜਾਵੇਗੀ। ਜੇਕਰ ਤੁਸੀਂ ਐੱਨ.ਆਰ.ਆਈ. ਹੋ ਅਤੇ ਕਿਸੇ ਹੋਰ ਦੇਸ਼ ਦੇ ਨਾਗਰਿਕ ਨਹੀਂ ਹੋ ਤਾਂ ਤੁਸੀਂ ਆਪਣੇ ਪਹਿਲਾਂ ਵਾਲੇ ਹਲਕੇ 'ਚ ਪੁਰਾਣੇ ਪਤੇ 'ਤੇ ਹੀ ਸਮੁੰਦਰੋਂ ਪਾਰ (ਓਵਰ ਸੀਜ਼ ਵੋਟਰ) ਦੀ ਵੰਨਗੀ 'ਚ ਫਾਰਮ 6-ਏ ਭਰ ਕੇ ਵੋਟ ਬਣਵਾ ਸਕਦੇ ਹੋ ਅਤੇ ਆਨਲਾਈਨ ਬਾਹਰੋਂ ਹੀ ਵੋਟ ਪਾ ਸਕਦੇ ਹੋ। ਜੇਕਰ ਕਿਸੇ ਵੀ ਗ਼ਲਤੀ ਨਾਲ ਕਿਸੇ ਦਾ ਨਾਮ ਕੱਟ ਜਾਂਦਾ ਹੈ ਤਾਂ ਵੋਟਰ ਰਜਿਸਟ੍ਰੇਸ਼ਨ ਨਿਯਮ 1960 ਦੇ ਨਿਯਮ 21 ਤਹਿਤ ਜ਼ਰੂਰੀ ਹੈ ਕਿ ਸਥਾਨਕ ਚੋਣ ਅਧਿਕਾਰੀ ਅਜਿਹੇ ਕੱਟੇ ਨਾਮਾਂ ਦੀ ਸੂਚੀ ਜਾਰੀ ਕਰੇ ਅਤੇ ਅਜਿਹੇ ਲੋਕਾਂ ਨੂੰ ਇੱਕ ਥਾਂ ਇਕੱਠੇ ਕਰਕੇ ਗੱਲ ਸੁਣ ਕੇ ਲੋੜੀਂਦੇ ਦਸਤਾਵੇਜ਼ ਵੇਖ ਕੇ ਨਿਪਟਾਰੇ ਕਰ ਦੇਵੇ ਅਤੇ ਬਣਦੇ ਨਾਮ ਵੋਟਰ ਸੂਚੀ ਵਿਚ ਦਰਜ ਕਰ ਦੇਵੇ, ਕੋਈ ਹੋਰ ਫਾਰਮ ਭਰਨ ਦੀ ਲੋੜ ਨਹੀਂ।*

*ਆਪਣੇ ਅਧਿਕਾਰ ਪ੍ਰਤੀ ਸੁਚੇਤ ਹੋ ਕੇ ਹੀ ਤੁਸੀਂ ਆਪਣੀ ਵੋਟ ਬਚਾ ਸਕੋਗੇ। ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੂੰ ਵਧੇਰੇ ਚੇਤੰਨ ਹੋਣ ਦੀ ਲੋੜ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗੱਡੀ ਜੈਕ 'ਤੇ

*ਸਿੱਧੇ ਰਾਹ ਵੱਲ ਕਦਮ ਨਹੀਂ ਪੁੱਟਦਾ ਏ, ਕਰ ਮਨਮਰਜ਼ੀਆਂ ਔਝੜੇ ਪਈ ਜਾਂਦਾ।*
*ਵਰ੍ਹੇ ਬੀਤ ਗਏ 'ਕੁਰਸੀ' ਤੋਂ ਦੂਰ ਹੋਇਆਂ, 'ਰਾਜ' ਵਾਲ਼ੀਆਂ ਫੀਲਿੰਗਾਂ ਲਈ ਜਾਂਦਾ।*
*ਚੰਗਾ ਅਕਸ ਬਣਾਉਣ ਲਈ ਤੜਫਦਾ ਏ, ਲੋਕ-ਮਨਾਂ 'ਚੋਂ ਦਿਨੋ ਦਿਨ ਢਈ ਜਾਂਦਾ।*
*ਕਿੱਲ੍ਹ ਕਿੱਲ੍ਹ ਕੇ ਮਾਈਕ 'ਤੇ ਬੋਲਦਾ ਐ, ਭਗਵੰਤ ਮਾਨਾਂ ਕਹਿਕੇ ਲਈ ਝਈ ਜਾਂਦਾ।*
*'ਪੰਜੇ-ਕਮਲ' ਵਿਰੁੱਧ ਘੱਟ ਬੋਲਦਾ ਏ, ਝਾੜੂ ਵਾਲ਼ਿਆਂ ਨਾਲ਼ ਹੀ ਖਈ ਜਾਂਦਾ।*
*ਗੱਡੀ 'ਜੈਕ' 'ਤੇ ਖੜ੍ਹੀ 'ਭਰਦਾਨ' ਦੀ ਏ, ਬਹਿ ਕੇ ਸੀਟ 'ਤੇ ਰੇਸ ਹੀ ਦਈ ਜਾਂਦਾ!*

# ਕੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ?

ਦੇਸ਼ ਵਿਚ ਐਮਰਜੈਂਸੀ ਦੀ 51ਵੀਂ ਵਰ੍ਹੇਗੰਢ ਮੌਕੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ 'ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ 'ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ?



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿਚ ਆਈ ਇੱਕ ਅਜਿਹੀ ਲਹਿਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਬਿੱਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ-ਸਿੱਧੀ ਦਾ ਨਤੀਜਾ ਨਹੀਂ ਹੈ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ।

ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਅਤੇ ਪ੍ਰੈੱਸ 'ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਸਭ ਤੋਂ ਵੱਡੇ ਪੱਧਰ 'ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ, ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਨ੍ਹਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ 'ਚ ਰੋਲ ਕੇ ਰੱਖ ਦਿੱਤਾ ਹੈ!

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ ਜਿਨ੍ਹਾਂ 'ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ:

ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ (ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ 'ਅਨੰਦਪੁਰ ਸਾਹਿਬ ਦਾ ਮਤਾ' ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਹ ਪਾਰਟੀ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿਚ ਇਨ੍ਹਾਂ ਮੁੱਦਿਆਂ 'ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ 'ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਕੀ ਅੱਜ ਅਕਾਲੀ ਦਲ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਿਹਾ ਹੈ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ, ਤਾਂ ਇਸ 'ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ' ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ ਤਾਂ ਜੋ ਮੌਜੂਦਾ 'ਆਪ' ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤਰੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ? ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅੱਜ ਦੀ ਰਾਜਨੀਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਨੇਤਾ ਲੋਕ ਆਪਣੀ ਨੈਤਿਕਤਾ ਗੁਆ ਚੁੱਕੇ ਹਨ। ਅਸਲ ਮਾਇਨਿਆਂ ਵਿਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਪਰ ਹੁਣ ਸਮਾਂ ਬਦਲ ਚੁੱਕਾ ਹੈ। ਅੱਜ ਸਿਧਾਂਤ ਅਤੇ ਵਫ਼ਾਦਾਰੀ ਮਹਿਜ਼ ਕਿਤਾਬੀ ਗੱਲਾਂ ਰਹਿ ਗਈਆਂ ਹਨ। ਅਕਾਲੀ ਦਲ ਵੀ ਇਸ ਦੁਖਾਂਤ ਦਾ ਸ਼ਿਕਾਰ ਹੈ!

ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿਚ ਅੱਜ 'ਆਇਆ ਰਾਮ, ਗਿਆ ਰਾਮ' ਦੀ ਇਹ ਸਿਆਸਤ ਸਿਖਰਾਂ 'ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ 'ਤੋਂ ਭਰੋਸਾ ਹੀ ਉਠਾ ਦਿੱਤਾ ਹੈ, ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ 'ਤੋਂ ਅਛੂਤਾ ਨਹੀਂ ਰਿਹਾ।

ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ 'ਤੇ ਚਲੇ ਗਏ ਹਨ। ਪੰਜਾਬ ਵਿਚ ਬੇਰੋਜ਼ਗਾਰੀ ਬਹੁਤ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪਸ਼ਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿਚ ਹੈ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿਚ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜ਼ਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼- ਪੰਜਾਬ ਨੇ ਹਮੇਸ਼ਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ ਜੋ ਬਿਨਾਂ ਕਿਸੇ ਡਰ ਦੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ, ਜੋ ਪੰਜਾਬ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਹੁਣ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚੱਹਿਰੀ ਵਿਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ 'ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ?

ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸ਼ਾਂ ਤੋਂ ਉੱਪਰ ਉੱਠ ਕੇ, ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ 'ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜ਼ਗਾਰ ਅਤੇ ਅਨੰਦਪੁਰ ਸਾਹਿਬ ਦੇ ਮਤੇ' ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿਚ ਨਿੱਤਰਨਾ ਪਵੇਗਾ। ਜੇਕਰ ਲੀਡਰਸ਼ਿਪ ਹੁਣ ਵੀ ਨਾ ਸੰਭਲੀ, ਨੈਤਿਕਤਾ ਨੂੰ ਵਿਸਾਰ ਕੇ ਸਿਰਫ਼ ਕੁਰਸੀ ਪਿੱਛੇ ਭੱਜਦੀ ਰਹੀ ਅਤੇ ਧਾਰਮਿਕ ਆੜ ਹੇਠ ਨਕਾਰਾਤਮਕ ਸਿਆਸਤ ਕਰਦੀ ਰਹੀ, ਤਾਂ ਪੰਜਾਬੀ ਲੋਕ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੂੰ ਕਦੇ ਮੁਆਫ਼ ਨਹੀਂ ਕਰਨਗੇ।

# ਗਾਜ਼ਾ ਨਸਲਕੁਸ਼ੀ ਵਿਚ ਵੱਡੀਆਂ ਟੈੱਕ ਕੰਪਨੀਆਂ ਦੀ ਹਿੱਸੇਦਾਰੀ

ਬੂਟਾ ਸਿੰਘ ਮਹਿਮੂਦਪੁਰ

14 ਜੂਨ ਨੂੰ 100 ਤੋਂ ਵੱਧ ਵਿਦਿਆਰਥੀਆਂ ਨੇ ਸਟੈਨਫੋਰਡ ਵਿਖੇ ਗੂਗਲ ਸੀ.ਈ.ਓ. ਸੁੰਦਰ ਪਿਚਾਈ ਦੇ ਭਾਸ਼ਣ ਦੌਰਾਨ ਵਾਕ-ਆਊਟ ਕਰਕੇ ਵਿਰੋਧ ਪ੍ਰਗਟ ਕੀਤਾ। ਇਹ ਵਿਰੋਧ-ਪ੍ਰਦਰਸ਼ਨ ਅਕਤੂਬਰ 2023 ਤੋਂ ਲੈ ਕੇ ਇਜ਼ਰਾਈਲ ਵੱਲੋਂ ਗਾਜ਼ਾ 'ਚ ਜੋ ਵਿਆਪਕ ਨਸਲਕੁਸ਼ੀ ਕੀਤੀ ਜਾ ਰਹੀ ਹੈ, ਉਸ ਵਿਚ ਡਿਜੀਟਲ ਟੈੱਕ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਮੱਦਦ ਦਾ ਸ਼ਾਂਤੀਪਸੰਦ ਲੋਕਾਂ ਵੱਲੋਂ ਗੰਭੀਰ ਨੋਟਿਸ ਲਏ ਜਾਣ ਦਾ ਹਿੱਸਾ ਸੀ। ਪਿਛਲੇ ਢਾਈ ਸਾਲਾਂ ਦੌਰਾਨ, ਇਜ਼ਰਾਈਲ ਨੇ ਗਾਜ਼ਾ ਉੱਤੇ ਅੱਜ ਤੱਕ ਦੇ ਆਪਣੇ ਸਭ ਤੋਂ ਕਰੂਰ ਹਮਲੇ ਨੂੰ ਅੰਜਾਮ ਦੇਣ ਲਈ ਕਲਾਊਡ ਕੰਪਿਊਟਿੰਗ ਪ੍ਰਣਾਲੀਆਂ ਅਤੇ ਮਸਨੂਈ ਬੁੱਧੀ (ਏ.ਆਈ.) ਪ੍ਰੋਗਰਾਮਾਂ ਦੀ ਮੱਦਦ ਲਈ ਹੈ। ਇਸ ਹਮਲੇ ਨੂੰ ਦੁਨੀਆ ਦਾ ਪਹਿਲਾ 'ਏਆਈ-ਸੰਚਾਲਿਤ ਕਤਲੇਆਮ' ਮੰਨਿਆ ਗਿਆ ਹੈ। ਇਸ ਦੌਰਾਨ 72,000 ਤੋਂ ਵੱਧ ਫ਼ਲਸਤੀਨੀ ਮਾਰੇ ਗਏ ਹਨ, 1,72,000 ਤੋਂ ਵੱਧ ਜ਼ਖ਼ਮੀ ਹੋਏ ਹਨ, ਅਤੇ ਤਕਰੀਬਨ ਪੂਰੀ ਆਬਾਦੀ ਉਜਾੜ ਦਿੱਤੀ ਗਈ ਹੈ ਅਤੇ ਵਾਰ-ਵਾਰ ਉਜਾੜੀ ਗਈ ਹੈ। ਇਜ਼ਰਾਇਲੀ ਹਮਲਿਆਂ ਨੇ ਹਸਪਤਾਲਾਂ, ਰਿਹਾਇਸ਼ੀ ਇਮਾਰਤਾਂ ਅਤੇ ਸ਼ਰਨਾਰਥੀ ਕੈਂਪਾਂ ਸਮੇਤ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਮਲ਼ਬੇ ਦੇ ਢੇਰ ਬਣਾ ਦਿੱਤਾ ਹੈ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਨੇ ਵਾਰ-ਵਾਰ ਮਨੁੱਖੀ ਤਬਾਹੀ ਦੀ ਚੇਤਾਵਨੀ ਦਿੱਤੀ ਹੈ। ਦੱਖਣੀ ਅਫ਼ਰੀਕਾ ਵੱਲੋਂ ਦਾਇਰ ਨਸਲਕੁਸ਼ੀ ਦੇ ਮਾਮਲੇ ਵਿਚ ਅੰਤਰਰਾਸ਼ਟਰੀ ਅਦਾਲਤ ਨੇ ਇਜ਼ਰਾਈਲ ਵਿਰੁੱਧ ਅਸਥਾਈ ਉਪਾਵਾਂ ਦੇ ਹੁਕਮ ਵੀ ਜਾਰੀ ਕੀਤੇ ਹਨ। ਕਥਿਤ 'ਜੰਗਬੰਦੀ' ਦੇ ਐਲਾਨ ਤੋਂ ਬਾਅਦ ਵੀ ਨੇਤਨਯਾਹੂ ਅਮਰੀਕੀ ਸਾਮਰਾਜਵਾਦੀ ਹੁਕਮਰਾਨਾਂ ਦੀ ਮਿਲੀਭੁਗਤ ਅਤੇ ਸ਼ਹਿ ਨਾਲ ਕਤਲੇਆਮ ਤੇ ਤਬਾਹੀ ਬੰਦ ਨਹੀਂ ਕਰ ਰਿਹਾ ਅਤੇ ਗਾਜ਼ਾ ਵਿਚ ਜੀਵਨ-ਰੱਖਿਅਕ ਮਨੁੱਖੀ ਸਹਾਇਤਾ ਪਹੁੰਚਣ ਵਿਚ ਲਗਾਤਾਰ ਅੜਿੱਕੇ ਪਾ ਰਿਹਾ ਹੈ।

ਇਸ ਕਤਲੇਆਮ ਦੇ ਹਵਾਲੇ ਨਾਲ ਪ੍ਰੋਜੈਕਟ ਨਿੰਬਸ ਅੰਤਰਰਾਸ਼ਟਰੀ ਆਲੋਚਨਾ, ਕੰਪਨੀਆਂ ਦੇ ਅੰਦਰ ਮੁਲਾਜ਼ਮਾਂ ਦੇ ਵਿਰੋਧ ਅਤੇ ਤਕਨਾਲੋਜੀ ਕੰਪਨੀਆਂ ਦੀ ਨੈਤਿਕ ਜ਼ਿੰਮੇਵਾਰੀ ਬਾਰੇ ਚੱਲ ਰਹੀ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਸਿਲੀਕਾਨ ਵੈਲੀ ਅਤੇ ਜੰਗਬਾਜ਼ ਫ਼ੌਜੀ ਤਾਕਤ ਦਾ ਅੱਜ ਜਿੰਨਾ ਗੂੜ੍ਹਾ ਰਿਸ਼ਤਾ ਹੈ, ਸ਼ਾਇਦ ਪਹਿਲਾਂ ਕਦੇ ਵੀ ਨਹੀਂ ਰਿਹਾ। ਆਰਟੀਫਿਸ਼ੀਅਲ ਇੰਟੈਲੀਜੈਂਸ, ਕਲਾਊਡ ਕੰਪਿਊਟਿੰਗ, ਚਿਹਰਾ ਪਛਾਣ ਟੈਕਨਾਲੋਜੀ ਅਤੇ ਬਿਗ ਡੇਟਾ ਹੁਣ ਟੈਂਕਾਂ, ਲੜਾਕੂ ਜਹਾਜ਼ਾਂ ਅਤੇ ਮਿਜ਼ਾਈਲਾਂ ਜਿੰਨਾ ਹੀ ਯੁੱਧਨੀਤਕ ਮਹੱਤਵ ਅਖ਼ਤਿਆਰ ਕਰ ਗਏ ਹਨ। ਪ੍ਰੋਜੈਕਟ ਨਿੰਬਸ ਇਸੇ ਘਿਣਾਉਣੇ ਗੱਠਜੋੜ ਦੀ ਸਭ ਤੋਂ ਵਿਵਾਦਤ ਮਿਸਾਲ ਹੈ—1.2 ਅਰਬ ਡਾਲਰ ਦਾ ਕਲਾਊਡ ਕੰਪਿਊਟਿੰਗ ਠੇਕਾ, ਜੋ 2021 ਵਿਚ ਇਜ਼ਰਾਇਲੀ ਸਰਕਾਰ ਨੇ ਅਮੇਜ਼ਾਨ ਵੈੱਬ ਸਰਵਿਸਿਜ਼ (ਏ.ਡਬਲਯੂ.ਐੱਸ) ਅਤੇ ਗੂਗਲ ਨੂੰ ਦਿੱਤਾ ਸੀ। ਇਸ ਸੱਤ ਸਾਲਾ ਠੇਕੇ ਨੂੰ ਇਜ਼ਰਾਇਲੀ ਸਰਕਾਰ 23 ਸਾਲ ਤੱਕ ਵਧਾ ਸਕਦੀ ਹੈ। ਸਮਝੌਤਾ ਕਰਨ ਸਮੇਂ ਇਨ੍ਹਾਂ ਨੂੰ ਇਜ਼ਰਾਈਲ ਵੱਲੋਂ ਫ਼ਲਸਤੀਨੀ ਲੋਕਾਂ ਵਿਰੁੱਧ ਕੀਤੇ ਜਾ ਰਹੇ ਜੁਰਮ ਭਲੀਭਾਂਤ ਪਤਾ ਸਨ। ਅੰਦਰੂਨੀ ਤੇ ਬਾਹਰੀ ਸਲਾਹਕਾਰਾਂ ਵੱਲੋਂ ਇਹ ਚੇਤਾਵਨੀਆਂ ਦੇਣ ਦੇ ਬਾਵਜੂਦ ਸਮਝੌਤਾ ਕੀਤਾ ਗਿਆ ਕਿ ਖ਼ਾਸ ਟੈਕਨਾਲੋਜੀਆਂ ਨੂੰ ਮਨੁੱਖੀ ਹੱਕਾਂ ਦੇ ਘਾਣ ਲਈ ਵਰਤਿਆ ਜਾ ਸਕਦਾ ਹੈ।

ਇਹ ਵਿਵਾਦ ਹੁਣ ਸਿਰਫ਼ ਵਪਾਰਕ ਸਮਝੌਤੇ ਦਾ ਮਾਮਲਾ ਨਹੀਂ ਰਿਹਾ। ਇਹ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ ਕਿ ਜਦੋਂ ਦੁਨੀਆ ਦੇ ਡਿਜੀਟਲ ਢਾਂਚੇ ਉੱਤੇ ਕਾਬਜ਼ ਕੰਪਨੀਆਂ ਦੀਆਂ ਟੈਕਨਾਲੋਜੀਆਂ ਉਨ੍ਹਾਂ ਫ਼ੌਜੀ ਕਾਰਵਾਈਆਂ ਦਾ ਹਿੱਸਾ ਬਣ ਜਾਣ, ਜਿਨ੍ਹਾਂ ਉੱਤੇ ਅੰਤਰਰਾਸ਼ਟਰੀ ਮਨੁੱਖੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲੱਗ ਰਹੇ ਹੋਣ, ਤਾਂ ਕੀ ਉਹ ਨੈਤਿਕ ਤੌਰ 'ਤੇ ਨਿਰਪੱਖ ਕਹਾ ਸਕਦੀਆਂ ਹਨ? ਪਿਛਲੇ ਸਾਲ ਫ਼ਲਸਤੀਨੀ ਇਲਾਕਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਆਪਣੀ ਰਿਪੋਰਟ ਵਿਚ ਵਿਸ਼ੇਸ਼ ਜਾਂਚ ਅਧਿਕਾਰੀ ਨੇ ਉਨ੍ਹਾਂ ਕੰਪਨੀਆਂ ਦਾ ਤੱਥਾਂ ਸਹਿਤ ਜ਼ਿਕਰ ਕੀਤਾ ਸੀ ਜਿਨ੍ਹਾਂ ਦੀ ਹੈਵੀ ਮਸ਼ੀਨਰੀ ਅਤੇ ਹੋਰ ਟੈਕਨਾਲੋਜੀ ਨੂੰ ਇਜ਼ਰਾਇਲੀ ਹਕੂਮਤ ਫ਼ਲਸਤੀਨੀ ਨਸਲਕੁਸ਼ੀ ਲਈ ਧੜਾਧੜ ਵਰਤ ਰਹੀ ਹੈ ਅਤੇ ਇਹ ਕਾਰਪੋਰੇਟ ਗਿਰਝਾਂ ਸਭ ਕੁਝ ਜਾਣਦਿਆਂ-ਬੁੱਝਦਿਆਂ ਸਾਜ਼ੋ-ਸਾਮਾਨ ਵੇਚ ਕੇ ਮੋਟੇ ਮੁਨਾਫ਼ੇ ਕਮਾ ਰਹੀਆਂ ਹਨ। ਇਜ਼ਰਾਈਲ ਨੂੰ ਹਥਿਆਰ,




ਹੋਰ ਫ਼ੌਜੀ ਸਾਜ਼ੋ-ਸਾਮਾਨ ਅਤੇ ਡਿਜੀਟਲ ਟੈਕਨਾਲੋਜੀ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਦੀ ਲੰਮੀ ਸੂਚੀ ਹੈ।

ਪ੍ਰੋਜੈਕਟ ਨਿੰਬਸ ਕੀ ਹੈ? ਪ੍ਰੋਜੈਕਟ ਨਿੰਬਸ ਇਜ਼ਰਾਇਲੀ ਸਰਕਾਰ ਅਤੇ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਟੈਕਨਾਲੋਜੀ ਕੰਪਨੀਆਂ—ਗੂਗਲ ਅਤੇ ਅਮੇਜ਼ਾਨ—ਵਿਚਕਾਰ ਲੰਮੇ ਸਮੇਂ ਦਾ ਕਲਾਊਡ ਕੰਪਿਊਟਿੰਗ ਠੇਕਾ ਹੈ। ਇਹ ਪ੍ਰੋਜੈਕਟ ਇਜ਼ਰਾਈਲ ਨੂੰ ਵਿਕਸਿਤ ਕਲਾਊਡ ਢਾਂਚਾ, ਮਸਨੂਈ ਬੁੱਧੀ ਦੀ ਸਮਰੱਥਾ, ਮਸ਼ੀਨ ਲਰਨਿੰਗ ਦੇ ਸਾਧਨ ਅਤੇ ਸੁਰੱਖਿਅਤ ਡੇਟਾ ਸਟੋਰੇਜ ਮੁਹੱਈਆ ਕਰਵਾਉਂਦਾ ਹੈ ਜਿਸ ਨੂੰ ਇਜ਼ਰਾਇਲੀ ਹਕੂਮਤ ਆਪਣੇ ਦਹਿਸ਼ਤਗਰਦ ਹਮਲਿਆਂ ਲਈ ਵਰਤ ਰਹੀ ਹੈ। ਸਰਕਾਰੀ ਤੌਰ 'ਤੇ ਇਸਦਾ ਮਕਸਦ ਇਜ਼ਰਾਇਲੀ ਸਰਕਾਰ ਦੇ ਡਿਜੀਟਲ ਢਾਂਚੇ ਦਾ ਆਧੁਨਿਕੀਕਰਨ ਦੱਸਿਆ ਜਾਂਦਾ ਹੈ। ਪਰ ਇਹ ਸਮਝੌਤਾ ਇਜ਼ਰਾਈਲ ਦੇ ਫ਼ੌਜੀ ਢਾਂਚੇ ਨੂੰ ਵੀ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਨਾਲ ਵਿਸ਼ਾਲ ਡੇਟਾ ਦਾ ਤੇਜ਼ੀ ਨਾਲ ਵਿਸ਼ਲੇਸ਼ਣ ਕਰਨਾ ਅਤੇ ਜਟਿਲ ਏ.ਆਈ. ਪ੍ਰਣਾਲੀਆਂ ਦੀ ਵਰਤੋਂ ਕਰਨਾ ਸੰਭਵ ਹੋ ਜਾਂਦਾ ਹੈ।

ਅੱਜ ਦੇ ਸਮੇਂ 'ਚ ਫ਼ੌਜੀ ਕਾਰਵਾਈਆਂ ਬੇਮਿਸਾਲ ਮਾਤਰਾ ਵਿਚ ਜਾਣਕਾਰੀ ਪੈਦਾ ਕਰਦੀਆਂ ਹਨ। ਡਰੋਨ ਲਗਾਤਾਰ ਵੀਡੀਓ ਭੇਜਦੇ ਹਨ। ਉਪਗ੍ਰਹਿ ਉੱਚ-ਗੁਣਵੱਤਾ ਵਾਲੀਆਂ ਤਸਵੀਰਾਂ ਇਕੱਠੀਆਂ ਕਰਦੇ ਹਨ। ਖ਼ੁਫ਼ੀਆ ਏਜੰਸੀਆਂ ਸੰਚਾਰ ਅਤੇ ਡਿਜੀਟਲ ਸਰਗਰਮੀਆਂ ਉੱਤੇ ਨਜ਼ਰ ਰੱਖਦੀਆਂ ਹਨ। ਮਸਨੂਈ ਬੁੱਧੀ ਲੱਖਾਂ ਜਾਣਕਾਰੀਆਂ ਵਿਚੋਂ ਕੁਝ ਹੀ ਸਕਿੰਟਾਂ ਵਿਚ ਪੈਟਰਨ ਲੱਭ ਸਕਦੀ ਹੈ।

ਕਲਾਊਡ ਕੰਪਿਊਟਿੰਗ ਇਸ ਵਿਸ਼ਾਲ ਡੇਟਾ ਨੂੰ ਤੇਜ਼ੀ ਨਾਲ ਪ੍ਰਾਸੈੱਸ ਕਰਨ ਅਤੇ ਵੱਖ-ਵੱਖ ਫ਼ੌਜੀ ਇਕਾਈਆਂ ਦਰਮਿਆਨ ਸਾਂਝਾ ਕਰਨ ਦੀ ਸਹੂਲਤ ਦਿੰਦੀ ਹੈ। ਏ.ਆਈ. ਤਸਵੀਰ ਦੀ ਪਛਾਣ ਕਰਨ, ਚੀਜ਼ਾਂ ਦੀ ਪਛਾਣ ਕਰਨ, ਭਾਸ਼ਾ ਅਨੁਵਾਦ, ਅਗਾਊਂ-ਅਨੁਮਾਨ ਅਤੇ ਫ਼ੈਸਲਾ ਲੈਣ ਵਿਚ ਮੱਦਦ ਕਰਦੀ ਹੈ।

ਕਲਾਊਡ ਕੰਪਿਊਟਿੰਗ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਓਹਲੇ ਰਹਿੰਦੀ ਹੈ। ਹਥਿਆਰਾਂ ਵਾਂਗ ਇਸਨੂੰ ਜੰਗ ਦੇ ਮੈਦਾਨ ਵਿਚ ਦੇਖਿਆ ਨਹੀਂ ਜਾ ਸਕਦਾ। ਕਲਾਊਡ ਢਾਂਚਾ ਮਾਨਵਤਾ ਵਿਰੋਧੀ ਜੰਗੀ ਮਸ਼ੀਨ ਦੇ ਸਹਾਇਕ ਵਜੋਂ ਕੰਮ ਕਰ ਰਿਹਾ ਹੈ। ਖ਼ੁਫ਼ੀਆ ਵਿਸ਼ਲੇਸ਼ਣ, ਨਿਗਰਾਨੀ, ਉਪਗ੍ਰਹਿ ਤਸਵੀਰਾਂ, ਨਿਸ਼ਾਨਿਆਂ ਦੀ ਸ਼ਨਾਖ਼ਤ, ਫ਼ੌਜੀ ਸੰਚਾਰ ਅਤੇ ਪੂਰਵ-ਅਨੁਮਾਨ ਅਧਾਰਤ ਵਿਸ਼ਲੇਸ਼ਣ—ਇਹ ਸਾਰਾ ਕੁਝ ਬੇਹੱਦ ਵੱਡੀ ਕੰਪਿਊਟਿੰਗ ਸਮਰੱਥਾ ਉੱਤੇ ਨਿਰਭਰ ਕਰਦਾ ਹੈ। ਅਮੇਜ਼ਾਨ, ਗੂਗਲ, ਮਾਈਕ੍ਰੋਸਾਫਟ ਵਰਗੀਆਂ ਕੰਪਨੀਆਂ ਇਹੀ ਡਿਜੀਟਲ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਂਦੀਆਂ ਹਨ। ਅਜਿਹਾ ਕਰਦੇ ਸਮੇਂ ਇਹ ਆਪਣੇ ਹੀ ਬਣਾਏ ਮਿਆਰਾਂ ਨੂੰ ਪਾਸੇ ਕਰਕੇ ਅਤੇ ਮੁਨਾਫ਼ੇ ਨੂੰ ਮੁੱਖ ਰੱਖ ਕੇ ਸਮਝੌਤੇ ਕਰਦੀਆਂ ਹਨ।


ਇਸਦੀ ਵਰਤੋਂ ਨੂੰ ਵਾਜਬ ਠਹਿਰਾਉਣ ਲਈ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਅਜਿਹੀਆਂ ਟੈਕਨਾਲੋਜੀਆਂ ਕਾਰਗੁਜ਼ਾਰੀ ਵਧਾਉਂਦੀਆਂ ਹਨ ਅਤੇ ਮਨੁੱਖੀ ਗ਼ਲਤੀਆਂ ਘਟਾਉਂਦੀਆਂ ਹਨ। ਦਰਅਸਲ ਇਹ ਨਿਗਰਾਨੀ ਨੂੰ ਹੋਰ ਤੇਜ਼ ਕਰਕੇ ਖ਼ਤਰਾ ਵਧਾਉਂਦੀਆਂ ਹਨ, ਨਿਸ਼ਾਨਿਆਂ ਦੀ ਚੋਣ ਨੂੰ ਸਵੈ-ਚਾਲਿਤ ਬਣਾਉਂਦੀਆਂ ਹਨ ਅਤੇ ਫ਼ੌਜੀ ਹਿੰਸਾ ਦੀ ਰਫ਼ਤਾਰ ਤੇ ਵਿਆਪਕਤਾ ਨੂੰ ਬਹੁਤ ਜ਼ਿਆਦਾ ਵਧਾ ਦਿੰਦੀਆਂ ਹਨ। ਇਸੇ ਕਾਰਨ ਪ੍ਰੋਜੈਕਟ ਨਿੰਬਸ ਅਤੇ ਸੰਬੰਧਤ ਟੈੱਕ ਕੰਪਨੀਆਂ ਨੂੰ ਗਾਜ਼ਾ ਕਤਲੇਆਮ ਵਿਚ ਮੱਦਦਗਾਰ ਮੰਨਿਆ ਜਾ ਰਿਹਾ ਹੈ। ਗਾਜ਼ਾ ਵਿਚ ਗਿਣੀ-ਮਿੱਥੀ ਨਸਲਕੁਸ਼ੀ ਬਾਰੇ ਆਲਮੀ ਚਿੰਤਾ ਨੇ ਉਨ੍ਹਾਂ ਟੈਕਨਾਲੋਜੀ ਕੰਪਨੀਆਂ ਦੀ ਘਿਣਾਉਣੀ ਭੂਮਿਕਾ ਨੂੰ ਪਛਾਣਿਆ ਜੋ ਇਜ਼ਰਾਇਲੀ ਸਟੇਟ ਨੂੰ ਟੈਕਨਾਲੋਜੀ ਮੁਹੱਈਆ ਕਰਵਾ ਰਹੀਆਂ ਹਨ।

ਇਹ ਕੰਪਨੀਆਂ ਇਹ ਜਨਤਕ ਨਹੀਂ ਕਰਦੀਆਂ ਕਿ ਉਨ੍ਹਾਂ ਦੀਆਂ ਕਲਾਊਡ ਸੇਵਾਵਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ, ਪਰ ਮਨੁੱਖੀ ਅਧਿਕਾਰ ਸੰਸਥਾਵਾਂ, ਡਿਜੀਟਲ ਅਧਿਕਾਰ ਕਾਰਕੁਨ ਅਤੇ ਗੂਗਲ ਤੇ ਅਮੇਜ਼ਾਨ ਦੇ ਅੰਦਰਲੇ ਭੇਤੀ ਮੁਲਾਜ਼ਮ ਲਗਾਤਾਰ ਦੁਹਾਈ ਦੇ ਰਹੇ ਹਨ ਕਿ ਪ੍ਰੋਜੈਕਟ ਨਿੰਬਸ ਇਜ਼ਰਾਇਲੀ ਫ਼ੌਜੀ ਕਾਰਵਾਈਆਂ ਨੂੰ ਸਮਰੱਥ ਬਣਾ ਰਿਹਾ ਹੈ। ਇਹ ਕੰਪਨੀਆਂ ਜੰਗਬਾਜ਼ ਇਜ਼ਰਾਇਲੀ ਹਕੂਮਤ ਨੂੰ ਉੱਨਤ ਏ.ਆਈ. ਅਤੇ ਕਲਾਊਡ ਢਾਂਚਾ ਮੁਹੱਈਆ ਕਰਵਾ ਕੇ ਮਾਨਵਤਾ ਵਿਰੁੱਧ ਨਸਲਵਾਦੀ ਜੁਰਮਾਂ 'ਚ ਹੱਥ ਵਟਾ ਰਹੀਆਂ ਹਨ। ਜਵਾਬਦੇਹੀ ਤੋਂ ਬਚਣ ਲਈ ਕੰਪਨੀਆਂ ਦਲੀਲ ਦਿੰਦੀਆਂ ਹਨ ਕਿ ਨਿੰਬਸ ਸਰਕਾਰੀ ਕਲਾਊਡ ਸੇਵਾਵਾਂ ਲਈ ਹੈ ਅਤੇ ਇਸਦਾ ਉਦੇਸ਼ ਸਿੱਧੇ ਤੌਰ 'ਤੇ ਹਮਲਾਵਰ ਫ਼ੌਜੀ ਕਾਰਵਾਈਆਂ ਨੂੰ ਹਮਾਇਤ ਦੇਣਾ ਨਹੀਂ ਹੈ। ਪਰ ਹਕੀਕਤ ਇਹ ਹੈ ਕਿ ਅਜਿਹਾ ਡਿਜੀਟਲ ਢਾਂਚਾ ਮੁਹੱਈਆ ਕਰਾਉਣ ਤੋਂ ਬਾਅਦ ਇਹ ਹੁਕਮਰਾਨਾਂ ਦੀ ਮਰਜ਼ੀ 'ਤੇ ਛੱਡ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਨੂੰ ਫ਼ੌਜੀ ਮਨੋਰਥਾਂ ਲਈ ਵਰਤਣਾ ਹੈ ਜਾਂ ਨਹੀਂ।

ਸਿਲੀਕਾਨ ਵੈਲੀ ਵਿਚ ਕੰਮ ਕਰਨ ਵਾਲਿਆਂ ਦਾ ਕਾਰਪੋਰੇਟ ਟੈੱਕ ਕੰਪਨੀਆਂ ਦੀ ਭੂਮਿਕਾ ਨੂੰ ਸਮਝਣਾ ਮਾਨਵਤਾ ਪ੍ਰਤੀ ਆਪਣੇ ਫਰਜ਼ਾਂ ਦੀ ਪਛਾਣ ਹੈ। ਗੂਗਲ ਅਤੇ ਅਮੇਜ਼ਾਨ ਦੇ ਅੰਦਰੋਂ ਨਿੰਬਸ ਪ੍ਰੋਜੈਕਟ ਖਿਲਾਫ਼ ਉੱਠੀ ਵਿਰੋਧ ਦੀ ਆਵਾਜ਼ ਨੂੰ ਡਿਜੀਟਲ ਕਾਰਪੋਰੇਟ ਬੇਬੁਨਿਆਦ ਕਹਿ ਕੇ ਰੱਦ ਨਹੀਂ ਕਰ ਸਕਦੇ। ਮੁਲਾਜ਼ਮਾਂ ਨੇ 'ਨੋ ਟੈੱਕ ਫਾਰ ਅਪਾਰਥਾਈਡ' ਮੁਹਿੰਮ ਤਹਿਤ ਜਥੇਬੰਦ ਹੋ ਕੇ ਕਿਹਾ ਹੈ ਕਿ ਉਨ੍ਹਾਂ ਦੀ ਮਿਹਨਤ ਅਜਿਹੀ ਟੈਕਨਾਲੋਜੀ ਬਣਾਉਣ ਵਿਚ ਨਹੀਂ ਵਰਤੀ ਜਾਣੀ ਚਾਹੀਦੀ ਜੋ ਫ਼ਲਸਤੀਨੀਆਂ ਵਿਰੁੱਧ ਫ਼ੌਜੀ ਕਬਜ਼ੇ ਅਤੇ ਹਿੰਸਾ ਵਿਚ ਹੱਥ ਵਟਾਉਂਦੀ ਹੋਵੇ। ਮੁਲਾਜ਼ਮਾਂ ਨੇ ਪਟੀਸ਼ਨਾਂ ਚਲਾਈਆਂ, ਪ੍ਰਦਰਸ਼ਨ ਕੀਤੇ, ਜਨਤਕ ਬਿਆਨ ਦਿੱਤੇ ਅਤੇ ਕੰਪਨੀ ਦੀਆਂ ਅੰਦਰੂਨੀ ਮੀਟਿੰਗਾਂ ਵਿਚ ਮੈਨੇਜਮੈਂਟ ਨੂੰ ਚੁਣੌਤੀ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇੰਜੀਨੀਅਰਾਂ ਅਤੇ ਸੌਫਟਵੇਅਰ ਡਿਵੈਲਪਰਾਂ ਦੀ ਵੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬਣਾਏ ਸੰਦਾਂ ਦੇ ਸਮਾਜਿਕ ਪ੍ਰਭਾਵਾਂ ਬਾਰੇ ਸੋਚਣ। ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਮੈਨੇਜਮੈਂਟ ਵੱਲੋਂ ਪ੍ਰੋਜੈਕਟ ਨਿੰਬਸ ਬਾਰੇ ਅੰਦਰੂਨੀ ਚਰਚਾ ਨੂੰ ਦਬਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਗਈ। ਕੁਝ ਰਿਪੋਰਟਾਂ ਵਿਚ ਇਹ ਵੀ ਸਾਹਮਣੇ ਆਇਆ ਕਿ ਵਿਰੋਧ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਅਤੇ ਕੁਝ ਨੂੰ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ।

ਇਹ ਵਰਤਾਰਾ ਸਿਲੀਕਾਨ ਵੈਲੀ ਵਿਚ ਕੰਮ ਕਰਨ ਵਾਲੇ ਸੰਵੇਦਨਸ਼ੀਲ ਹਿੱਸਿਆਂ ਵਿਚ ਜਾਗਰੂਕਤਾ ਦੀ ਨਿਸ਼ਾਨੀ ਹੈ। ਦਹਾਕਿਆਂ ਤੱਕ ਟੈਕਨਾਲੋਜੀ ਖੇਤਰ ਦੇ ਮੁਲਾਜ਼ਮ ਖ਼ੁਦ ਨੂੰ ਰਾਜਨੀਤਕ ਤੌਰ 'ਤੇ ਨਿਰਪੱਖ, ਕੁਝ ਨਵਾਂ ਰਚਣ ਵਾਲੇ ਮੰਨਦੇ ਰਹੇ ਹਨ। ਪਰ ਹੁਣ ਬਹੁਤ ਸਾਰੇ ਕਾਮੇ ਮਨੁੱਖੀ ਅਧਿਕਾਰਾਂ, ਨਿਗਰਾਨੀ, ਪੁਲਿਸੀਕਰਨ ਅਤੇ ਜੰਗ ਸੰਬੰਧੀ ਸੰਘਰਸ਼ਾਂ ਵਿਚ ਹਿੱਸੇਦਾਰਾਂ ਦੇ ਰੂਪ 'ਚ ਆਪਣੀ ਭੂਮਿਕਾ ਦੇਖ ਰਹੇ ਹਨ।

ਗੂਗਲ ਅਤੇ ਅਮੇਜ਼ਾਨ ਦਾ ਦਾਅਵਾ ਹੈ ਕਿ ਉਹ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਸਿਵਲ ਵਰਤੋਂ ਲਈ ਕਲਾਊਡ ਕੰਪਿਊਟਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ। ਉਨ੍ਹਾਂ ਦੇ ਅਨੁਸਾਰ ਕਲਾਊਡ




ਸੇਵਾਵਾਂ ਹਥਿਆਰ ਨਹੀਂ, ਸਗੋਂ ਜਨਤਕ ਸਹੂਲਤ ਦੀ ਤਰ੍ਹਾਂ ਹਨ। ਲੰਮੇ ਸਮੇਂ ਤੋਂ ਟੈਕਨਾਲੋਜੀ ਕੰਪਨੀਆਂ ਇਹੀ ਦਲੀਲ ਦੇ ਕੇ ਜਵਾਬਦੇਹੀ ਤੋਂ ਟਾਲ਼ਾ ਵੱਟਦੀਆਂ ਹਨ ਕਿ ਉਹ ਤਾਂ ਸਿਰਫ਼ ਡਿਵਾਇਸ ਵੇਚਦੀਆਂ ਹਨ, ਉਨ੍ਹਾਂ ਦੀ ਵਰਤੋਂ ਤਾਂ ਸਰਕਾਰਾਂ ਨੇ ਤੈਅ ਕਰਨੀ ਹੁੰਦੀ ਹੈ।

ਮਸਨੂਈ ਬੁੱਧੀ ਦੀਆਂ ਪ੍ਰਣਾਲੀਆਂ ਨਿਰਪੱਖ ਨਹੀਂ ਹੁੰਦੀਆਂ। ਉਨ੍ਹਾਂ ਨੂੰ ਖ਼ਾਸ ਰਾਜਨੀਤਿਕ ਅਤੇ ਸੰਸਥਾਗਤ ਹਾਲਾਤਾਂ ਨੂੰ ਧਿਆਨ ਵਿਚ ਰੱਖ ਕੇ ਡਿਜ਼ਾਇਨ ਕੀਤਾ ਜਾਂਦਾ ਹੈ ਅਤੇ ਲਾਗੂ ਕੀਤਾ ਜਾਂਦਾ ਹੈ। ਜਦੋਂ ਕੋਈ ਕੰਪਨੀ ਮਨੁੱਖੀ ਅਧਿਕਾਰਾਂ ਦੀਆਂ ਗੰਭੀਰ ਉਲੰਘਣਾਵਾਂ ਦੇ ਦੋਸ਼ਾਂ ਦਾ ਸਾਹਮਣਾ ਕਰਦੀ ਹੋਈ ਸਰਕਾਰ ਨੂੰ ਉੱਨਤ ਟੈਕਨਾਲੋਜੀ ਪ੍ਰਦਾਨ ਕਰਦੀ ਹੈ ਤਾਂ ਉਹ ਖ਼ੁਦ ਨੂੰ ਉਸਦੇ ਨਤੀਜਿਆਂ ਤੋਂ ਵੱਖ ਨਹੀਂ ਕਰ ਸਕਦੀ।

ਇਹੀ ਸਵਾਲ ਆਈਬੀਐੱਮ, ਮਾਈਕ੍ਰੋਸਾਫ਼ਟ ਅਤੇ ਪਲਾਂਟੀਅਰ ਵਰਗੀਆਂ ਕੰਪਨੀਆਂ ਦੀਆਂ 'ਸੇਵਾਵਾਂ' ਸੰਬੰਧੀ ਵੀ ਉੱਠਦੇ ਰਹੇ ਹਨ। ਜਿਵੇਂ-ਜਿਵੇਂ ਡਿਜੀਟਲ ਟੈਕਨਾਲੋਜੀ ਜੰਗੀ ਕਾਰਵਾਈਆਂ ਦਾ ਕੇਂਦਰੀ ਹਿੱਸਾ ਬਣਦੀ ਜਾ ਰਹੀ ਹੈ, ਨਾਗਰਿਕ ਟੈਕਨਾਲੋਜੀ ਕੰਪਨੀਆਂ ਅਤੇ ਡਿਫੈਂਸ ਠੇਕੇਦਾਰਾਂ ਵਿਚਕਾਰਲੀ ਲਕੀਰ ਹੋਰ ਧੁੰਦਲੀ ਹੁੰਦੀ ਜਾ ਰਹੀ ਹੈ।

ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਵੱਲੋਂ ਇਹ ਸਵਾਲ ਉਠਾਉਣਾ ਪੂਰੀ ਤਰ੍ਹਾਂ ਵਾਜਬ ਹੈ ਕਿ ਕੰਪਨੀਆਂ ਦੀ ਜ਼ਿੰਮੇਵਾਰੀ ਸਿਰਫ਼ ਮੁਨਾਫ਼ਾ ਕਮਾਉਣ ਤੱਕ ਸੀਮਿਤ ਨਹੀਂ ਹੈ। ਉਹ ਆਪਣੀ ਟੈਕਨਾਲੋਜੀ ਦੇ ਨਤੀਜਿਆਂ ਲਈ ਵੀ ਜਵਾਬਦੇਹ ਹਨ। ਵਪਾਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਮਾਰਗਦਰਸ਼ਕ ਸਿਧਾਂਤ ਕਹਿੰਦੇ ਹਨ ਕਿ ਕੰਪਨੀਆਂ ਨੂੰ ਮਨੁੱਖੀ ਅਧਿਕਾਰਾਂ ਨਾਲ ਜੁੜੇ ਖ਼ਤਰਿਆਂ ਦੀ ਜਾਂਚ ਕਰਨੀ ਚਾਹੀਦੀ ਹੈ, ਉਨ੍ਹਾਂ ਨੁਕਸਾਨਾਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਕੰਮ ਤੋਂ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਰੋਕਣ ਜਾਂ ਘਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਸਿਧਾਂਤ ਆਪਣੇ ਆਪ ਕੰਪਨੀਆਂ ਨੂੰ ਸਰਕਾਰਾਂ ਨਾਲ ਸਮਝੌਤੇ ਕਰਨ ਤੋਂ ਨਹੀਂ ਰੋਕਦੇ। ਪਰ ਇਹ ਮੰਗ ਜ਼ਰੂਰ ਕਰਦੇ ਹਨ ਕਿ ਕੰਪਨੀਆਂ ਇਹ ਮੁਲਾਂਕਣ ਕਰਨ ਕਿ ਕੀ ਉਨ੍ਹਾਂ ਦੀਆਂ ਸੇਵਾਵਾਂ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਵਾਂ ਵਿਚ ਯੋਗਦਾਨ ਪਾ ਸਕਦੀਆਂ ਹਨ।

ਮਨੁੱਖੀ ਅਧਿਕਾਰਾਂ ਬਾਰੇ ਸਰੋਕਾਰ ਰੱਖਣ ਵਾਲੇ ਜਾਗਰੂਕ ਹਿੱਸਿਆਂ ਦਾ ਕਹਿਣਾ ਹੈ ਕਿ ਫ਼ੌਜੀ ਜਾਂ ਸੁਰੱਖਿਆ ਏਜੰਸੀਆਂ ਨਾਲ ਸਮਝੌਤੇ ਕਰਨ ਤੋਂ ਪਹਿਲਾਂ ਟੈਕਨਾਲੋਜੀ ਕੰਪਨੀਆਂ ਨੂੰ ਸੁਤੰਤਰ ਮਨੁੱਖੀ ਅਧਿਕਾਰ ਪ੍ਰਭਾਵ-ਮੁਲਾਂਕਣ ਕਰਨਾ ਚਾਹੀਦਾ ਹੈ, ਖ਼ਾਸ ਕਰਕੇ ਉਨ੍ਹਾਂ ਖੇਤਰਾਂ ਵਿਚ ਜਿੱਥੇ ਲੰਮੇ ਸਮੇਂ ਤੋਂ ਜੰਗ ਜਾਂ ਕਬਜ਼ਾ ਜਾਰੀ ਹੋਵੇ।

ਪ੍ਰੋਜੈਕਟ ਨਿੰਬਸ ਸਿਰਫ਼ ਇੱਕ ਕਲਾਊਡ ਕੰਪਿਊਟਿੰਗ ਸਮਝੌਤਾ ਨਹੀਂ ਹੈ। ਇਹ ਬਿਗ ਟੈੱਕ ਅਤੇ ਆਧੁਨਿਕ ਜੰਗ ਵਿਚਕਾਰ ਵਧਦੇ ਗੱਠਜੋੜ ਦਾ ਪ੍ਰਤੀਕ ਹੈ। ਇਹ ਪ੍ਰੋਜੈਕਟ ਸਿਰਫ਼ ਇੱਕ ਮੁਲਕ ਜਾਂ ਇੱਕ ਸਮਝੌਤੇ ਦੀ ਕਹਾਣੀ ਨਹੀਂ ਹੈ। ਇਹ ਵਿਸ਼ਵ ਪੱਧਰ ਦੇ ਰੁਝਾਨ ਦਾ ਹਿੱਸਾ ਹੈ। ਮਸਨੂਈ ਬੁੱਧੀ ਦਾ ਵਧਦਾ ਫ਼ੌਜੀਕਰਨ ਜ਼ਾਹਰਾ ਹਕੀਕਤ ਹੈ। ਅਮਰੀਕਾ, ਚੀਨ, ਰੂਸ, ਇਜ਼ਰਾਈਲ ਅਤੇ ਕਈ ਯੂਰਪੀ ਦੇਸ਼ ਫ਼ੌਜੀ ਏ.ਆਈ., ਸਵੈਚਾਲਿਤ ਹਥਿਆਰ ਪ੍ਰਣਾਲੀਆਂ, ਪੂਰਵ-ਅਨੁਮਾਨੀ ਵਿਸ਼ਲੇਸ਼ਣ ਅਤੇ ਜੰਗੀ ਕਲਾਊਡ ਕੰਪਿਊਟਿੰਗ ਵਿਚ ਅਰਬਾਂ ਡਾਲਰ ਨਿਵੇਸ਼ ਕਰ ਰਹੇ ਹਨ। ਨਿੱਜੀ ਕੰਪਨੀਆਂ ਇਨ੍ਹਾਂ ਯਤਨਾਂ ਦੀਆਂ ਲਾਜ਼ਮੀ ਭਾਈਵਾਲ ਬਣ ਚੁੱਕੀਆਂ ਹਨ। ਰਵਾਇਤੀ ਹਥਿਆਰ ਨਿਰਮਾਤਾਵਾਂ ਤੋਂ ਉਲਟ, ਅੱਜ ਦੀਆਂ ਸਭ ਤੋਂ ਮੁੱਲਵਾਨ ਫ਼ੌਜੀ ਟੈਕਨਾਲੋਜੀਆਂ ਅਕਸਰ ਵਪਾਰਕ ਟੈਕਨਾਲੋਜੀ ਕੰਪਨੀਆਂ ਤੋਂ ਆ ਰਹੀਆਂ ਹਨ।

ਇਸ ਨਾਲ ਨਵੇਂ ਨੈਤਿਕ ਸੰਕਟ ਪੈਦਾ ਹੋ ਰਹੇ ਹਨ। ਜਿਨ੍ਹਾਂ ਸੌਫਟਵੇਅਰ ਇੰਜੀਨੀਅਰਾਂ ਨੇ ਕਦੇ ਸੋਚਿਆ ਸੀ ਕਿ ਉਹ ਖ਼ਪਤਕਾਰਾਂ ਲਈ ਐਪ ਬਣਾਉਂਦੇ ਹਨ, ਉਹ ਹੁਣ ਦੇਖ ਰਹੇ ਹਨ ਕਿ ਉਨ੍ਹਾਂ ਦੇ ਕੰਮ ਨੂੰ ਸਮਾਜਿਕ ਨਿਗਰਾਨੀ ਪ੍ਰਣਾਲੀਆਂ, ਖ਼ੁਫ਼ੀਆ ਕਾਰਵਾਈਆਂ ਅਤੇ ਗਾਜ਼ਾ ਜਾਂ ਇਰਾਨ ਵਿਚ ਕਤਲੇਆਮ ਵਰਗੀਆਂ ਮਾਨਵਤਾ ਵਿਰੋਧੀ ਮੁਹਿੰਮਾਂ ਅੰਦਰ ਫ਼ੌਜੀ ਯੋਜਨਾਬੰਦੀ ਵਿਚ ਵਰਤਿਆ ਜਾ ਰਿਹਾ ਹੈ।

ਅਮੇਜ਼ਾਨ ਅਤੇ ਗੂਗਲ ਦਾ ਕਹਿਣਾ ਹੈ ਕਿ ਉਹ ਇੱਕ ਪ੍ਰਭੂਸੱਤਾ-ਸੰਪੰਨ ਰਾਜ ਨੂੰ ਲੋੜੀਂਦਾ ਡਿਜੀਟਲ ਢਾਂਚਾ ਮੁਹੱਈਆ ਕਰਵਾ ਰਹੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਟੈਕਨਾਲੋਜੀਆਂ ਉਨ੍ਹਾਂ ਫ਼ੌਜੀ ਕਾਰਵਾਈਆਂ ਨੂੰ ਸਮਰੱਥ ਬਣਾਉਂਦੀਆਂ ਹਨ ਜਿਨ੍ਹਾਂ ਕਾਰਨ ਨਾਗਰਿਕਾਂ ਨੂੰ ਭਾਰੀ ਤਬਾਹੀ ਅਤੇ ਪੀੜਾ ਝੱਲਣੀ ਪਈ ਹੈ, ਇਸ ਲਈ ਕੰਪਨੀਆਂ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।

ਗਾਜ਼ਾ ਵਿਚ ਹੋ ਰਹੇ ਸਭ ਤੋਂ ਭਿਆਨਕ ਜ਼ੁਲਮਾਂ ਨੂੰ ਅੰਜਾਮ ਦੇਣ ਲਈ ਵਰਤੀਆਂ ਜਾ ਰਹੀਆਂ ਸੇਵਾਵਾਂ ਨੂੰ ਗੂਗਲ ਵੱਲੋਂ ਜਾਣ-ਬੁੱਝ ਕੇ ਮੁਹੱਈਆ ਕਰਵਾਉਣ ਲਈ, ਕੰਪਨੀ ਅਤੇ ਇਸ ਦੇ ਵਿਅਕਤੀਗਤ ਅਧਿਕਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫ਼ੌਜਦਾਰੀ ਅਤੇ ਦਿਵਾਨੀ—ਦੋਹਾਂ ਕਿਸਮ ਦੀਆਂ ਵਿਆਪਕ ਕਾਨੂੰਨੀ ਜ਼ਿੰਮੇਵਾਰੀਆਂ ਦੇ ਘੇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਲੀਗਲ ਸੰਸਥਾਵਾਂ ਨੇ ਗੂਗਲ ਨੂੰ ਕਿਹਾ ਹੈ ਕਿ ਉਹ ਤੁਰੰਤ ਕਦਮ ਚੁੱਕਦਿਆਂ ਇਨ੍ਹਾਂ ਨੁਕਸਾਨਦਾਇਕ ਕਾਰਵਾਈਆਂ ਵਿਚ ਆਪਣੀ ਭਾਗੀਦਾਰੀ ਖ਼ਤਮ ਕਰੇ। ਇਸ ਵਿਚ ਉਹ ਸਾਰੇ ਉਤਪਾਦ ਅਤੇ ਸੇਵਾਵਾਂ ਤੁਰੰਤ ਬੰਦ ਕਰਨਾ ਸ਼ਾਮਲ ਹੈ ਜਿਨ੍ਹਾਂ ਦੀ ਵਰਤੋਂ ਗਾਜ਼ਾ ਵਿਚ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਜੁਰਮਾਂ ਨੂੰ ਅੰਜ਼ਾਮ ਦੇਣ ਲਈ ਕੀਤੀ ਜਾ ਰਹੀ ਹੈ। ਨਾਲ ਹੀ, ਗੂਗਲ ਉੱਪਰ ਸੁਤੰਤਰ, ਨਿਰਪੱਖ ਅਤੇ ਵਿਸਥਾਰਤ ਜਾਂਚ ਕਰਨ ਲਈ ਵੀ ਦਬਾਅ ਪਾਇਆ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਹੋਰ ਸਾਰੇ ਉਤਪਾਦਾਂ ਅਤੇ ਸੇਵਾਵਾਂ ਦੀ ਪਛਾਣ ਕਰੇ ਜੋ ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਵਿਚ ਯੋਗਦਾਨ ਪਾ ਰਹੇ ਹੋਣ।

ਮੁਲਾਜ਼ਮਾਂ ਦਾ ਵਿਰੋਧ ਦਰਸਾਉਂਦਾ ਹੈ ਕਿ ਇਹ ਬਹਿਸ ਹੁਣ ਸਿਰਫ਼ ਮਨੁੱਖੀ ਅਧਿਕਾਰ ਕਾਰਕੁਨਾਂ ਜਾਂ ਨੀਤੀ-ਨਿਰਧਾਰਕਾਂ ਤੱਕ ਸੀਮਿਤ ਨਹੀਂ ਰਹੀ। ਇੰਜੀਨੀਅਰ, ਪ੍ਰੋਗਰਾਮਰ ਅਤੇ ਟੈਕਨਾਲੋਜੀ ਮੁਲਾਜ਼ਮ ਖ਼ੁਦ ਇਹ ਸਵਾਲ ਪੁੱਛ ਰਹੇ ਹਨ ਕਿ ਕੀ ਡਿਜੀਟਲ ਟੈਕਨਾਲੋਜੀ ਨੂੰ ਉਸਦੇ ਰਾਜਨੀਤਕ ਅਤੇ ਮਨੁੱਖੀ ਨਤੀਜਿਆਂ ਤੋਂ ਵੱਖ ਕੀਤਾ ਜਾ ਸਕਦਾ ਹੈ।


ਜਿਵੇਂ-ਜਿਵੇਂ ਮਸਨੂਈ ਬੁੱਧੀ ਜੰਗ ਦਾ ਹੋਰ ਡੂੰਘਾ ਹਿੱਸਾ ਬਣਦੀ ਜਾ ਰਹੀ ਹੈ, ਸਮਾਜ ਦੇ ਸਾਹਮਣੇ ਗੰਭੀਰ ਸਵਾਲ ਖੜ੍ਹੇ ਹਨ: ਕੀ ਟੈਕਨਾਲੋਜੀ ਕੰਪਨੀਆਂ ਨੂੰ ਸਿਰਫ਼ ਸੇਵਾ ਦੇਣ ਵਾਲੇ ਸਮਝਿਆ ਜਾਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਆਪਣੀ ਟੈਕਨਾਲੋਜੀ ਦੀ ਵਰਤੋਂ ਲਈ ਵੀ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ? ਕੀ ਕਲਾਊਡ ਕੰਪਿਊਟਿੰਗ ਸੱਚਮੁੱਚ ਨਿਰਪੱਖ ਰਹਿ ਸਕਦੀ ਹੈ, ਜਦੋਂ ਉਹ ਫ਼ੌਜੀ ਕਾਰਵਾਈਆਂ ਦਾ ਅਟੁੱਟ ਹਿੱਸਾ ਬਣ ਜਾਵੇ? ਅਤੇ ਡਿਜੀਟਲ ਇਨੋਵੇਸ਼ਨ ਦੀਆਂ ਨੈਤਿਕ ਹੱਦਾਂ ਆਖ਼ਿਰ ਤੈਅ ਕੌਣ ਕਰੇਗਾ—ਕੰਪਨੀਆਂ, ਸਰਕਾਰਾਂ, ਮੁਲਾਜ਼ਮ ਜਾਂ ਲੋਕ?

ਪਿਛਲੇ ਸਾਲ ਜਦੋਂ ਮਾਈਕ੍ਰੋਸਾਫ਼ਟ ਨੂੰ ਆਪਣੇ ਕਲਾਊਡ ਅਤੇ ਏ.ਆਈ. ਬੁਨਿਆਦੀ ਢਾਂਚੇ ਦੀ ਵਰਤੋਂ ਦੀ ਜਾਂਚ ਕਰਾਉਣੀ ਪਈ ਅਤੇ ਮੁੱਢਲੀ ਜਾਂਚ ਦੌਰਾਨ ਗਾਜ਼ਾ ਵਿਚ ਇਸਦੇ ਸਿਸਟਮ ਨੂੰ ਵਰਤੇ ਜਾਣ ਬਾਰੇ ਚਿੰਤਾਜਨਕ ਚੀਜ਼ਾਂ ਸਾਹਮਣੇ ਆਈਆਂ ਤਾਂ ਇਸਨੂੰ ਆਪਣੀਆਂ ਖ਼ਾਸ ਸੇਵਾਵਾਂ ਮੁਅੱਤਲ ਕਰਨੀਆਂ ਪਈਆਂ ਸਨ। ਇਸਨੇ ਇਜ਼ਰਾਈਲ ਨਾਲੋਂ ਸੰਬੰਧ ਤਾਂ ਨਹੀਂ ਤੋੜੇ ਪਰ ਇਸਨੂੰ ਆਪਣੇ ਇਕ ਅਧਿਕਾਰੀ ਨੂੰ ਕੱਢਣਾ ਪਿਆ। ਗੂਗਲ ਅਤੇ ਅਮੇਜ਼ਾਨ ਨੂੰ ਵੀ ਅਜਿਹਾ ਕਰਨ ਲਈ ਵਿਆਪਕ ਜਨਤਕ ਦਬਾਅ ਵਧਾਉਣਾ ਹੋਵੇਗਾ।

# ਕਿਹੋ ਜਿਹਾ ਹੋਵੇਗਾ ਹਿੰਦੂ ਰਾਸ਼ਟਰ?

*ਪ੍ਰਭਾਤ ਪਟਨਾਇਕ ਉੱਘੇ ਅਰਥ-ਸ਼ਾਸਤਰੀ ਅਤੇ ਰਾਜਨੀਤਕ ਤਬਸਰਾਕਾਰ ਹਨ ਜੋ 1974 ਤੋਂ 2010 ਤੱਕ ਜੇ.ਐੱਨ.ਯੂ. ਨਵੀਂ ਦਿੱਲੀ ਵਿਚ ਪ੍ਰੋਫੈਸਰ ਰਹਿ ਚੁੱਕੇ ਹਨ। ਉਨ੍ਹਾਂ ਦਾ ਲੇਖ ਭਾਰਤ ਵਿਚ ਮੋਦੀ ਸਰਕਾਰ ਦੇ ਤਹਿਤ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਅਤੇ ਇਸ ਪਿੱਛੇ ਕੰਮ ਕਰਦੇ ਇਜਾਰੇਦਾਰ ਸਰਮਾਏਦਾਰਾ ਹਿਤਾਂ ਦਾ ਸਟੀਕ ਵਿਸ਼ਲੇਸ਼ਣ ਕਰਨਾ ਹੈ। ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ॥*





**ਪ੍ਰਭਾਤ ਪਟਨਾਇਕ**

ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦਾ ਟੀਚਾ ਭਾਰਤ ਵਿਚ ਇੱਕ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨਾ ਹੈ। ਪਰ, ਹਿੰਦੂ ਰਾਸ਼ਟਰ ਦਾ ਠੀਕ-ਠੀਕ ਮਤਲਬ ਕੀ ਹੈ? ਇਸ ਸਵਾਲ ਦਾ ਸੁੱਤੇਸਿੱਧ, ਸਪਸ਼ਟ ਅਤੇ ਇਕਦਮ ਆਉਣ ਵਾਲਾ ਜਵਾਬ ਤਾਂ ਇਹੀ ਹੋਵੇਗਾ ਕਿ ਮੌਜੂਦਾ ਭਾਰਤ ਦੇਸ਼ ਵਿਚ ਸਾਰੇ ਨਾਗਰਿਕਾਂ ਲਈ, ਉਨ੍ਹਾਂ ਦਾ ਧਰਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਜੋ ਸੰਵਿਧਾਨ ਦੇ ਜ਼ਰੀਏ ਬਰਾਬਰੀ ਦੀ ਗਾਰੰਟੀ ਦਿੱਤੀ ਗਈ ਹੈ ਉਸ ਦੀ ਥਾਂ 'ਤੇ ਹਿੰਦੂ ਰਾਸ਼ਟਰ ਵਿਚ ਹਿੰਦੂਆਂ ਨੂੰ ਦੂਸਰੇ ਧਰਮਾਂ ਦੇ ਲੋਕਾਂ ਦੇ ਮੁਕਾਬਲੇ, ਅਤੇ ਖਾਸ ਤੌਰ 'ਤੇ ਮੁਸਲਮਾਨਾਂ ਦੇ ਮੁਕਾਬਲੇ ਜੋ ਇਸ ਦੇਸ਼ ਵਿਚ ਸਭ ਤੋਂ ਵੱਡਾ ਘੱਟ-ਗਿਣਤੀ ਭਾਈਚਾਰਾ ਹੈ, ਉੱਚਾ ਦਰਜਾ ਦਿੱਤਾ ਜਾਵੇਗਾ।

ਪਰ ਇਸ ਤਰ੍ਹਾਂ ਦੀ ਨਾਬਰਾਬਰੀ ਨੂੰ ਵਿਸ਼ੇਸ਼ ਤੌਰ 'ਤੇ ਜਾਬਰ ਰਾਜ ਦੇ ਬਿਨਾਂ ਤਾਂ ਚਲਾਇਆ ਨਹੀਂ ਜਾ ਸਕਦਾ। ਉਂਝ ਤਾਂ ਜਾਤੀ ਜਾਬਰ ਸਮਾਜ ਵਿਚ ਹਰੇਕ ਰਾਜ ਹੀ ਜਾਬਰ ਹੁੰਦਾ ਹੈ, ਪਰ ਉਸ ਰਾਜ ਨੂੰ ਜੋ ਇਸ ਤਰ੍ਹਾਂ ਦੀ ਨਾਬਰਾਬਰੀ ਨੂੰ ਸੰਸਥਾਗਤ ਰੂਪ ਦੇਣ ਦਾ ਕੰਮ ਕਰੇਗਾ, ਉਸ ਨੂੰ ਤਾਂ ਹੋਰ ਵੀ ਜਾਬਰ ਹੋਣ ਦੀ ਜ਼ਰੂਰਤ ਹੋਵੇਗੀ। ਤਾਂ ਫਿਰ ਕੀ ਹਿੰਦੂ ਰਾਸ਼ਟਰ ਦਾ ਮਤਲਬ, ਸਮੂਹਕ ਤੌਰ 'ਤੇ ਹਿੰਦੂਆਂ ਦੀ ਤਾਨਾਸ਼ਾਹੀ ਹੋਵੇਗੀ, ਜੋ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਉੱਪਰ ਚਲਾਈ ਜਾਏਗੀ।

ਜਿਵੇਂ ਹੀ ਇਹ ਸਵਾਲ ਉਠਾਇਆ ਜਾਂਦਾ ਹੈ, ਉਸੇ ਵਕਤ ਜਵਾਬ ਆਉਂਦਾ ਹੈ -ਨਹੀਂ। ਹਿੰਦੂ ਰਾਜ ਵਿਚ ਵੀ ਇੱਕ ਰਿਕਸ਼ਾ ਚਲਾਉਣ ਵਾਲਾ ਤਾਂ ਰਿਕਸ਼ਾ ਚਲਾਉਣ ਵਾਲਾ ਹੀ ਰਹੇਗਾ, ਉਸ ਦਾ ਧਰਮ ਭਾਵੇਂ ਕੋਈ ਵੀ ਕਿਉਂ ਨਾ ਹੋਵੇ। ਹਿੰਦੂ ਰਾਜ ਵਿਚ ਇਕ ਚਪੜਾਸੀ ਤਾਂ ਚਪੜਾਸੀ ਹੀ ਰਹੇਗਾ, ਉਸਦਾ ਧਰਮ ਭਾਵੇਂ ਜੋ ਵੀ ਹੋਵੇ, ਇੱਕ ਗਿਗ ਵਰਕਰ ਤਾਂ ਗਿਗ ਵਰਕਰ ਹੀ ਰਹੇਗਾ, ਭਾਵੇਂ ਹੀ ਉਸਦਾ ਧਰਮ ਕੁਝ ਵੀ ਹੋਵੇ। ਇਸ ਤਰ੍ਹਾਂ ਅਖੌਤੀ ਹਿੰਦੂ ਰਾਜ ਹਿੰਦੂਆਂ ਦੀ ਬਹੁਗਿਣਤੀ ਦੀ ਅਲੌਕਿਕ ਜ਼ਿੰਦਗੀ ਵਿਚ ਕੋਈ ਬਦਲਾਅ ਲਿਆਉਣ ਦਾ ਨਾ ਤਾਂ ਵਾਅਦਾ ਕਰਦਾ ਹੈ ਅਤੇ ਨਾ ਅਜਿਹਾ ਬਦਲਾਅ ਲਿਆਵੇਗਾ। ਪਰ ਫਿਰ, ਸਵਾਲ ਇਹ ਹੈ ਕਿ ਇਸ ਤਰ੍ਹਾਂ ਦੇ ਰਾਸ਼ਟਰ ਵਿਚ ਲਾਜ਼ਮੀ ਤੌਰ 'ਤੇ ਜੋ ਤਾਨਾਸ਼ਾਹੀ ਵਾਲਾ ਰਾਜ ਚੱਲ ਰਿਹਾ ਹੋਵੇਗਾ, ਉਹ ਕਿਸੇ ਦੇ ਹਿਤ ਪੂਰ ਰਿਹਾ ਹੋਵੇਗਾ? ਇਸ ਸਵਾਲ ਦਾ ਆਪਣੇ ਆਪ ਵਿਚ ਸਪਸ਼ਟ ਜਵਾਬ ਹੈ-ਇਜਾਰੇਦਾਰ ਪੂੰਜੀ ਦੇ ਹਿਤਾਂ ਨੂੰ ਹੀ ਪੂਰਾ ਕਰਨਾ। ਇਸ ਦੇ ਨਾਮ ਤੋਂ ਜੋ ਅਕਸ ਬਣਦਾ ਹੈ ਉਸਦੇ ਉਲਟ, ਇੱਕ ਹਿੰਦੂ ਰਾਜ ਇਜਾਰੇਦਾਰ ਪੂੰਜੀ ਦੀ ਤਾਨਾਸ਼ਾਹੀ ਦੇ ਸਿਵਾਏ ਹੋਰ ਕੁਝ ਨਹੀਂ ਹੋ ਸਕਦਾ। ਬੇਸ਼ੱਕ, ਅਜਿਹੇ ਹਿੰਦੂ ਰਾਜ ਵਿਚ ਸਰਕਾਰੀ ਸਮਾਗਮਾਂ 'ਤੇ ਹਿੰਦੂ ਕਰਮਕਾਂਡ ਅਤੇ ਹਿੰਦੂ ਧਾਰਮਿਕ ਵਿਚਾਰਾਂ ਦਾ ਲੇਪ ਚੜ੍ਹਾਇਆ ਜਾਵੇਗਾ। ਇਸ ਵਿਚ ਵੀ ਸ਼ੱਕ ਨਹੀਂ ਹੈ ਕਿ ਅਜਿਹੇ ਰਾਜ ਵਿਚ ਨੌਕਰੀਆਂ ਲਈ ਚੋਣ ਵਿਚ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਦੇ ਮੁਕਾਬਲੇ ਹਿੰਦੂਆਂ ਨੂੰ ਤਰਜੀਹ ਦਿੱਤੀ ਜਾਵੇਗੀ। ਪਰ ਅਜਿਹੇ ਰਾਜ ਵਿਚ ਵੀ ਨਵੀਆਂ ਨੌਕਰੀਆਂ ਉਸੇ ਤਰ੍ਹਾਂ ਹੀ ਦੁਰਲਭ ਹੋਣਗੀਆਂ ਜਿਸ ਤਰ੍ਹਾਂ ਕਿ ਅੱਜ ਦੁਰਲਭ ਹਨ ਸਗੋਂ ਕਾਰਪੋਰੇਟਾਂ ਦੇ ਬਣਾਉਟੀ ਬੁੱਧੀ ਨੂੰ ਵਰਤੋਂ ਵਿਚ ਲਿਆਉਣ ਦੇ ਚਲਦਿਆਂ ਅੱਜ ਜੋ ਨੌਕਰੀਆਂ ਹਨ ਵੀ, ਉਨ੍ਹਾਂ ਵਿਚੋਂ ਵੀ ਬਹੁਤ ਸਾਰੀਆਂ ਗਾਇਬ ਹੋ ਜਾਣਗੀਆਂ। ਇਸ ਤਰ੍ਹਾਂ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਜਿਹੇ ਰਾਜ ਵਿਚ ਮੁਸਲਮਾਨਾਂ ਅਤੇ ਦੂਸਰੇ ਘੱਟ-ਗਿਣਤੀ ਧਰਮ ਵਾਲੇ ਸਮੂਹਾਂ ਦੇ ਲੋਕਾਂ ਨੂੰ ਭਾਰੀ ਅਤੇ ਬਹੁਪਰਤੀ ਪਰੇਸ਼ਾਨੀਆਂ ਝੱਲਣੀਆਂ ਪੈਣਗੀਆਂ, ਪਰ ਅਜਿਹੇ ਰਾਜ ਵਿਚ ਹਿੰਦੂਆਂ ਨੂੰ ਵੀ ਆਪਣੀ ਪਰੇਸ਼ਾਨੀ ਵਿਚ ਕੋਈ ਕਮੀ ਮਹਿਸੂਸ ਕਰਨ ਦਾ ਮੌਕਾ ਨਹੀਂ ਮਿਲੇਗਾ। ਦੂਜੇ ਪਾਸੇ, ਇੱਕ ਵਰਗ ਜਿਸ ਦੀ ਤਾਕਤ ਅਜਿਹੇ ਰਾਜ ਵਿਚ ਬਹੁਤ ਵਧ ਜਾਵੇਗੀ, ਉਹ ਹੈ ਇਜਾਰੇਦਾਰ ਪੂੰਜੀਪਤੀ ਜਮਾਤ ਅਤੇ ਇਸ ਜਮਾਤ ਦੇ ਅੰਦਰ ਵੀ ਇਜਾਰੇਦਾਰ ਪੂੰਜੀਪਤੀਆਂ ਦੇ ਸਮੂਹ ਦੀ ਤਾਕਤ ਵਿਸ਼ੇਸ਼ ਤੌਰ 'ਤੇ ਵਧ ਜਾਵੇਗੀ। ਦੂਸਰੇ ਸ਼ਬਦਾਂ ਵਿਚ ਹਿੰਦੂ ਰਾਜ ਇਕ ਅਜਿਹਾ ਰਾਜ ਹੋਵੇਗਾ ਜਿਸ ਵਿਚ ਆਮ ਤੌਰ 'ਤੇ ਵੱਡੇ ਭਾਰਤੀ ਕਾਰਪੋਰੇਟ ਰਾਜ ਕਰਨਗੇ ਅਤੇ ਖਾਸ ਤੌਰ 'ਤੇ ਅਡਾਨੀਆਂ ਅਤੇ ਅੰਬਾਨੀਆਂ ਦਾ ਰਾਜ ਹੋਵੇਗਾ। ਇਹ 1930 ਦੇ ਦਹਾਕੇ ਦੇ ਜਰਮਨੀ ਦੀ ਯਾਦ ਦਿਵਾਉਂਦਾ ਹੈ। ਉੱਥੇ ਵੀ ਨਾਜੀਆਂ ਦਾ ਦਾਅਵਾ ਇਹੀ ਸੀ ਕਿ ਉਹ-ਗ਼ੈਰਆਰੀਆ- ਆਬਾਦੀਆਂ ਵਰਗੇ ਯਹੂਦੀਆਂ (ਨਾਜੀਆਂ ਦਾ ਮੰਨਣਾ ਸੀ ਕਿ ਕੋਈ ਬੰਦਾ ਆਰੀਆ ਯਹੂਦੀ-ਤਾਂ ਹੋ ਹੀ ਨਹੀਂ ਸਕਦਾ ਸੀ) ਅਤੇ ਜਿਪਸੀਆਂ ਜਾਂ ਵਣਜਾਰਿਆਂ (ਉਸੇ ਤਰ੍ਹਾਂ ਨਾਜੀਆਂ ਦੇ ਹਿਸਾਬ ਨਾਲ -ਆਰੀਆ ਜਿਪਸੀ ਵੀ ਹੋ ਹੀ ਨਹੀਂ ਸਕਦਾ ਸੀ) ਦੇ ਦਮਨ ਜ਼ਰੀਏ ਆਰੀਆ ਉੱਤਮਤਾ ਨੂੰ ਸਥਾਪਤ ਕਰ ਰਹੇ ਸਨ। ਖ਼ੈਰ, ਨਾਜੀ ਰਾਜ ਕੋਈ -ਆਰਿਆ ਰਾਜ ਨਹੀਂ ਸੀ। ਇਸ ਰਾਜ ਨੇ ਜੋ ਤਾਨਾਸ਼ਾਹੀ ਕਾਇਮ ਕੀਤੀ ਸੀ, 1935 ਵਿਚ ਹੋਈ ਕਮਿਊਨਿਸਟ ਇੰਟਰਨੈਸ਼ਨਲ ਦੀ ਸੱਤਵੀਂ ਕਾਂਗਰਸ ਵਿਚ, ਉਸਦੇ ਪ੍ਰਧਾਨ ਜਾਰਜੀ ਦਿਮਿਤਰੋਵ ਦੇ ਸੰਬੋਧਨ ਦੇ ਸ਼ਬਦਾਂ ਵਿਚ-ਵਿੱਤੀ ਪੂੰਜੀ ਦੇ ਸਭ ਤੋਂ ਪਿਛਾਖੜੀ, ਸਭ ਤੋਂ ਸੰਕੀਰਣਵਾਦੀ ਅਤੇ ਸਭ ਤੋਂ ਸਾਮਰਾਜਵਾਦੀ ਤੱਤਾਂ ਦੀ ਸ਼ਰ੍ਹੇਆਮ ਦਹਿਸ਼ਤਵਾਦੀ ਤਾਨਾਸ਼ਾਹੀ ਸੀ।

ਕਿਸੇ ਰਾਜ ਦੀ ਪਛਾਣ ਉਸ ਨੂੰ ਚਲਾਉਣ ਵਾਲਿਆਂ ਦੀ ਪਛਾਣ ਨਾਲ ਕਰਨਾ, ਕੋਈ ਜ਼ਰੂਰੀ ਨਹੀਂ ਹੈ ਕਿ ਉਸ ਰਾਜ ਦੀ ਸੱਚੀ ਪਛਾਣ ਕਰਵਾਉਂਦਾ ਹੋਵੇ। ਪੁੱਛਣ ਵਾਲਾ ਅਸਲੀ ਸਵਾਲ ਤਾਂ ਇਹ ਹੁੰਦਾ ਹੈ ਕਿ ਉਹ ਕਿਹੜਾ ਵਰਗ ਹੈ ਜੋ ਆਪਣੇ ਹੀ ਸਵਾਰਥਾਂ ਨੂੰ ਅੱਗੇ ਵਧਾਉਣ ਲਈ ਸੰਬੰਧਤ ਰਾਜ ਦੀ ਵਰਤੋਂ ਕਰਦਾ ਹੈ। ਅਤੇ ਅੱਜ ਦੇ ਜ਼ਮਾਨੇ ਵਿਚ ਤਾਂ ਜਿੰਨੇ ਵੀ ਰਾਜ ਕਿਸੇ ਖਾਸ ਨਸਲ ਜਾਂ ਧਾਰਮਿਕ ਜਾਂ ਭਾਸ਼ਾਈ ਸਮੂਹ ਦੇ ਹਿਤਾਂ ਨੂੰ ਅੱਗੇ ਵਧਾਉਣ ਦਾ ਦਾਅਵਾ ਕਰਦੇ ਹਨ ਅਤੇ ਇਸ ਲਈ ਜਮਹੂਰੀਅਤ ਦੇ ਖੰਭ ਕੁਤਰਦੇ ਹਨ ਅਤੇ ਦੂਸਰੇ ਭਾਈਚਾਰਿਆਂ ਨੂੰ ਦੂਸਰੇ ਦਰਜੇ ਦੇ ਨਾਗਰਿਕ ਬਣਾ ਕੇ ਰੱਖਦੇ ਹਨ, ਅਸਲ ਵਿਚ ਇਜਾਰੇਦਾਰ ਪੂੰਜੀ ਦੀ ਤਾਨਾਸ਼ਾਹੀ ਕਾਇਮ ਕਰਨ ਅਤੇ ਨਸਲੀ ਧਾਰਮਿਕ ਜਾਂ ਭਾਸ਼ਾਈ ਆਧਾਰ 'ਤੇ ਮਿਹਨਤਕਸ਼ ਜਨਤਾ ਨੂੰ ਦਬਾਉਣ ਜ਼ਰੀਏ 'ਆਰੀਆ ਉੱਤਮਤਾ' ਨੂੰ ਸਥਾਪਤ ਕਰ ਰਹੇ ਸਨ।

ਇੱਕ ਅਜੋਕੇ, ਬਹੁ-ਭਾਈਚਾਰਕ ਸਮਾਜ ਵਿਚ, ਕਿਸੇ ਇੱਕ ਭਾਈਚਾਰੇ ਜਾਂ ਸਮੂਹ ਦਾ ਰਾਜ ਥੋਪਿਆ ਜਾਣਾ, ਅਸਲ ਵਿਚ ਇਜਾਰੇਦਾਰ ਪੂੰਜੀ ਦੀ ਤਾਨਾਸ਼ਾਹੀ ਥੋਪੀ ਜਾਣਾ ਹੀ ਹੁੰਦਾ ਹੈ। ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਆਖਿਰਕਾਰ, ਵਰਤਮਾਨ ਧਰਮ-ਨਿਰਪੱਖ ਰਾਜ ਵਿਚ ਵੀ ਤਾਂ ਇਜਾਰੇਦਾਰ ਪੂੰਜੀ ਦਾ ਹੀ ਬੋਲਬਾਲਾ ਹੁੰਦਾ ਹੈ। ਤਦ ਇਜਾਰੇਦਾਰੀ ਪੂੰਜੀ ਨੂੰ ਆਪਣੀ ਤਾਨਾਸ਼ਾਹੀ ਦੀ ਤਸਵੀਰ ਦੇ ਰੂਪ ਵਿਚ ਇਕ ਅਜਿਹੇ ਨਵੇਂ ਅਤੇ ਮੁਕੰਮਲ ਤੌਰ 'ਤੇ ਵੱਖਰੇ, ਹਿੰਦੂ ਉੱਤਮਤਾਵਾਦੀ ਰਾਜ ਦੀ ਅਤੇ ਇਸ ਲਈ ਅਜਿਹੇ ਰਾਜ ਦੇ ਕਾਇਮ ਹੋਣ ਵਿਚ ਮਦਦ ਕਰਨ ਦੀ ਜ਼ਰੂਰਤ ਹੀ ਕੀ ਹੈ? ਜ਼ਾਹਿਰ ਹੈ ਕਿ ਇਸ ਤਰ੍ਹਾਂ ਦੇ ਬਦਲਾਅ ਦੀ ਲੋੜ ਫਿਰ ਹੀ ਹੁੰਦੀ ਹੈ, ਜਦੋਂ ਰਾਜ ਦੇ ਪਹਿਲਾਂ ਵਾਲੇ ਰੂਪ ਲਈ ਗੰਭੀਰ ਖ਼ਤਰਾ ਪੈਦਾ ਹੋ ਜਾਂਦਾ ਹੈ। ਅਤੇ ਇਹ ਅਜਿਹੇ ਦੌਰ ਵਿਚ ਹੁੰਦਾ ਹੈ ਜਦੋਂ ਅਰਥ-ਵਿਵਸਥਾ ਖੜੋਤ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਬੇਰੁਜ਼ਗਾਰੀ ਬਹੁਤ ਵਧ ਜਾਂਦੀ ਹੈ। ਹਿੰਦੂ ਰਾਜ ਦੇ ਨਾਮ 'ਤੇ, ਇਸ ਸਮੇਂ ਇਜਾਰੇਦਾਰ ਪੂੰਜੀ ਦੀ ਤਾਨਾਸ਼ਾਹੀ ਦੀ ਦਿਸ਼ਾ ਵਿਚ ਜੋ ਅੱਗੇ ਵਧ ਰਿਹਾ ਹੈ, ਉਹ ਨਵ-ਉਦਾਰਵਾਦੀ ਨਿਜ਼ਾਮ ਦੇ ਬੰਦ ਗਲੀ ਵਿਚ ਫਸਣ ਨੂੰ ਹੀ ਦਰਸਾਉਂਦਾ ਹੈ, ਜਿੱਥੇ ਇਹ ਨਿਜ਼ਾਮ ਆਰਥਿਕਤਾ ਵਿਚ ਖੜੋਤ ਅਤੇ ਵਧੀ ਹੋਈ ਬੇਰੁਜ਼ਗਾਰੀ ਲੈ ਆਇਆ ਹੈ ਅਤੇ ਮਿਹਨਤਕਸ਼ ਆਵਾਮ ਦੀ ਵੱਡੀ ਗਿਣਤੀ ਲਈ ਭਾਰੀ ਬਦਹਾਲੀ ਲਿਆਇਆ ਹੈ।

ਜਮਹੂਰੀ, ਮਿਹਨਤਕਸ਼ ਜਨਤਾ ਨੂੰ ਵਿਰੋਧ ਅਤੇ ਸੰਘਰਸ਼ ਕਰਨ ਲਈ ਜ਼ਿਆਦਾ ਗੁੰਜਾਇਸ਼ ਦਿੰਦਾ ਹੈ। ਇਸੇ ਲਈ ਸੰਕਟ ਦੇ ਹਰੇਕ ਦੌਰ ਵਿਚ ਜਮਹੂਰੀਅਤ ਨੂੰ ਕੁਤਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਸ ਦਾ ਮਕਸਦ ਹੁੰਦਾ ਹੈ, ਇਜਾਰੇਦਾਰ ਪੂੰਜੀ ਦੇ ਵੱਕਾਰ ਲਈ ਖ਼ਤਰਿਆਂ ਨੂੰ ਰੋਕ ਲਾ ਕੇ ਰੱਖਣਾ। ਪਰ, ਜਦੋਂ ਸੰਕਟ ਲੰਮਾ ਚੱਲ ਰਿਹਾ ਹੋਵੇ ਅਤੇ ਉਸਦੇ ਵੱਕਾਰ ਲਈ ਖ਼ਤਰਾ ਲਗਾਤਾਰ ਬਣ ਰਿਹਾ ਹੋਵੇ, ਤਾਂ ਇਜਾਰੇਦਾਰ ਪੂੰਜੀ ਹੋਰ ਜ਼ਿਆਦਾ ਅੱਤਵਾਦੀ ਕਦਮ ਚੁੱਕ ਲੈਂਦੀ ਹੈ। ਹੁਣ ਉਹ ਅਜਿਹੀ ਕਿਸੇ ਵੀ ਤਾਕਤ ਨਾਲ ਗੱਠਜੋੜ ਕਰ ਲੈਂਦੀ ਹੈ, ਜੋ ਲੋਕਾਂ ਨੂੰ ਵੰਡਣ ਵਿਚ ਸਭ ਤੋਂ ਜ਼ਿਆਦਾ ਸਮਰੱਥ ਹੋਵੇ। ਇਸ ਜ਼ਰੀਏ ਲੋਕਾਂ ਦਾ ਧਿਆਨ ਵੰਡਣ ਲਈ ਇਕ ਬਦਲਾਅ ਲਿਆਂਦਾ ਜਾਂਦਾ ਹੈ ਤਾਂ ਕਿ ਮਿਹਨਤਕਸ਼ ਲੋਕਾਂ ਨੂੰ ਜਥੇਬੰਦਕ ਸੰਘਰਸ਼ ਕਰਨ ਤੋਂ ਰੋਕਿਆ ਜਾ ਸਕੇ। ਭਾਰਤੀ ਪ੍ਰਸੰਗ ਵਿਚ ਇਸੇ ਦਾ ਨਾਮ ਹਿੰਦੂ ਰਾਜ ਹੈ। ਭਾਜਪਾ-ਆਰਐਸਐਸ ਦੇ ਸਲਾਹ-ਮਸ਼ਵਰੇ ਦੀ ਧਿਆਨ ਭਟਕਾਊ ਬਿਰਤੀ ਅੱਜ ਮੁਕੰਮਲ ਤੌਰ 'ਤੇ ਆਪਣੇ ਆਪ ਵਿਚ ਸਪਸ਼ਟ ਹੈ। ਅੱਜ, ਜਦੋਂ ਦੇਸ਼ ਦੀ ਕਿਰਤ ਸ਼ਕਤੀ, ਖਾਸ ਤੌਰ 'ਤੇ ਨੌਜਵਾਨ ਕਿਰਤ ਸ਼ਕਤੀ, ਬੇਰੁਜ਼ਗਾਰੀ ਦੇ ਭਾਰ ਹੇਠ ਦੱਬੀ ਪਈ ਹੈ ਅਤੇ ਪੜ੍ਹਿਆ-ਲਿਖਿਆ ਸਿੱਖਿਅਤਾਂ ਵਿਚ ਬੇਰੁਜ਼ਗਾਰੀ ਦਾ ਅਨੁਪਾਤ ਬਹੁਤ ਜ਼ਿਆਦਾ ਹੈ, ਇਸ ਭਖਦੇ ਮਸਲੇ 'ਤੇ ਕਹਿਣ ਲਈ ਦੇਸ਼ ਦੇ ਹੁਕਮਰਾਨਾਂ ਕੋਲ ਇੱਕ ਸ਼ਬਦ ਤੱਕ ਨਹੀਂ ਹੈ। ਇਸ ਦੀ ਬਜਾਏ ਉਹ ਬੰਗਲਾਦੇਸ਼ ਜ਼ਰੀਏ ਘੁਸਪੈਠ ਦਾ ਰੌਲਾ ਪਾ ਰਹੇ ਹਨ। ਵਿਡੰਬਨਾ ਇਹ ਹੈ ਕਿ ਭਾਜਪਾ ਖੁਦ ਇਹ ਮੰਨਦੀ ਹੈ ਕਿ ਕਿਸੇ ਦੇਸ਼ ਦੀ ਪ੍ਰਤੀ ਵਿਅਕਤੀ ਕੁੱਲ ਘਰੇਲੂ ਉਪਜ ਹੀ ਉਸਦੀ ਤਰੱਕੀ ਦਾ ਸਹੀ ਸੂਚਕ ਹੁੰਦਾ ਹੈ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਹਿਸਾਬ ਨਾਲ ਬੰਗਲਾਦੇਸ਼ ਦੀ ਪ੍ਰਤੀ/ਵਿਅਕਤੀ ਆਮਦਨ ਇਸ ਸਮੇਂ ਭਾਰਤ ਨਾਲੋਂ ਜ਼ਿਆਦਾ ਹੈ ਯਾਨੀ ਉਸ ਨੂੰ ਭਾਰਤ ਨਾਲੋਂ ਵੱਧ ਵਿਕਸਤ ਮੰਨਿਆ ਜਾਣਾ ਚਾਹੀਦਾ ਹੈ। ਫਿਰ ਭਾਜਪਾ ਜਿਸ ਤਰ੍ਹਾਂ ਦੀ ਭਾਰੀ ਘੁਸਪੈਠ ਦਾ ਦਾਅਵਾ ਕਰ ਰਹੀ ਹੈ, ਉਸ ਤਰ੍ਹਾਂ ਦੀ ਘੁਸਪੈਠ ਇੱਕ ਘੱਟ ਵਿਕਸਤ ਦੇਸ਼ ਵੱਲ ਵੱਧ ਵਿਕਸਤ ਦੇਸ਼ ਦੇ ਲੋਕਾਂ ਵੱਲੋਂ ਕਿਉਂ ਹੋ ਸਕਦੀ ਹੈ? ਉਦਾਰਵਾਦੀ ਸੋਚ ਦੇ ਲੋਕ ਪਿਛਲੇ ਕੁਝ ਸਮੇਂ ਤੋਂ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਕਿ ਪਿਛਲੇ ਕੁਝ ਸਮੇਂ 'ਚ ਭਾਰਤ ਵਿਚ ਹਿੰਦੂਤਵ ਦਾ ਅਜਿਹਾ ਉਭਾਰ ਕਿਉਂ ਆਇਆ ਹੈ। ਪਰ, ਉਦਾਰਵਾਦੀ ਵਿਚਾਰ ਇਸ ਦਾ ਧਿਆਨ ਰੱਖਣ ਵਿਚ ਅਸਫਲ ਰਹਿੰਦਾ ਹੈ ਕਿ ਭਾਰਤ ਵਿਚ ਹਿੰਦੂਤਵ ਦਾ ਉਭਾਰ, ਦੁਨੀਆ ਭਰ ਵਿਚ ਨਵ-ਫਾਸ਼ੀਵਾਦ ਦੇ ਉਭਾਰ ਦਾ ਹਿੱਸਾ ਹੈ। ਇਸ ਲਈ ਉਸਦੇ ਉਭਾਰ ਦੀ ਕੋਈ ਵੀ ਸਿਰਫ ਭਾਰਤ ਵਿਸ਼ੇਸ਼ ਵਿਆਖਿਆ ਢੁਕਵੀਂ ਨਹੀਂ ਹੋਵੇਗੀ। ਦੂਸਰੇ ਸ਼ਬਦਾਂ ਵਿਚ ਹਿੰਦੂਤਵ ਦਾ ਇਹ ਉਭਾਰ ਵਿਸ਼ੇਸ਼ ਜਾਂ ਸਥਾਨਕ ਵਰਤਾਰਾ ਨਹੀਂ ਹੈ। ਬਹੁਤ ਹੱਦ ਤੱਕ ਇਸ ਨੂੰ ਭਾਰਤ ਵਿਚ ਵੀ ਵਿੱਤੀ ਅਤੇ ਮੀਡੀਆ ਦੀ ਮੱਦਦ ਜ਼ਰੀਏ, ਇਜਾਰੇਦਾਰ ਪੂੰਜੀ ਦੁਆਰਾ ਉਸੇ ਤਰ੍ਹਾਂ ਉਕਸਾਇਆ ਗਿਆ ਹੈ, ਜਿਸ ਤਰ੍ਹਾਂ ਨਾਲ ਅਰਜਨਟੀਨਾ ਤੋਂ ਅਮਰੀਕਾ, ਇਟਲੀ , ਫਰਾਂਸ, ਜਰਮਨੀ ਅਤੇ ਯੂ.ਕੇ. ਆਦਿ ਤੱਕ ਵਿਚ ਉਕਸਾਇਆ ਗਿਆ ਹੈ। ਅਤੇ ਇਹ ਨਵ-ਉਦਾਰਵਾਦੀ ਪੂੰਜੀਵਾਦ ਦੁਆਰਾ ਆਲਮੀ ਆਰਥਿਕਤਾ ਨੂੰ ਬੰਦ ਗਲੀ ਵਿਚ ਪਹੁੰਚਾ ਦਿੱਤੇ ਜਾਣ ਦੇ ਪਿਛੋਕੜ ਵਿਚ ਹੋ ਰਿਹਾ ਹੈ। ਆਰਐਸਐਸ ਨੇ ਪਿਛਲੇ ਹੀ ਦਿਨੀਂ ਆਪਣੀ ਸ਼ਤਾਬਦੀ ਮਨਾਈ। ਅੱਜ ਉਹ ਅਚਾਨਕ ਖੁਦ ਨੂੰ ਸੱਤਾ ਵਿਚ ਬੈਠਾ ਦੇਖ ਰਿਹਾ ਹੈ, ਜਦੋਂ ਕਿ ਸੌ ਸਾਲ ਤੱਕ ਸੱਤਾ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਿਆ ਸੀ। ਇੰਨਾ ਹੀ ਨਹੀਂ ਉਹ ਆਪਣੇ -ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ-ਹੋਣ ਦੀ ਸ਼ੇਖੀ ਵੀ ਮਾਰ ਸਕਦਾ ਹੈ। ਇਹ ਸਭ ਉਸ ਸਮੇਂ ਉਸਨੂੰ ਇਜਾਰੇਦਾਰ ਪੂੰਜੀ ਤੋਂ ਮਿਲ ਰਹੇ ਭਾਰੀ ਹਮਾਇਤ ਦਾ ਹੀ ਨਤੀਜਾ ਹੈ। ਪਰ, ਅਜਿਹਾ ਵੀ ਨਹੀਂ ਹੈ ਕਿ ਸਿਰਫ ਇਜਾਰੇਦਾਰੀ ਪੂੰਜੀ ਨੇ ਹੀ ਹਿੰਦੂਤਵ ਪ੍ਰਤੀ ਹਮਾਇਤ ਦਾ ਰੁਖ਼ ਅਪਣਾਅ ਲਿਆ ਹੈ। ਹਿੰਦੂਤਵਵਾਦੀ ਅਨਸਰਾਂ ਨੇ ਵੀ ਇਜਾਰੇਦਾਰ ਪੂੰਜੀ ਪ੍ਰਤੀ ਆਪਣਾ ਰੁਖ਼ ਬਦਲਿਆ ਹੈ। ਪਹਿਲਾਂ ਆਰਐਸਐਸ ਦਾ ਮੁੱਖ ਹਮਾਇਤ ਆਧਾਰ ਛੋਟੇ ਦੁਕਾਨਦਾਰਾਂ, ਛੋਟੇ ਪੂੰਜੀਪਤੀਆਂ ਅਤੇ ਸ਼ਹਿਰੀ ਮੱਧ ਵਰਗ ਦਰਮਿਆਨ ਹੀ ਹੋਇਆ ਕਰਦਾ ਸੀ ਅਤੇ ਉਸ ਨੂੰ ਕੁਝ ਜਗੀਰੂ ਅਨਸਰਾਂ ਤੋਂ ਵਿੱਤੀ ਸਹਾਇਤਾ ਵੀ ਹਾਸਲ ਹੋਇਆ ਕਰਦੀ ਸੀ। ਬੇਸ਼ੱਕ, ਜਰਮਨੀ ਦੇ ਉਲਟ ਜਿੱਥੇ ਨਾਜੀਆਂ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਪ੍ਰਤੱਖ ਤੌਰ 'ਤੇ ਇੱਕ ਇਜਾਰੇਦਾਰੀ ਰੁਖ ਅਪਣਾਈ ਰੱਖਿਆ ਸੀ, ਆਰਐਸਐਸ ਨੇ ਕਦੀ ਇਜਾਰੇਦਾਰੀ ਵਿਰੁੱਧ ਬੋਲੀ ਬੋਲਣਾ ਮਨਜ਼ੂਰ ਨਹੀਂ ਕੀਤਾ ਸੀ, ਫਿਰ ਵੀ ਆਰਐਸਐਸ ਸਿਰਫ ਇਜ਼ਾਰੇਦਾਰ ਪੂੰਜੀ ਪ੍ਰਸਤ ਵੀ ਨਹੀਂ ਰਿਹਾ ਸੀ। ਪਹਿਲਾਂ ਹਿੰਦੂਤਵਵਾਦੀ ਖੇਮੇ ਵਿਚ ਆਰਥਿਕ ਨੀਤੀ ਦੇ ਸੰਬੰਧ ਵਿਚ ਬਦਲਵੀਂ ਆਵਾਜ਼ ਵੀ ਹੋਇਆ ਕਰਦਾ ਸੀ, ਹਾਲਾਂਕਿ ਆਰਥਿਕ ਨੀਤੀ ਆਪਣੇ ਆਪ ਵਿਚ ਹਿੰਦੂਤਵਵਾਦੀ ਤਾਕਤਾਂ ਦੀ ਖਾਸ ਚਿੰਤਾ ਦਾ ਵਿਸ਼ਾ ਕਦੀ ਵੀ ਨਹੀਂ ਰਿਹਾ ਸੀ। ਨਰੇਂਦਰ ਮੋਦੀ ਦਾ ਯੋਗਦਾਨ ਇਸ ਸਭ ਨੂੰ ਬਦਲ ਦੇਣ ਵਿਚ ਹੀ ਹੈ। ਹਿੰਦੂਤਵ ਦੀ ਪੈੜ ਵਿਚ ਉਨ੍ਹਾਂ ਦਾ ਮਹੱਤਵ ਇਸੇ ਵਿਚ ਹੈ ਕਿ ਨਰੇਂਦਰ ਮੋਦੀ ਕਾਰਪੋਰੇਟ-ਹਿੰਦੂਤਵ ਗੱਠਜੋੜ ਦਾ ਘਾੜੇ ਬਣ ਗਿਆ ਹੈ। ਅਤੇ ਉਹ ਗੱਠਜੋੜ ਕਾਇਮ ਕਰਨ ਦੇ ਜ਼ੋਰ 'ਤੇ ਹੀ ਹਿੰਦੂਤਵ ਸੱਤਾ ਵਿਚ ਆਇਆ ਹੈ। ਅਸਲ ਵਿੱਚ ਨਰੇਂਦਰ ਮੋਦੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਅੱਗੇ ਵਧਾਏ ਜਾਣ ਦਾ ਵਿਚਾਰ ਹੀ ਗੁਜਰਾਤ ਵਿਚ-ਇਨਵੈਸਟਰ ਸਿਖ਼ਰ ਸੰਮੇਲਨ ਵਿਚ ਪੂੰਜੀਪਤੀਆਂ ਦੇ ਇਕ ਜਮਾਵੜੇ ਵਿਚ ਪੇਸ਼ ਕੀਤਾ ਗਿਆ ਸੀ, ਜੋ ਕਿ ਓਦੋਂ ਦੀ ਗੱਲ ਹੈ ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ। ਬਦਲੇ ਵਿਚ ਨਰੇਂਦਰ ਮੋਦੀ ਇਜਾਰੇਦਾਰ ਪੂੰਜੀ ਦੇ ਅਤੇ ਉਸ ਵਿਚ ਵੀ ਖਾਸ ਤੌਰ 'ਤੇ ਇਸ ਪੂੰਜੀ ਦੇ ਨਵੇਂ ਪੈਦਾ ਹੋਏ ਜਾਂ ਸਿਖਾਂਦਰੂ ਅਨਸਰਾਂ ਦਾ ਬੇਝਿਜਕ, ਕੁਝ ਵੀ ਕਰਨ ਨੂੰ ਤਿਆਰ, ਪਰਮੋਟਰ ਬਣ ਗਿਆ। ਇਸ ਪ੍ਰਕਿਰਿਆ ਵਿਚ ਉਹ ਕੌਮਾਂਤਰੀ ਵਿੱਤੀ ਪੂੰਜੀ ਦਾ ਵੀ ਪ੍ਰਮੋਟਰ ਬਣ ਗਿਆ, ਜਿਸ ਨਾਲ ਨਵ-ਉਦਾਰਵਾਦੀ ਦੌਰ ਵਿਚ ਭਾਰਤੀ ਇਜਾਰੇਦਾਰਾਨਾ ਪੂੰਜੀ ਨੇ ਗੰਢ ਲਿਆ ਸੀ। ਨਵ-ਉਦਾਰਵਾਦੀ ਪੂੰਜੀਵਾਦ ਦੀ ਖੜੋਤ ਦੇ ਦੌਰ ਵਿਚ, ਆਪਣੇ ਨਵੇਂ-ਫਾਸ਼ੀਵਾਦੀ ਏਜੰਡੇ ਨਾਲ ਮੋਦੀ, ਭਾਰਤੀ ਇਜਾਰੇਦਾਰ ਪੂੰਜੀ ਲਈ ਖਾਸ ਤੌਰ 'ਤੇ ਲਾਹੇਵੰਦ ਸੰਪੱਤੀ ਬਣ ਗਿਆ ਹੈ।

## ਕਾਵਿ-ਕਿਆਰੀ

### ਹਾਏ ਮੇਰੇ ਪੰਜਾਬ!

ਮੈਨੂੰ ਗਏ ਪੰਜਾਬ ਦੀ ਭਾਲ ਕੁੜੇ।
ਕਦੇ ਹੈ ਸੀ ਜੋ ਮਾਲੋ-ਮਾਲ ਕੁੜੇ।
ਦੋਖੀ ਬੇੜੀਂ ਵੱਟੇ ਪਾਉਂਦੇ ਰਹੇ,
ਹੁਣ ਹੋ ਗਿਆ ਹਾਲੋਂ ਬੇਹਾਲ ਕੁੜੇ।

ਸਨ ਜੁੱਸਿਆਂ ਵਾਲੇ ਜਵਾਨ ਇਥੇ।
ਸੁੰਦਰ ਤ੍ਰੀਮਤਾਂ ਵਾਲੀ ਖ਼ਾਨ ਇਥੇ।
ਪੱਟੇ ਅਵੱਲਿਆਂ ਅਮਲਾਂ ਨੇ,
ਇਹ ਮੂੰਹ ਅੱਡ ਖੜ੍ਹਾ ਸਵਾਲ ਕੁੜੇ।

ਇਹਦਾ ਭੋਲਾਪਣ ਇਹਨੂੰ ਲੈ ਬੈਠਾ।
ਬਾਹਲਾ ਵੰਡਣ ਦਾ ਚਾਅ ਲੈ ਬੈਠਾ।
ਗੈਰਾਂ ਲਈ ਮਿਟ-ਮਿਟ ਜਾਂਦਾ ਇਹ,
ਖੜ੍ਹੇ ਵੈਰੀ ਅੱਗੇ ਬਣ ਢਾਲ ਕੁੜੇ।

ਥੱਲੋਂ ਭੋਂ ਆਪਣੀ ਪਾਣੀ ਕੱਢਦਾ ਹੈ।
ਲੱਖ ਦਰਿਆ ਬੇ-ਸ਼ੱਕ ਵਗਦਾ ਹੈ।
ਨਹੀਂ ਲੋੜ ਪਰ ਝੋਨਾ ਲਾਉਂਦਾ ਏ,
ਕਦੇ ਸੋਚ ਨਾ ਕਰੇ ਖ਼ਿਆਲ ਕੁੜੇ।

ਇਹਦੀ ਹੋਂਦ ਗੈਰਾਂ ਨੂੰ ਖਟਕਦੀ ਹੈ।
ਅੱਖੀਂ ਮਟਕ ਨਿਰਾਲੀ ਰੜਕਦੀ ਹੈ।
ਇਹਦਾ ਖੁਰਾ-ਖੋਜ ਮਿਟਾਵਣ ਨੂੰ,
ਦੋਖੀ ਚੱਲਣ ਗਹਿਰੀ ਚਾਲ ਕੁੜੇ।

ਇਹਦੇ ਵੈਰੀਆਂ ਹੱਥ ਪੈਰ ਬੰਨ੍ਹ ਲਏ।
ਉੱਤੋਂ ਘਰ-ਘਰ ਵੀ ਲੱਗ ਸੰਨ੍ਹ ਗਏ।
ਮੂੰਹ ਤਾਲੇ ਲੱਗ ਗਏ ਭਾਰੇ ਨੇ,
ਵਿੰਨ੍ਹਾ ਕਰਜ ਥੱਲੇ ਹਰ ਵਾਲ ਕੁੜੇ।

ਉੱਠੋ ਦਰਦਵੰਦੋ ਨਾ ਹੁਣ ਦੇਰ ਕਰੋ।
ਕਾਲੀ ਰਾਤ ਨੂੰ ਬਦਲ ਸਵੇਰ ਕਰੋ।
ਹਰ ਹੱਥ 'ਚ ਦੂਜਾ ਹੱਥ ਹੋਵੇ,
ਸੰਗ ਕਦਮ, ਕਦਮ ਦੀ ਤਾਲ ਜੁੜੇ।

*-ਗੁਰਬਖਸ਼ ਸਿੰਘ 'ਨਾਕਾਮ'*
*+1 864 318 5500*

---

### ਵਕਤ ਦਾ ਸਬਕ

ਦੌਰ ਸਮਿਆਂ ਦਾ ਨਿਰੰਤਰ ਚੱਲੇ,
ਨਹੀਂ ਚੰਗੇ ਦਿਨ ਹਮੇਸ਼।
ਨਹੀਂ ਮਾੜਾ ਰਹੇ ਸਦਾ ਕਿਸੇ 'ਤੇ,
ਇਤਿਹਾਸ ਦਾ ਹੈ ਸੰਦੇਸ਼

ਜੀਵਨ ਤਾਂ ਤਿੰਨ ਸੌ ਸੱਠ ਦਰਜਾ,
ਸਿਫ਼ਰੋਂ ਸ਼ੁਰੂ ਹੋ ਅਵਸ਼ੇਸ਼।
ਨਾਂਹੀ ਗੁੱਡੀ ਚੜ੍ਹੀ ਸਹੇ ਜ਼ਮਾਨਾ,
ਯਤਨ ਸਦਕਾ ਹੈ ਪ੍ਰਵੇਸ਼।

ਸਰੀਰ ਮਰੇ ਤਾਂ ਕੁੱਝ ਨਹੀਂ ਮਰਦਾ,
ਪਰ ਜਿੰਦਾ ਜ਼ਮੀਰ ਰਹੇ।
ਹਿੰਮਤ-ਹੌਂਸਲਾ ਕਦੇ ਨਹੀਂ ਹਰਦਾ,
ਸੋਚਾਂ ਸੰਦਾ ਅਮੀਰ ਰਹੇ।

ਚੜ੍ਹਦੀ ਕਲਾ ਦੀ ਇਹੋ ਨਿਸ਼ਾਨੀ,
ਬੁਲੰਦ ਬੰਦਾ ਜ਼ਹੀਰ ਰਹੇ।
ਸੱਚ-ਹੱਕ ਲਈ ਜੂਝ ਕੇ ਦੱਸਿਆ,
ਵਗਦੀ ਸਦਾ ਵਹੀਰ ਰਹੇ।

*-'ਸੇਵਾ ਸਿੰਘ 'ਨੂਰਪੁਰੀ'*

---

## ਸਲੇਮਪੁਰੀ ਦੀ ਚੂੰਢੀ

# ਪਾਸਪੋਰਟ -ਬਿੱਗ ਜ਼ੀਰੋ !

-ਤੁਹਾਡੇ ਕੋਲ ਭਾਰਤੀ ਪਾਸਪੋਰਟ ਹੈ, ਤਾਂ ਤੁਸੀਂ ਕਿਸੇ ਵੀ ਸਰਕਾਰੀ/ਅਰਧ-ਸਰਕਾਰੀ/ਗੈਰ-ਸਰਕਾਰੀ ਸੰਸਥਾ ਵਿਚ ਕਿਸੇ ਕੰਮ ਲਈ ਆਪਣੇ ਬਾਰੇ ਪਛਾਣ ਕਰਵਾਉਣ ਲਈ ਸਬੂਤ ਵਜੋਂ ਇਸ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਡੇ ਕੋਲ ਵੋਟਰ ਕਾਰਡ ਨਹੀਂ ਹੈ, ਪਰ ਵੋਟਰ ਸੂਚੀ ਵਿਚ ਤੁਹਾਡਾ ਨਾਂ ਦਰਜ ਹੈ ਤਾਂ ਵਿਧਾਨ ਸਭਾ, ਲੋਕ ਸਭਾ ਸਮੇਤ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਸਬੂਤ ਵਜੋਂ ਪਾਸਪੋਰਟ ਦੀ ਵਰਤੋਂ ਕਰ ਸਕਦੇ ਹੋ। ਪਾਸਪੋਰਟ ਤੁਹਾਡੀ ਨਾਗਰਿਕਤਾ ਦਾ ਸਭ ਤੋਂ ਵੱਡਾ ਸਬੂਤ ਹੈ। ਪਾਸਪੋਰਟ ਬਣਵਾਉਣ ਲਈ ਬਹੁਤ ਗੁੰਝਲਦਾਰ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ

**ਸੁਖਦੇਵ ਸਲੇਮਪੁਰੀ**
**ਫੋਨ: 97806-20233**

ਹੈ, ਤਾਂ ਜਾ ਕੇ ਪਾਸਪੋਰਟ ਹੱਥ ਵਿਚ ਆਉਂਦਾ ਹੈ। ਕਿਸੇ ਵਿਅਕਤੀ ਦਾ ਪਾਸਪੋਰਟ ਬਣਾਉਣ ਤੋਂ ਪਹਿਲਾਂ ਸਰਕਾਰ ਡੂੰਘੀ ਜਾਂਚ ਕਰਦੀ ਹੈ। ਪਾਸਪੋਰਟ ਦੇ ਜ਼ਰੀਏ ਅਸੀਂ ਵਿਦੇਸ਼ ਵਿਚ ਜਾ ਸਕਦੇ ਹਾਂ, ਘੁੰਮ ਸਕਦੇ ਹਾਂ। ਪਰ ਭਾਰਤ ਸਰਕਾਰ ਨੇ ਇਸ ਦੀ ਕੀਮਤ ਨੂੰ 'ਬਿੱਗ ਜ਼ੀਰੋ' ਬਣਾ ਦਿੱਤਾ ਹੈ, ਜਿਸ ਕਰਕੇ ਹੁਣ ਭਾਰਤੀ ਪਾਸਪੋਰਟ ਮਹਿਜ਼ ਇੱਕ ਕਾਗਜ਼ ਦੇ ਟੁਕੜੇ ਤੋਂ ਵੱਧ ਕੁੱਝ ਵੀ ਨਹੀਂ ਰਿਹਾ। ਵਿਦੇਸ਼ ਜਾਣ ਸਮੇਂ ਟਿਕਟ ਖ਼ਰੀਦਣ ਲਈ ਇੱਕ ਸਹਾਇਕ ਕਾਗਜ਼ ਦਾ ਟੁਕੜਾ ਹੈ, ਇਸ ਤੋਂ ਵੱਧ ਕੁਝ ਵੀ ਨਹੀਂ। ਹੁਣ ਜੇ ਤੁਸੀਂ ਸਰਕਾਰੇ-ਦਰਬਾਰੇ ਜਾਂ ਕਿਸੇ ਹੋਰ ਕੰਮ ਲਈ ਆਪਣੀ ਪਛਾਣ ਦਰਸਾਉਣ ਲਈ ਪਾਸਪੋਰਟ ਦੀ ਸਬੂਤ ਵਜੋਂ ਵਰਤੋਂ ਕਰੋਗੇ ਤਾਂ ਨਹੀਂ ਮੰਨੀ ਜਾਵੇਗੀ, ਕਿਉਂਕਿ ਹੁਣ ਇਹ ਤੁਹਾਨੂੰ ਭਾਰਤੀ ਨਾਗਰਿਕ ਹੋਣ ਦਾ ਸਬੂਤ ਨਹੀਂ ਦੇਵੇਗਾ। ਭਾਰਤ ਨੂੰ ਛੱਡ ਕੇ ਸੰਸਾਰ ਦੇ ਬਾਕੀ ਦੇਸ਼ਾਂ ਦੇ ਨਾਗਰਿਕਾਂ ਕੋਲ ਜੇਕਰ ਆਪਣੇ ਦੇਸ਼ ਦਾ ਪਾਸਪੋਰਟ ਹੈ, ਤਾਂ ਉਥੋਂ ਦੀ ਨਾਗਰਿਕਤਾ ਨੂੰ ਸਪੱਸ਼ਟ ਕਰਦਾ ਹੈ, ਪਰ ਭਾਰਤੀ ਪਾਸਪੋਰਟ ਭਾਰਤੀ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਵੇਗਾ। ਉਂਝ ਵੀ ਜਦੋਂ ਅਸੀਂ ਹੇਠਲੇ ਪਾਸਪੋਰਟ ਇੰਡੈਕਸ ਦੀ ਰਿਪੋਰਟ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕੌਮਾਂਤਰੀ ਪੱਧਰ 'ਤੇ ਭਾਰਤੀ ਪਾਸਪੋਰਟ ਦਾ ਰੈਂਕ 75 ਤੋਂ 80 ਦੇ ਵਿਚਕਾਰ ਆਉਂਦਾ ਹੈ ਜਦਕਿ ਸਿੰਗਾਪੁਰ, ਜਪਾਨ, ਫਰਾਂਸ, ਯੂ.ਏ.ਈ, ਸਪੇਨ ਵਰਗੇ ਦੇਸ਼ਾਂ ਦੇ ਪਾਸਪੋਰਟਾਂ ਦਾ ਰੈਂਕ ਭਾਰਤ ਤੋਂ ਬਹੁਤ ਉਪਰ ਹੈ।

ਹੁਣ ਸੋਚਣ ਵਾਲੀ ਗੱਲ ਹੈ ਕਿ ਭਾਰਤੀ ਪਾਸਪੋਰਟ ਦੀ ਕੀਮਤ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਕ ਦਮ ਜ਼ੀਰੋ ਕਿਉਂ ਬਣਾ ਦਿੱਤੀ ਹੈ। ਇਸ ਦਾ ਵੱਡਾ ਕਾਰਨ ਹੈ ਕਿ ਪੰਜਾਬ ਵਿਚ ਅਗਲੇ ਸਾਲ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਪੰਜਾਬ ਵਿਚ ਵੋਟਾਂ ਦੀ ਸੁਧਾਈ (ਐਸ.ਆਈ.ਆਰ.) ਦਾ ਕੰਮ 26 ਜੂਨ ਤੋਂ ਦੂਜੇ ਪੜਾਅ ਤਹਿਤ ਸ਼ੁਰੂ ਹੋ ਗਿਆ ਹੈ। ਭਾਜਪਾ ਸਰਕਾਰ ਹਰ ਕੀਮਤ 'ਤੇ ਪੰਜਾਬ ਚੋਣਾਂ ਜਿੱਤਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ, ਜਿਸ ਕਰਕੇ ਪਾਸਪੋਰਟ ਦੀ ਕੀਮਤ ਖਤਮ ਕਰ ਦਿੱਤੀ ਗਈ ਹੈ। ਭਾਜਪਾ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਹੈ ਕਿ ਪੰਜਾਬ ਵਿਚ ਲਗਭਗ 32 ਫ਼ੀਸਦੀ ਲੋਕਾਂ ਕੋਲ ਪਾਸਪੋਰਟ ਹਨ, ਉਹ ਵੋਟਾਂ ਦੀ ਸੁਧਾਈ ਸਮੇਂ ਭਾਰਤੀ ਨਾਗਰਿਕ ਦੇ ਸਬੂਤ ਵਜੋਂ ਇਸ ਦੀ ਵਰਤੋਂ ਕਰ ਸਕਦੇ ਹਨ, ਇਸ ਲਈ ਪਾਸਪੋਰਟ ਦੀ ਮਹੱਤਤਾ ਖ਼ਤਮ ਕਰ ਦਿੱਤੀ ਗਈ ਹੈ ਤਾਂ ਜੋ ਵੱਧ ਤੋਂ ਵੱਧ ਵੋਟਾਂ ਕੱਟੀਆਂ ਜਾ ਸਕਣ। ਭਾਜਪਾ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਚੋਣਾਂ ਜਿੱਤਣ ਲਈ ਚੋਣਾਂ ਤੋਂ ਪਹਿਲਾਂ ਜਿੱਥੇ ਵੋਟਾਂ ਦੀ ਸੁਧਾਈ ਕਰਵਾਈ ਹੈ, ਉਥੋਂ-ਉਥੋਂ ਦੀ ਵੋਟ ਸਥਿਤੀ ਨੂੰ ਵੇਖਦਿਆਂ ਵੋਟ ਸੁਧਾਈ ਲਈ ਸ਼ਰਤਾਂ ਘੜੀਆਂ ਕੀਤੀਆਂ, ਜਿਵੇਂ ਬਿਹਾਰ ਵਿਚ ਚੋਣਾਂ ਜਿੱਤਣ ਲਈ ਵੋਟਾਂ ਦੀ ਸੁਧਾਈ ਲਈ ਹੋਰ ਨਿਯਮ/ਸ਼ਰਤਾਂ ਬਣਾਈਆਂ, ਪੱਛਮੀ ਬੰਗਾਲ ਅਤੇ ਅਸਾਮ ਵਰਗੇ ਰਾਜਾਂ ਵਿਚ ਉਥੋਂ ਦੀਆਂ ਵੋਟ ਪ੍ਰਸਥਿਤੀਆਂ ਅਨੁਸਾਰ ਵੋਟ ਸੁਧਾਈ ਲਈ ਨਿਯਮ ਨਿਰਧਾਰਿਤ ਕਰ ਦਿੱਤੇ, ਹੁਣ ਪੰਜਾਬ ਦੀ ਵੋਟ ਸਥਿਤੀ ਅਨੁਸਾਰ ਪਾਸਪੋਰਟ ਦੀ ਮਹੱਤਤਾ ਨੂੰ




ਮਿੱਟੀ ਵਿਚ ਮਿਲਾ ਦਿੱਤਾ ਗਿਆ ਹੈ। ਭਾਜਪਾ ਇਸ ਗੱਲ ਤੋਂ ਵੀ ਜਾਣੂੰ ਹੈ ਕਿ ਪੰਜਾਬ ਦੇ ਲੋਕ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਬੈਠੇ ਹਨ ਜਦਕਿ ਬਿਹਾਰ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਹੋਰ ਕਈ ਰਾਜਾਂ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਪੰਜਾਬ ਵਿਚ ਆ ਕੇ ਵੱਸ ਰਹੇ ਹਨ। ਪ੍ਰਵਾਸੀ ਲੋਕਾਂ ਵਿਚ ਪੰਜਾਬ ਵਿਚ ਧੜਾਧੜ ਵੋਟਾਂ ਬਣਾਉਣ ਦੀ ਹੋੜ ਲੱਗੀ ਹੋਈ ਹੈ। ਇਸ ਤਰ੍ਹਾਂ ਭਾਜਪਾ ਪੰਜਾਬ ਜਿੱਤਣ ਲਈ ਪੂਰੀ ਤਰ੍ਹਾਂ ਪੱਬਾਂ ਭਾਰ ਹੋਈ ਬੈਠੀ ਹੈ। ਭਾਜਪਾ ਇਹ ਵੀ ਭਲੀ-ਭਾਂਤ ਜਾਣਦੀ ਹੈ ਕਿ ਪੰਜਾਬੀ ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਦੇ ਲੋਕਾਂ ਵਾਂਗ ਲਕੀਰ ਦੇ ਫ਼ਕੀਰ ਨਹੀਂ ਹਨ, ਇਹ ਵੱਖਰਾ ਰਾਹ ਬਣਾ ਕੇ ਚਲਣ ਦੇ ਆਦੀ ਹਨ।

ਪੰਜਾਬੀ ਇਹ ਵੀ ਸਮਝ ਗਏ ਹਨ ਕਿ ਪੰਜਾਬ ਚੋਣਾਂ ਤੋਂ ਬਾਅਦ ਪਾਸਪੋਰਟ ਦੀ ਮਹੱਤਤਾ ਸਬੰਧੀ ਜਾਰੀ ਕੀਤੇ ਹੁਕਮ ਰੱਦ ਕਰ ਦਿੱਤੇ ਜਾਣਗੇ, ਇਹ ਸਭ ਕੁਝ ਚੋਣਾਂ ਜਿੱਤਣ ਲਈ ਮਹਿਜ਼ ਇੱਕ ਹੱਥ-ਕੰਡਾ ਹੈ। ਭਾਰਤੀ ਨਾਗਰਿਕਤਾ ਨੂੰ ਦਰਸਾਉਂਦੇ ਭਾਰਤੀ ਪਾਸਪੋਰਟ ਦੀ ਮਹੱਤਤਾ ਨੂੰ ਖ਼ਤਮ ਕਰਕੇ ਭਾਜਪਾ ਸਰਕਾਰ ਨੇ ਬਹੁਤ ਵੱਡੀ ਗਲਤੀ ਕੀਤੀ ਹੈ, ਪਰ ਪੰਜਾਬ ਉਪਰ ਕਬਜ਼ਾ ਕਰਨ ਲਈ ਅਜਿਹਾ ਕਦਮ ਚੁੱਕਣਾ ਭਾਜਪਾ ਦੀ ਕਮਜ਼ੋਰੀ ਬਣ ਗਿਆ ਹੈ।

ਅਫ਼ਸੋਸ, ਇਸ ਗੱਲ ਦਾ ਹੈ ਕਿ ਫਰਜ਼ ਕਰੋ ਜੇਕਰ ਕੈਨੇਡਾ/ਅਮਰੀਕਾ ਵਿਚ ਪਾਕਿਸਤਾਨੀ, ਚੀਨੀ, ਜਾਪਾਨੀ, ਬੰਗਲਾਦੇਸ਼ੀ, ਇਰਾਨੀ, ਇਰਾਕੀ, ਨੇਪਾਲੀ, ਭੂਟਾਨੀ ਕਿਸੇ ਮਹਿਫ਼ਲ ਵਿਚ ਬੈਠੇ ਹੋਣਗੇ ਤਾਂ ਉਹ ਜਦੋਂ ਆਪਣੇ ਜਾਂ ਆਪਣੇ ਦੇਸ਼ ਬਾਰੇ ਜਾਣ/ਪਛਾਣ ਕਰਵਾਉਣਗੇ ਤਾਂ ਆਪਣਾ ਪਾਸਪੋਰਟ ਵਿਖਾਉਣਗੇ। ਉਹ ਬਹੁਤ ਹੀ ਫ਼ਖ਼ਰ ਨਾਲ ਆਪਣੇ ਦੇਸ਼ ਦੇ ਪਾਸਪੋਰਟ ਆਪਣੇ ਦੇਸ਼ ਦੀ ਨਾਗਰਿਕਤਾ ਦਾ ਸਬੂਤ ਪੇਸ਼ ਕਰਨ ਲਈ ਵਿਖਾਉਣਗੇ, ਪਰ ਜਦੋਂ ਕੋਈ ਭਾਰਤੀ ਆਪਣੀ ਨਾਗਰਿਕਤਾ ਦਾ ਸਬੂਤ ਦੇਣ ਲਈ ਆਪਣਾ ਪਾਸਪੋਰਟ ਵਿਖਾਏਗਾ ਤਾਂ ਉਸ ਨੂੰ ਭਾਰੀ ਨਮੋਸ਼ੀ ਝੱਲਣੀ ਪਵੇਗੀ, ਕਿਉਂਕਿ ਭਾਰਤ ਸਰਕਾਰ ਨੇ ਭਾਰਤੀ ਪਾਸਪੋਰਟ ਦੀ ਮਹੱਤਤਾ ਖਤਮ ਕਰ ਦਿੱਤੀ ਹੈ, ਜਿਸ ਕਰਕੇ ਵਿਦੇਸ਼ਾਂ ਵਿਚ ਵਸਦੇ ਭਾਰਤੀ ਪਾਸਪੋਰਟ ਵਾਲਿਆਂ ਸਮੇਤ ਭਾਰਤ ਵਿਚ ਵਸਦੇ ਭਾਰਤੀ ਪਾਸਪੋਰਟ ਵਾਲੇ ਭਾਰਤੀਆਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਹੁਣ ਨਾਗਰਿਕਤਾ ਦੇ ਪ੍ਰਮਾਣ-ਪੱਤਰ ਵਜੋਂ ਮੰਨਿਆ ਜਾਂਦਾ ਪਾਸਪੋਰਟ ਦਸਤਾਵੇਜ਼ ਅਸਲ ਵਿਚ ਨਾਗਰਿਕਤਾ ਦਾ ਦਸਤਾਵੇਜ਼ ਨਹੀਂ ਰਿਹਾ। ਇਸ ਤੋਂ ਪਹਿਲਾਂ ਦੇਸ਼ ਵਿਚ ਆਧਾਰ ਕਾਰਡ, ਵੋਟਰ ਕਾਰਡ ਅਤੇ ਪੈਨ ਕਾਰਡ ਨੂੰ ਵੀ ਨਾਗਰਿਕਤਾ ਦਸਤਾਵੇਜ਼ ਨਾ ਮੰਨਣ 'ਤੇ ਬਹਿਸ ਛਿੜੀ ਹੋਈ ਹੈ ਅਤੇ ਇਸ ਦੇ ਨਾਲ ਹੀ ਲੋਕ ਗੱਲਾਂ ਕਰ ਰਹੇ ਹਨ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਵੀ ਭਾਰਤੀ ਨਾਗਰਿਕਤਾ ਦਾ ਕੋਈ ਅਧਿਕਾਰਤ ਦਸਤਾਵੇਜ਼ ਹੈ ਜਾਂ ਨਹੀਂ, ਜੇ ਕੋਈ ਦਸਤਾਵੇਜ਼ ਹੈ ਤਾਂ ਉਹ ਕਿਹੜਾ ਹੈ?

# ਅਧੂਰੀਆਂ ਮੁਲਾਕਾਤਾਂ ਦੀ ਮੁਕੰਮਲ ਮੁਹੱਬਤ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਬਚਪਨ ਜੀਵਨ ਦੀ ਉਹ ਕਿਤਾਬ ਹੈ ਜਿਸ ਦੇ ਪੰਨਿਆਂ 'ਤੇ ਲਿਖੀ ਇਬਾਰਤ ਕਦੇ ਧੁੰਦਲੀ ਨਹੀਂ ਪੈਂਦੀ। ਮੇਰੀ ਇਸ ਕਿਤਾਬ ਦੇ ਸਭ ਤੋਂ ਸੁਨਹਿਰੀ ਪੰਨਿਆਂ 'ਤੇ ਮੇਰੇ ਦੋ ਬਚਪਨ ਦੇ ਆੜੀਆਂ ਦੇ ਨਾਮ ਉੱਕਰੇ ਹੋਏ ਹਨ। ਗੁਰਦੀਪ ਸਿੰਘ, ਜਿਸਨੂੰ ਅਸੀਂ ਪਿਆਰ ਨਾਲ 'ਥਲੀ ਵਾਲਿਆਂ ਦਾ ਗਿੰਦੀ' ਅਤੇ ਅਮਰੀਕ ਸਿੰਘ, ਜਿਸਨੂੰ 'ਮੌਲੀ ਕਾ ਟਿੱਡਾ' ਕਹਿ ਕੇ ਬੁਲਾਉਂਦੇ ਸਾਂ। ਛੇਵੀਂ ਜਮਾਤ ਤੱਕ ਸਾਡੀ ਦੋਸਤੀ ਬਹੁਤ ਗੂੜ੍ਹੀ ਸੀ। ਪਿੰਡ ਦੀਆਂ ਗਲੀਆਂ ਵਿਚ ਸਾਡਾ ਹੱਸਣਾ-



**ਨਵਦੀਪ ਸਿੰਘ ਭੁਨੀਰ**
**ਫੋਨ: +91-98769-68193**

ਖੇਡਣਾ ਤੇ ਬੇਫਿਕਰੀ ਨਾਲ ਨੱਠਦੇ-ਭੱਜਦੇ ਫਿਰਨਾ, ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਸਰਮਾਇਆ ਸੀ। ਉਹ ਅਪਣੱਤ ਇੰਨੀ ਖਾਲਸ ਸੀ ਕਿ ਉਸ ਵਿਚ ਦੁਨੀਆਦਾਰੀ ਦੀ ਕੋਈ ਮਿਲਾਵਟ ਨਹੀਂ ਸੀ।

ਯਾਦਾਂ ਦੇ ਝਰੋਖੇ ਵਿਚੋਂ ਝਾਤੀ ਮਾਰਾਂ ਤਾਂ 1990-91 ਦਾ ਉਹ ਦੌਰ ਅੱਖਾਂ ਸਾਹਮਣੇ ਆ ਜਾਂਦਾ ਹੈ ਜਦੋਂ ਅਸੀਂ ਪੰਜਵੀਂ ਵਿਚ ਪੜ੍ਹਦੇ ਸਾਂ। ਉਦੋਂ ਅਖ਼ਬਾਰ ਦਾ ਅੱਧਾ ਪੰਨਾ ਫ਼ਿਲਮਾਂ ਦੇ ਇਸ਼ਤਿਹਾਰਾਂ ਨਾਲ ਭਰਿਆ ਹੁੰਦਾ ਸੀ, ਜਿਸ 'ਤੇ ਦਰਸਾਇਆ ਹੁੰਦਾ ਸੀ ਕਿ ਕਿਹੜੇ ਸਿਨੇਮੇ ਵਿਚ ਕਿਹੜੀ ਫ਼ਿਲਮ ਲੱਗੀ ਹੈ। ਸਾਨੂੰ ਫ਼ਿਲਮਾਂ ਦੇ ਨਾਮ ਪੜ੍ਹਨ ਤੇ ਇਹ ਜਾਣਨ ਦਾ ਬੜਾ ਚਾਅ ਹੁੰਦਾ ਸੀ। ਸਾਡੇ ਵਿਚੋਂ ਜਿਸ ਦੇ ਹੱਥ ਵੀ ਉਹ ਪੰਨਾ ਲੱਗ ਜਾਂਦਾ, ਉਹ ਸਕੂਲ ਲੈ ਆਉਂਦਾ ਤੇ ਅਸੀਂ ਤਿੰਨੇ ਰਲ ਕੇ ਉਸ 'ਤੇ ਬੜੀ ਗੰਭੀਰ ਚਰਚਾ ਕਰਦੇ। ਉਸ ਵਕਤ ਪਿੰਡਾਂ ਵਿਚ ਟੈਲੀਵਿਜ਼ਨ ਟਾਵੇਂ-ਟੱਲੇ ਹੀ ਹੁੰਦੇ ਸਨ ਤੇ ਸਾਡੇ ਤਿੰਨਾਂ ਦੇ ਘਰਾਂ ਵਿਚੋਂ ਕਿਸੇ ਦੇ ਵੀ ਘਰ ਟੀ.ਵੀ. ਨਹੀਂ ਸੀ। ਗਿੰਦੀ ਨੂੰ ਫ਼ਿਲਮਾਂ ਦਾ ਕੁਝ ਜ਼ਿਆਦਾ ਹੀ ਸ਼ੌਕ ਸੀ। ਜੇ ਕਦੇ ਉਸਦਾ ਕਿਤੇ ਟੀ.ਵੀ. 'ਤੇ ਕੋਈ ਫ਼ਿਲਮ ਦੇਖਣ ਦਾ ਦਾਅ ਲੱਗ ਜਾਂਦਾ, ਤਾਂ ਅਗਲੇ ਦਿਨ ਸਕੂਲ ਆ ਕੇ ਉਸਨੇ ਸਾਨੂੰ ਪੂਰੀ ਕਹਾਣੀ ਸੁਣਾਉਣੀ। ਇੱਕ ਵਾਰ ਟੀ.ਵੀ. 'ਤੇ ਪੰਜਾਬੀ ਫ਼ਿਲਮ 'ਨਿੰਮੋ' ਆਈ ਤੇ ਗਿੰਦੀ ਨੂੰ ਮਸਾਂ ਚਾਲੀ ਕੁ ਮਿੰਟ ਦਾ ਹਿੱਸਾ ਦੇਖਣ ਨੂੰ ਮਿਲਿਆ। ਅਗਲੇ ਦਿਨ ਆ ਕੇ ਉਸਨੇ ਸਾਨੂੰ ਉਹ ਚਾਲੀ ਮਿੰਟ ਦੀ ਕਹਾਣੀ ਇੰਨੇ ਕਮਾਲ ਦੇ ਅੰਦਾਜ਼ ਨਾਲ ਸੁਣਾਈ ਕਿ ਉਹ ਅੱਜ ਵੀ ਮੇਰੇ ਚੇਤਿਆਂ ਦੇ ਇਤਿਹਾਸ ਵਿਚ ਜਿਉਂ ਦੀ ਤਿਉਂ ਸੰਭਾਲੀ ਪਈ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਮੈਂ ਹਜ਼ਾਰਾਂ ਫ਼ਿਲਮਾਂ ਦੇਖੀਆਂ ਹੋਣਗੀਆਂ, ਪਰ ਬਚਪਨ ਵਿਚ ਗਿੰਦੀ ਦੁਆਰਾ ਸੁਣਾਈ ਗਈ 'ਨਿੰਮੋ' ਫ਼ਿਲਮ ਦੀ ਕਹਾਣੀ ਮੇਰੇ ਜ਼ਿਹਨ ਵਿਚ ਅੱਜ ਵੀ ਤਰੋ-ਤਾਜ਼ਾ ਹੈ।

ਸਾਡੀ ਇਸ ਪਾਕ-ਪਵਿੱਤਰ ਦੋਸਤੀ ਦੇ ਵਿਹੜੇ ਵਿਚ ਗਿੰਦੀ ਦੀ ਦਾਦੀ ਦੀਆਂ ਯਾਦਾਂ ਵੀ ਇੱਕ ਨਿੱਘਾ ਅਹਿਸਾਸ ਹਨ। ਦਾਦੀ ਮੈਨੂੰ ਬਹੁਤ ਪਿਆਰੀ ਲੱਗਦੀ ਸੀ। ਉਹ ਬਹੁਤ ਹੀ ਸੋਹਣੀ-ਸੁਨੱਖੀ ਤੇ ਗੋਰੀ-ਚਿੱਟੀ ਹੁੰਦੀ ਸੀ। ਉਨ੍ਹਾਂ ਦੇ ਬੋਲਣ ਦਾ ਲਹਿਜਾ ਸਾਡੀ ਆਮ ਮਲਵਈ ਜ਼ੁਬਾਨ ਤੋਂ ਬਿਲਕੁਲ ਵੱਖਰਾ ਅਤੇ ਬੇਹੱਦ ਮਿੱਠਾ ਸੀ। ਜਦੋਂ ਕਦੇ ਖੇਡਦਿਆਂ ਗਿੰਦੀ ਨੂੰ ਘਰ ਮੁੜਨ ਵਿਚ ਦੇਰ ਹੋ ਜਾਣੀ, ਤਾਂ ਦਾਦੀ ਨੇ ਬੜੀ ਫ਼ਿਕਰ ਤੇ ਮੋਹ ਨਾਲ ਮੈਨੂੰ ਪੁੱਛਣਾ, 'ਸਾਡਾ ਗੇਂਦੀ ਨੀ ਆਂਦਾ?' ਦਾਦੀ ਦੇ ਮੂੰਹੋਂ ਨਿਕਲੇ ਇਹ ਬੋਲ ਅਤੇ ਉਨ੍ਹਾਂ ਦਾ ਅੰਦਾਜ਼ ਮੈਨੂੰ ਇੰਨਾ ਖ਼ੂਬਸੂਰਤ ਲੱਗਦਾ ਸੀ ਕਿ ਉਹ ਆਵਾਜ਼ ਅੱਜ ਵੀ ਮੇਰੇ ਕੰਨਾਂ ਵਿਚ ਮਿਸਰੀ ਘੋਲਦੀ ਹੈ।

ਛੇਵੀਂ ਜਮਾਤ ਵਿਚ ਸਾਡਾ ਛੇਵਾਂ ਪੀਰੀਅਡ ਸਮਾਜਿਕ ਸਿੱਖਿਆ ਦਾ ਹੁੰਦਾ ਸੀ, ਜੋ ਸਾਨੂੰ ਗੁਰਚਰਨ ਸਿੰਘ ਡੀ.ਪੀ. ਮਾਸਟਰ ਪੜ੍ਹਾਉਂਦੇ ਸਨ। ਮਾਸਟਰ ਜੀ ਸਾਡੇ ਕੰਨ ਫੜਾ ਕੇ ਡੰਡਾ ਬਹੁਤ ਵਰ੍ਹਾਉਂਦੇ ਸਨ ਤੇ ਉਨ੍ਹਾਂ ਦੇ ਡੰਡੇ ਤੋਂ ਸਾਰੇ ਕੰਬਦੇ ਸਨ। ਦੂਜੇ ਪਾਸੇ, ਸਾਡੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਦੇਸੀ ਆਂਡੇ ਖਾਣ ਦੇ ਬੜੇ ਸ਼ੌਕੀਨ ਸਨ। ਟਿੱਡੇ ਦਾ ਘਰ ਪਿੰਡੋਂ ਬਾਹਰ ਖੇਤਾਂ ਵਿਚ ਸੀ ਤੇ ਉਨ੍ਹਾਂ ਨੇ ਮੁਰਗੀਆਂ ਰੱਖੀਆਂ ਹੋਈਆਂ ਸਨ। ਬੱਸ ਫਿਰ ਕੀ ਸੀ, ਡੀ.ਪੀ. ਮਾਸਟਰ ਦੀ ਕੁੱਟ ਤੋਂ ਬਚਣ ਲਈ ਮੈਂ ਤੇ ਟਿੱਡਾ ਛੇਵੇਂ ਪੀਰੀਅਡ ਵਿਚ ਪ੍ਰਿੰਸੀਪਲ ਸਾਹਿਬ ਲਈ ਆਂਡੇ ਲਿਆਉਣ ਦੇ ਬਹਾਨੇ ਸਕੂਲੋਂ ਖਿਸਕ ਜਾਂਦੇ। ਅਸੀਂ ਰੋਹੀਆਂ ਕੱਛਦੇ, ਖੇਤਾਂ ਵਿਚ ਅਵਾਰਾ ਘੁੰਮਦੇ ਤੇ ਜਦੋਂ ਛੇਵਾਂ ਪੀਰੀਅਡ ਲੰਘ ਜਾਂਦਾ, ਤਾਂ ਮੁੜ ਸਕੂਲ ਆ ਵੜਦੇ। ਉਹ ਬੇਖੌਫ਼ ਪਲ ਸਾਡੀ ਦੋਸਤੀ ਦੀ ਸਭ ਤੋਂ ਮਜ਼ਬੂਤ



ਬੁਨਿਆਦ ਸਨ।

ਪਰ ਵਕਤ ਦੀਆਂ ਹਵਾਵਾਂ ਹਮੇਸ਼ਾ ਇੱਕੋ ਜਿਹੀਆਂ ਨਹੀਂ ਰਹਿੰਦੀਆਂ। ਸੱਤਵੀਂ ਜਮਾਤ ਵਿਚ ਕੁਝ ਅਜਿਹੇ ਸਬੱਬ ਬਣੇ ਕਿ ਮੈਨੂੰ ਸਕੂਲ ਛੱਡਣਾ ਪਿਆ। ਇਹ ਮਹਿਜ਼ ਸਕੂਲ ਛੱਡਣਾ ਨਹੀਂ ਸੀ, ਸਗੋਂ ਮੇਰੇ ਬਚਪਨ ਦੇ ਦੋ ਅਹਿਮ ਹਿੱਸਿਆਂ ਦਾ ਮੇਰੇ ਤੋਂ ਵਿਛੜਨਾ ਸੀ। ਲਗਭਗ ਨੌਂ ਸਾਲਾਂ ਦਾ ਇੱਕ ਲੰਮਾ ਅਰਸਾ ਬੀਤ ਗਿਆ। ਜਦੋਂ ਮੈਂ ਪਿੰਡ ਵਾਪਸ ਪਰਤਿਆ ਤਾਂ ਵਕਤ ਨੇ ਆਪਣੇ ਰੰਗ ਦਿਖਾ ਦਿੱਤੇ ਸਨ। ਮੇਰੇ ਉਹ ਦੋਵੇਂ ਆੜੀ ਹੁਣ ਬਚਪਨ ਦੀਆਂ ਦਹਿਲੀਜ਼ਾਂ ਟੱਪ ਕੇ ਜ਼ਿੰਦਗੀ ਦੀ ਦੌੜ ਵਿਚ ਸ਼ਾਮਲ ਹੋ ਚੁੱਕੇ ਸਨ। ਉਹ ਭਾਵੇਂ ਪੜ੍ਹਾਈ ਛੱਡ ਚੁੱਕੇ ਸਨ, ਗਿੰਦੀ ਖੇਤੀਬਾੜੀ ਵਿਚ ਰੁੱਝ ਗਿਆ ਅਤੇ ਟਿੱਡਾ ਇਲੈਕਟ੍ਰੀਸ਼ੀਅਨ ਬਣ ਗਿਆ ਸੀ। ਅੱਜ ਹੁਣ ਜਦੋਂ ਵੀ ਕਦੇ ਪਿੰਡ ਦੀਆਂ ਗਲੀਆਂ ਜਾਂ ਰਾਹ-ਖਹਿੜੇ ਸਾਡਾ ਮੇਲ ਹੁੰਦਾ ਹੈ, ਤਾਂ ਗੱਲਬਾਤ ਬੱਸ ਇੱਥੋਂ ਸ਼ੁਰੂ ਹੋ ਕੇ ਇੱਥੇ ਹੀ ਮੁੱਕ ਜਾਂਦੀ ਹੈ, 'ਕੀ ਹਾਲ ਹੈ ਬਾਈ?' ਤੇ ਅੱਗੋਂ ਇੱਕ ਰਸਮੀ ਜਿਹਾ ਜਵਾਬ ਆਉਂਦਾ ਹੈ, 'ਠੀਕ ਹੈ।'

ਇਹ ਮੇਰੇ ਅੰਦਰ ਦੀ ਇੱਕ ਅਜੀਬ ਜਿਹੀ ਕਸ਼ਮਕਸ਼ ਹੈ। ਮੈਂ ਆਪਣੇ ਹੋਰਨਾਂ ਦੋਸਤਾਂ ਨਾਲ ਘੰਟਿਆਂ-ਬੱਧੀ ਬੈਠ ਸਕਦਾ ਹਾਂ, ਦੁਨੀਆ ਭਰ ਦੀਆਂ ਗੱਲਾਂ ਕਰ ਸਕਦਾ ਹਾਂ, ਪਰ ਗਿੰਦੀ ਅਤੇ ਟਿੱਡੇ ਨਾਲ ਨਹੀਂ। ਅਸਲ ਵਿਚ ਮੈਂ ਖ਼ੁਦ ਹੀ ਗਿੰਦੀ ਅਤੇ ਟਿੱਡੇ ਨਾਲ ਬਹੁਤੀਆਂ ਗੱਲਾਂ ਕਰਨਾ ਜਾਂ ਉਨ੍ਹਾਂ ਕੋਲ ਬੈਠਣਾ ਨਹੀਂ ਚਾਹੁੰਦਾ। ਪਤਾ ਨਹੀਂ ਕਿਉਂ, ਸ਼ਾਇਦ ਇਹ ਮੈਨੂੰ ਖ਼ੁਦ ਵੀ ਨਹੀਂ ਪਤਾ ਕਿ ਮੈਂ ਅਜਿਹਾ ਕਿਉਂ ਕਰ ਰਿਹਾ ਹਾਂ। ਪਰ ਜਦੋਂ ਆਪਣੇ ਅੰਦਰ ਝਾਤੀ ਮਾਰਦਾ ਹਾਂ, ਤਾਂ ਮਹਿਸੂਸ ਹੁੰਦਾ ਹੈ ਕਿ ਇਹ ਮੇਰੇ ਅਚੇਤ ਮਨ ਦਾ ਇੱਕ ਡਰ ਹੈ। ਮੈਨੂੰ ਡਰ ਲੱਗਦਾ ਹੈ ਕਿ ਜੇ ਮੈਂ ਉਨ੍ਹਾਂ ਨਾਲ ਬੈਠਾਂਗਾ, ਅੱਜ ਦੀਆਂ ਨਵੀਆਂ ਗੱਲਾਂ ਕਰਾਂਗਾ, ਤਾਂ ਕਿਤੇ ਇਹ ਨਵੀਆਂ ਯਾਦਾਂ ਮੇਰੇ ਅੰਦਰ ਪਈਆਂ ਬਚਪਨ ਦੀਆਂ ਉਨ੍ਹਾਂ ਖ਼ੂਬਸੂਰਤ ਤੇ ਪਾਕ ਯਾਦਾਂ ਦੇ ਅਕਸ ਨੂੰ ਧੁੰਦਲਾ ਨਾ ਕਰ ਦੇਣ। ਕਿਤੇ ਮੇਰੀਆਂ ਨਵੀਆਂ ਯਾਦਾਂ ਮੇਰੀਆਂ ਪੁਰਾਣੀਆਂ ਯਾਦਾਂ ਨੂੰ ਮਿਟਾ ਨਾ ਦੇਣ। ਸ਼ਾਇਦ ਮੈਂ ਸਿਰਫ਼ ਉਸੇ ਬਚਪਨ ਦੀ ਦੋਸਤੀ ਨੂੰ ਹੀ ਜਿਉਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਉਸੇ ਮਾਸੂਮ, ਸ਼ਰਾਰਤੀ, ਦਾਦੀ ਦੀਆਂ ਪਿਆਰੀਆਂ ਆਵਾਜ਼ਾਂ ਵਾਲੇ, 'ਨਿੰਮੋ' ਫ਼ਿਲਮ ਦੀਆਂ ਕਹਾਣੀਆਂ ਸੁਣਾਉਣ ਵਾਲੇ ਗਿੰਦੀ ਤੇ ਰੋਹੀਆਂ ਕੱਛਣ ਵਾਲੇ ਟਿੱਡੇ ਦੇ ਰੂਪ ਵਿਚ ਹੀ ਆਪਣੇ ਅੰਦਰ ਹਮੇਸ਼ਾ ਲਈ ਸਾਂਭ ਕੇ ਰੱਖਣਾ ਚਾਹੁੰਦਾ ਹਾਂ।

ਮੈਂ ਅੱਜ ਤੱਕ ਕਦੇ ਉਨ੍ਹਾਂ ਨੂੰ ਇਹ ਜਤਾ ਨਹੀਂ ਸਕਿਆ ਕਿ ਮੇਰੇ ਦਿਲ ਦੇ ਕਿਸੇ ਖੂੰਜੇ ਵਿਚ ਉਹ ਬਚਪਨ ਵਾਲੀ ਦੋਸਤੀ ਅੱਜ ਵੀ ਤਾਜ਼ਾ ਹੈ, ਜੋ ਅਕਸਰ ਮੇਰੇ ਅੰਦਰ ਇੱਕ ਮਿੱਠੀ ਜਿਹੀ ਕੜਵੱਲ ਪੈਦਾ ਕਰਦੀ ਹੈ। ਹਕੀਕਤ ਦੀ ਇਸ ਖ਼ਾਮੋਸ਼ੀ ਤੋਂ ਪਾਰ, ਮੇਰੇ ਸੁਪਨਿਆਂ ਦੀ ਦੁਨੀਆਂ ਵਿਚ ਅੱਜ ਵੀ ਉਨ੍ਹਾਂ ਦਾ ਹੀ ਰਾਜ ਹੈ। ਸੁਪਨਿਆਂ ਵਿਚ 'ਥਲੀ ਵਾਲਿਆਂ ਦਾ ਗਿੰਦੀ' ਅਤੇ 'ਮੌਲੀ ਕਾ ਟਿੱਡਾ' ਫਿਰ ਤੋਂ ਮੇਰੇ ਨਾਲ ਹੁੰਦੇ ਹਨ। ਅਸੀਂ ਮੁੜ ਉਨ੍ਹਾਂ ਹੀ ਗਲੀਆਂ ਵਿਚ ਭੱਜਦੇ ਹਾਂ, ਇੱਕ ਦੂਜੇ ਨੂੰ ਆਵਾਜ਼ਾਂ ਮਾਰਦੇ ਹਾਂ ਤੇ ਬੇਪਰਵਾਹ ਹੋ ਕੇ ਹੱਸਦੇ ਹਾਂ। ਦੋਸਤੀ ਹਮੇਸ਼ਾ ਰੋਜ਼ ਮਿਲਣ ਜਾਂ ਕੋਲ ਬੈਠ ਕੇ ਗੱਲਾਂ ਕਰਨ ਦਾ ਨਾਮ ਨਹੀਂ ਹੁੰਦੀ। ਕਈ ਵਾਰ ਸਭ ਤੋਂ ਪਵਿੱਤਰ ਰਿਸ਼ਤੇ ਉਹ ਹੁੰਦੇ ਹਨ ਜੋ ਦਿਲ ਦੀਆਂ ਡੂੰਘਾਈਆਂ ਵਿਚ ਚੁੱਪ-ਚਾਪ ਧੜਕਦੇ ਰਹਿੰਦੇ ਹਨ। ਮੇਰੀ ਇਹ ਦੂਰੀ ਉਨ੍ਹਾਂ ਨੂੰ ਗੁਆਉਣ ਦਾ ਨਹੀਂ, ਸਗੋਂ ਆਪਣੇ ਬਚਪਨ ਵਾਲੇ ਗਿੰਦੀ ਅਤੇ ਟਿੱਡੇ ਨੂੰ ਹਮੇਸ਼ਾ ਲਈ ਸਾਂਭ ਕੇ ਰੱਖਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਸਾਡੀ ਇਹ ਅਧੂਰੀ ਜਿਹੀ ਮੁਲਾਕਾਤ, ਅਸਲ ਵਿਚ ਮੇਰੇ ਦਿਲ ਦੀ ਸਭ ਤੋਂ ਮੁਕੰਮਲ ਮੁਹੱਬਤ ਹੈ।

# ਵੇਖਿਓ ਪੰਜਾਬੀਓ! ਕਿਤੇ ਫਰਦਾਂ 'ਚੋਂ ਸਾਡੇ ਨਾਮ ਈ ਨਾ ਗੁਆਚ ਜਾਣ

## *ਅਸੀਂ ਪੰਜਾਬੀ ਹਾਂ...ਪਰ ਕੀ ਅਸੀਂ ਆਪਣੀ ਮਿੱਟੀ ਦੇ ਵੀ ਹਾਂ?*

ਜ਼ਮੀਨ ਵਿਕਦੀ ਨਹੀਂ, ਪੀੜ੍ਹੀਆਂ ਦੀ ਅਮਾਨਤ ਹੁੰਦੀ ਹੈ ਮਿੱਟੀ ਤੋਂ ਜੰਮੇ ਹਾਂ, ਮਿੱਟੀ 'ਤੇ ਜੀਊਂਦੇ ਹਾਂ ਅਤੇ ਅੰਤ ਵਿਚ ਮਿੱਟੀ ਵਿਚ ਹੀ ਮਿਲ ਜਾਣਾ ਹੈ। ਪਰ ਸਵਾਲ ਇਹ ਹੈ ਕਿ ਕੀ ਅਸੀਂ ਉਹ ਮਿੱਟੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾ ਕੇ ਜਾ ਰਹੇ ਹਾਂ?

ਇਨਸਾਨ ਦੀ ਜ਼ਿੰਦਗੀ ਦਾ ਪਹਿਲਾ ਅਤੇ ਆਖਰੀ ਰਿਸ਼ਤਾ ਮਿੱਟੀ ਨਾਲ ਹੀ ਹੁੰਦਾ ਹੈ। ਸਾਡੇ ਜਨਮ ਤੋਂ ਪਹਿਲਾਂ ਵੀ ਮਿੱਟੀ ਸੀ, ਅੱਜ ਵੀ ਹੈ ਅਤੇ ਸਾਡੇ ਜਾਣ ਤੋਂ ਬਾਅਦ ਵੀ ਮਿੱਟੀ ਰਹੇਗੀ। ਪਰ ਇਹ ਉਹ ਮਿੱਟੀ ਨਹੀਂ ਜਿਸਨੂੰ ਅਸੀਂ ਅੱਜ ਖੇਤਾਂ ਵਿਚ ਸਮਤਲ, ਨਹਿਰਾਂ ਨਾਲ ਸਿੰਜੀ ਹੋਈ ਅਤੇ ਆਧੁਨਿਕ ਮਸ਼ੀਨਾਂ ਨਾਲ ਸਜੀ ਹੋਈ ਦੇਖਦੇ ਆਂ। ਇਸ ਰੂਪ ਪਿੱਛੇ ਸਾਡੇ ਦਾਦਿਆਂ-ਪਰਦਾਦਿਆਂ ਦੇ ਸਵੇਰੇ ਤਿੰਨ ਵਜੇ ਉੱਠ ਕੇ ਜੋਤੇ

**ਮਨਜੀਤ ਸਿੰਘ ਧਾਲੀਵਾਲ**
**ਫੋਨ: 9878-608791**

ਹਲ ਨੇ, ਉਨ੍ਹਾਂ ਦੀਆਂ ਜੰਗਲਾਂ, ਪਹਾੜਾਂ ਨੂੰ ਸਾਫ ਕਰਕੇ ਕੀਤੀਆਂ ਮਿਹਨਤਾਂ, ਸਿਰ ਤੋਂ ਪੈਰ ਦੀ ਅੱਡੀ ਤੱਕ ਵਹਿੰਦੇ ਪਸੀਨੇ ਦੀਆਂ ਬੂੰਦਾਂ ਅਤੇ ਅਨੇਕਾਂ ਕੁਰਬਾਨੀਆਂ ਦੱਬੀਆਂ ਪਈਆਂ ਨੇ।

ਪਰ ਅੱਜ ਹਾਲਾਤ ਇਹ ਨੇ ਕਿ ਬਹੁਤ ਸਾਰੇ ਨੌਜਵਾਨ ਆਪਣੇ ਖੇਤਾਂ ਦੀਆਂ ਵੱਟਾਂ ਤਾਂ ਦੂਰ, ਖੇਤ ਹੈ ਕਿਹੜੇ ਪਾਸੇ ਇਹ ਵੀ ਨਹੀਂ ਜਾਣਦੇ। ਉਹ ਸਮਝਦੇ ਨੇ ਕਿ ਪਤਾ ਨੀ ਕਿਉਂ ਬਾਪੂ (ਦਾਦਾ) ਮੰਜੇ 'ਤੇ ਬੈਠਾ ਐਵੇਂ ਈ ਕਰਦਾ ਰਹਿੰਦੈ, ਪੁੱਤ ਖੇਤ ਗੇੜਾ ਮਾਰ ਆਇਆ ਕਰ, ਦੱਸ ਕੀ ਅੰਬ ਲੱਗੇ ਨੇ ਖੇਤ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਦੇ ਇਹ ਧਰਤੀ ਝਾੜੀਆਂ, ਟਿੱਬਿਆਂ ਅਤੇ ਜੰਗਲਾਂ ਨਾਲ ਭਰੀ ਹੋਈ ਸੀ, ਜਿਸਨੂੰ ਸਾਡੇ ਪੁਰਖਿਆਂ ਨੇ ਆਪਣੀ ਮਿਹਨਤ ਨਾਲ ਸੋਨਾ ਬਣਾਇਆ।

ਅੱਜ ਪੰਜਾਬ ਦੀ ਸਭ ਤੋਂ ਵੱਡੀ ਚਿੰਤਾ ਜਿੱਥੇ ਨਸ਼ਾ, ਬੇਰੁਜ਼ਗਾਰੀ ਏ ਉਸ ਤੋਂ ਵੀ ਜਿਆਦਾ ਜ਼ਮੀਨ ਪ੍ਰਤੀ ਘਟਦਾ ਮੋਹ ਏ। ਜਦੋਂ ਜ਼ਮੀਨ ਸਿਰਫ਼ ਵੇਚਣ ਵਾਲੀ ਜਾਇਦਾਦ ਬਣ ਜਾਵੇ ਅਤੇ ਵਿਰਸਾ ਨਾ ਰਹੇ, ਤਾਂ ਸਮਝੋ ਕੌਮ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਰਹੀ ਹੈ।

ਕੇਰਾਂ ਇੱਕ ਬਜ਼ੁਰਗ ਨੇ ਸੁਤੇ ਸੁਭਾਅ ਈ ਗੱਲ ਕਹੀ ਸੀ, ਜੋ ਦਿਲ ਨੂੰ ਲੱਗ ਗਈ, ਉਹ ਕਹਿੰਦਾ, "ਤੂੜੀ ਦੀ ਭਰੀ ਹੋਈ ਸਵਾਤ (ਤੂੜੀ ਵਾਲਾ ਕਮਰਾ) ਇੱਕ-ਇੱਕ ਟੋਕਰਾ ਕਰਕੇ ਸਾਲ ਵਿਚ ਖਾਲੀ ਹੋ ਜਾਂਦੀ ਏ, ਤੇ ਵੇਚੀ ਹੋਈ ਜ਼ਮੀਨ ਦਾ ਪੈਸਾ ਵੀ ਇੱਕ-ਇੱਕ ਗੁੱਟੀ ਕਰਕੇ ਕੁਝ ਸਾਲਾਂ ਵਿਚ ਮੁੱਕ ਜਾਂਦਾ ਏ।" ਇਹ ਕਹਾਵਤ ਅੱਜ ਪਹਿਲਾਂ ਨਾਲੋਂ ਵੀ ਵੱਧ ਸੱਚ ਲੱਗਦੀ ਹੈ। ਜ਼ਮੀਨ ਵੇਚ ਕੇ ਆਈ ਰਕਮ ਕੁਝ ਸਾਲਾਂ ਵਿਚ ਕਾਰਾਂ, ਕੋਠੀਆਂ, ਵਿਦੇਸ਼ੀ ਟੂਰਾਂ ਅਤੇ ਦਿਖਾਵੇ ਦੀ ਭੇਟ ਚੜ੍ਹ ਜਾਂਦੀ ਏ, ਪਰ ਉਹ ਜ਼ਮੀਨ ਕਦੇ ਨੀ ਮੁੜਦੀ। ਹਾਂ ਜੇਕਰ ਕਿਸੇ ਆਪਣੇ ਬੱਚੇ ਨੂੰ ਕੋਈ ਬਿਮਾਰੀ ਆਦਿ ਘੇਰ ਲਵੇ ਤਾਂ ਜ਼ਮੀਨ ਵੇਚਣੀ ਵੀ ਪੈ ਸਕਦੀ ਏ, ਪਰ ਐਸ਼ੋ-ਅਰਾਮ, ਵੱਡੀਆਂ ਕੋਠੀਆਂ, ਵੱਡੀਆਂ ਕਾਰਾਂ, ਬੁਲਟਾਂ ਤੇ ਮਹਿੰਗੇ ਵਿਆਹਾਂ, ਮਹਿੰਗੇ ਭੋਗਾਂ, ਮਹਿੰਗੇ ਫੋਨਾਂ ਲਈ ਜ਼ਮੀਨ ਵੇਚਣੀ, ਸਿਰਫ ਆਪਣੇ ਹਉਮੈ ਨੂੰ ਪੱਠੇ ਪਾਉਣ ਵਾਲੀ ਗੱਲ ਏ।

ਪੰਜਾਬੀਓ ਇੱਕ ਦੂਜੇ ਨੂੰ ਸਮਝਾਓ ਬੀ ਇਹਨਾਂ ਫੁਕਰਪੁਣਿਆਂ ਚ ਕੁਝ ਨੀ ਪਿਆ, ਜੇ ਕੋਈ ਜ਼ਮੀਨ ਵੇਚ ਕੇ ਵਿਤ ਨਾਲੋਂ ਵੱਧ ਖਰਚ ਕਰਦਾ ਏ ਉਹਨੂੰ ਸਮਝਾਓ ਬੀ ਇਹ ਵਿਆਹ, ਭੋਗ ਇੱਕ ਦੋ ਦਿਨਾਂ 'ਚ ਲੰਘ ਜਾਣਾ ਏ, ਪਰ ਵੇਚੀ ਪੈਲੀ ਮੁੜ ਨੀ ਜੁੜਨੀ।

ਅੰਕੜੇ ਵੀ ਚਿੰਤਾ ਵਧਾਉਂਦੇ ਨੇ। ਭਾਰਤ ਦੀ 2015-16 ਦੀ ਖੇਤੀਬਾੜੀ ਜਨਗਣਨਾ ਮੁਤਾਬਕ ਦੇਸ਼ ਵਿਚ ਔਸਤ ਜੋਤ ਲਗਭਗ 1.08 ਹੈਕਟੇਅਰ (ਕਰੀਬ 2.7 ਏਕੜ) ਰਹਿ ਗਈ ਹੈ। ਹਰ ਪੀੜ੍ਹੀ ਨਾਲ ਜ਼ਮੀਨ ਹੋਰ ਛੋਟੇ-ਛੋਟੇ ਹਿੱਸਿਆਂ ਵਿਚ ਵੰਡਦੀ ਜਾ ਰਹੀ ਹੈ। ਪੰਜਾਬ ਵਿਚ ਵੀ ਹਜ਼ਾਰਾਂ ਏਕੜ ਖੇਤੀਯੋਗ ਜ਼ਮੀਨ ਹਰ ਸਾਲ ਰਿਹਾਇਸ਼ੀ ਕਲੋਨੀਆਂ, ਉਦਯੋਗਿਕ ਪ੍ਰੋਜੈਕਟਾਂ ਅਤੇ ਗੈਰ-ਖੇਤੀ ਵਰਤੋਂ ਵਿਚ ਤਬਦੀਲ ਹੋ ਰਹੀ ਹੈ। ਇਸਦਾ ਮਤਲਬ ਸਾਫ਼ ਹੈ—ਜਿਸ ਰਫ਼ਤਾਰ ਨਾਲ ਜ਼ਮੀਨ ਘਟ ਰਹੀ ਹੈ, ਉਸ ਰਫ਼ਤਾਰ ਨਾਲ ਵਧ ਨਹੀਂ ਸਕਦੀ। ਧਰਤੀ ਤਾਂ ਓਨੀ ਈ ਰਹੂ, ਇਹ ਤਾਂ ਨੀ ਵਧਦੀ।


ਸਾਡਾ ਸਮਾਜ ਵੀ ਬਦਲ ਗਿਆ ਹੈ। ਕਦੇ ਸਾਦਗੀ ਸਾਡੀ ਪਛਾਣ ਸੀ। ਕੁੜਤਾ-ਚਾਦਰਾ, ਖੁੱਲ੍ਹਾ ਵਿਹੜਾ, ਸਥਾਂ, ਵਰਾਂਡੇ ਅਤੇ ਰਿਸ਼ਤਿਆਂ ਦੀ ਨਿੱਘ—ਇਹੀ ਸਾਡੀ ਅਸਲ ਦੌਲਤ ਸੀ। ਅੱਜ ਵੱਡੀਆਂ ਕੋਠੀਆਂ ਨੇ, ਪਰ ਵਿਹੜੇ ਨਹੀਂ; ਮਹਿੰਗੀਆਂ ਕਾਰਾਂ ਨੇ, ਪਰ ਚੈਨ ਨਹੀਂ; ਬ੍ਰਾਂਡਡ ਕੱਪੜੇ ਨੇ, ਪਰ ਸੰਤੋਖ ਨਹੀਂ।

ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਦਿਖਾਵੇ ਨੂੰ ਇੱਜ਼ਤ ਸਮਝ ਬੈਠੇ ਹਾਂ। ਵਿਆਹਾਂ ਵਿਚ ਲੱਖਾਂ ਰੁਪਏ ਖਰਚ ਕਰਨਾ, ਮੌਤਾਂ 'ਤੇ ਵੀ ਸ਼ਾਨੋ-ਸ਼ੌਕਤ ਦਿਖਾਉਣਾ, ਵਿਆਹ ਚ ਫੇਰ ਵੀ ਮੰਨਿਆ ਚਲੋ ਖੁਸ਼ੀ ਏ, ਪਰ ਮਰਨੇ ਦੇ ਭੋਗ ਤੇ ਜਦੋਂ ਸਾਡੇ ਘਰ ਦਾ ਜੀਅ ਚਲਾ ਗਿਆ, ਉਹਦੇ ਚ ਕੀ ਵਖਾਵਾ ਕਰਨਾ, ਬੇਸ਼ੱਕ ਮਰਨ ਵਾਲਾ ਬਜ਼ੁਰਗ ਸੀ ਪਰ ਸੀ ਤਾਂ ਘਰ ਦਾ ਜੀਅ, ਜਿਸ ਨੇ ਕਦੇ ਬੜੀਆਂ ਨਾਲ ਹਲ ਜੋਤੇ ਸੀ।

ਹਰ ਮਹੀਨੇ ਬਿਨਾਂ ਜ਼ਰੂਰਤ ਤੋਂ ਨਵੇਂ ਕੱਪੜੇ ਖਰੀਦਣਾ ਅਤੇ ਬ੍ਰਾਂਡਡ ਚੀਜ਼ਾਂ ਨੂੰ ਸਟੇਟਸ ਸਮਝਣਾ—ਇਹ ਸਭ ਸਾਡੀ ਕਮਾਈ ਨਹੀਂ, ਸਾਡੀ ਸੋਚ ਨੂੰ ਖਾ ਰਿਹਾ ਏ।

ਕਾਰਪੋਰੇਟ ਕੰਪਨੀਆਂ ਨੇ ਸਾਨੂੰ ਇਹ ਯਕੀਨ ਦਿਵਾ ਦਿੱਤਾ ਕਿ ਜਿੰਨਾ ਜ਼ਿਆਦਾ ਖਰਚੋਗੇ, ਉਨਾਂ ਪੈਸੇ ਦਾ ਸਰਕਲ ਚੱਲੇਗਾ। ਚਲੋ ਗੱਲ ਠੀਕ ਵੀ ਏ, ਪਰ ਫਾਲਤੂ ਖਰਚ ਕਿਉਂ? ਸੇਲਾਂ ਦੇ ਨਾਂ 'ਤੇ ਸਾਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਅਸੀਂ ਸਸਤਾ ਖਰੀਦ ਕੇ ਕੋਈ ਜੰਗ ਜਿੱਤ ਲਈ ਏ, ਪਰ ਜਿੰਨਾਂ ਚੀਜਾਂ ਦੀ ਸਾਨੂੰ ਜਰੂਰਤ ਵੀ ਨਹੀਂ ਹੁੰਦੀ ਲਾਲਚ ਚ ਉਹ ਵੀ ਖਰੀਦ ਲੈਂਦੇ ਹਾਂ, ਜਦਕਿ ਅਸਲ ਵਿਚ ਸਾਡੀਆਂ ਜੇਬਾਂ ਅਤੇ ਹੌਲੀ-ਹੌਲੀ ਸਾਡੀਆਂ ਜ਼ਮੀਨਾਂ ਖਾਲੀ ਹੋ ਰਹੀਆਂ ਹੁੰਦੀਆਂ ਨੇ।

ਸਭ ਤੋਂ ਵੱਡਾ ਦੁੱਖ ਇਹ ਹੈ ਕਿ ਅੱਜ ਦਾ ਨੌਜਵਾਨ ਛੁੱਟੀਆਂ ਵਿਚ ਆਪਣੇ ਖੇਤਾਂ ਦੀ ਮੋਟਰ 'ਤੇ ਬੈਠਣ ਦੀ ਬਜਾਏ ਮਾਲਾਂ, ਫਿਲਮਾਂ ਅਤੇ ਪਹਾੜਾਂ ਨੂੰ ਤਰਜੀਹ ਦਿੰਦਾ ਹੈ। ਪਹਾੜਾਂ ਚ ਜਾ ਜਦੋਂ ਆਪਣੇ ਲੋਕ ਗਾਰਾ ਸ਼ਰੀਰ ਤੇ ਮਲ ਕੇ ਕਹਿੰਦੇ ਨੇ ਕਿ ਉਹ ਇੱਥੇ ਮੱਡ ਬਾਥ (ਸਰੀਰ ਤੇ ਗਾਰਾ ਮਲਣਾ) ਲੈਣ ਆਏ ਨੇ, ਉਨਾਂ ਵਿਚਾਰਿਆਂ ਨੂੰ ਕੀ ਪਤਾ ਭੋਲਾ ਲਾਉਣ ਵੇਲੇ ਖੇਤਾਂ ਚ ਮੱਡ ਈ ਮੱਡ ਹੁੰਦਾ, ਫਰੀ ਚ ਜਿੰਨਾਂ ਮਰਜੀ ਲਿਟੋ। ਉਸਨੂੰ ਇਹ ਨਹੀਂ ਪਤਾ ਕਿ ਜਿਸ ਪੈਸੇ ਨਾਲ ਉਹ ਇਹ ਸਭ



ਕਰ ਰਿਹਾ ਹੈ, ਉਸਦੀ ਜੜ੍ਹ ਉਸਦੇ ਖੇਤਾਂ ਵਿਚ ਹੈ। ਜਿੰਨੀ ਧਰਤੀ ਆਪਣੀ ਹੁੰਦੀ ਹੈ, ਉੱਨਾ ਹੀ ਅਸਮਾਨ ਵੀ ਆਪਣਾ ਹੁੰਦਾ ਹੈ।ਕਦੇ ਵਿਹਲੀ ਪਈ ਜ਼ਮੀਨ ਚ ਲਿਟ ਕੇ ਅਸਮਾਨ ਵੱਲ ਵੇਖਿਓ, ਸਾਰਾ ਅਸਮਾਨ ਆਪਣਾ ਈ ਲੱਗੂ। ਜ਼ਮੀਨ ਸਿਰਫ਼ ਰੋਟੀ ਨਹੀਂ ਦਿੰਦੀ, ਇਹ ਇੱਜ਼ਤ, ਪਛਾਣ ਅਤੇ ਆਜ਼ਾਦੀ ਵੀ ਦਿੰਦੀ ਹੈ।

ਸਾਡੇ ਬਜ਼ੁਰਗਾਂ ਨੇ ਇੱਕੋ ਜੋੜਾ ਕੱਪੜਾ ਤੇ ਜੁੱਤੇ ਪਾ ਕੇ ਸਾਲਾਂ ਦੇ ਸਾਲ ਕੱਢ ਦਿੱਤੇ, ਪਰ ਜ਼ਮੀਨ ਨਹੀਂ ਵੇਚੀ। ਉਨ੍ਹਾਂ ਨੇ ਧੁੱਪਾਂ, ਮੀਂਹ ਅਤੇ ਠੰਢਾਂ ਸਹਾਰੀਆਂ, ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਜ਼ਬੂਤ ਨੀਂਹ ਦਿੱਤੀ।

ਕਹਾਵਤ ਹੈ, "ਪਿਉ-ਦਾਦਿਆਂ ਦੀ ਕਮਾਈ ਵੇਚਣੀ ਸੌਖੀ, ਬਣਾਉਣੀ ਬਹੁਤ ਔਖੀ।" ਇਹ ਗੱਲ ਹਰ ਨੌਜਵਾਨ ਨੂੰ ਯਾਦ ਰੱਖਣੀ ਚਾਹੀਦੀ ਹੈ। ਵੇਚੀ ਹੋਈ ਜ਼ਮੀਨ ਮੁੜ ਨਹੀਂ ਆਉਂਦੀ, ਪਰ ਕੀਤੀ ਹੋਈ ਗਲਤੀ ਜ਼ਰੂਰ ਪਛਤਾਵਾ ਬਣ ਕੇ ਵਾਪਸ ਆਉਂਦੀ ਹੈ।

ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਪੰਜਾਬੀ ਹੋਣਾ ਸਿਰਫ਼ ਉੱਚੀ ਆਵਾਜ਼ ਵਿਚ "ਅਸੀਂ ਪੰਜਾਬੀ ਹੁੰਨੇ ਆਂ ਪੰਜਾਬੀ" ਕਹਿਣ ਨਾਲ ਸਾਬਤ ਨਹੀਂ ਹੁੰਦਾ। ਪੰਜਾਬੀ ਉਹ ਏ ਜੋ ਮਿੱਟੀ ਨਾਲ ਪਿਆਰ ਕਰੇ, ਹਲ ਅਤੇ ਖੇਤ ਦੀ ਇੱਜ਼ਤ ਕਰੇ, ਆਪਣੇ ਵਿਰਸੇ ਨੂੰ ਸੰਭਾਲੇ ਅਤੇ ਅਗਲੀ ਪੀੜ੍ਹੀ ਨੂੰ ਇਹ ਅਮਾਨਤ ਸੁਰੱਖਿਅਤ ਦੇਵੇ। ਜੇ ਜ਼ਮੀਨ ਹੀ ਨਾ ਰਹੀ ਤਾਂ ਫਿਰ ਪੰਜਾਬੀਪੁਣਾ ਵੀ ਸਿਰਫ਼ ਗੀਤਾਂ ਅਤੇ ਸੋਸ਼ਲ ਮੀਡੀਆ ਦੀਆਂ ਪੋਸਟਾਂ ਤੱਕ ਹੀ ਸੀਮਤ ਰਹਿ ਜਾਵੇਗਾ।

ਅੱਜ ਵੀ ਸਮਾਂ ਹੈ। ਆਪਣੀ ਮਿੱਟੀ ਬੱਚਿਆਂ ਨੂੰ ਪਿਆਰ ਕਰਨਾ ਸਿਖਾਈਏ। ਸਿਰਾਂ ਦੇ ਮੁੱਲ ਦੇ ਕੇ ਆਪਣੇ ਖ਼ੂਨ ਨਾਲ ਸਿੰਜੀਆਂ ਜ਼ਮੀਨਾਂ ਦਾ ਇਤਿਹਾਸ ਆਪਣੇ ਬੱਚਿਆਂ ਨੂੰ ਦੱਸੀਏ, ਕਿਸੇ ਮਹਿੰਗੇ ਹੋਟਲ ਚ ਖਾਧੇ ਪੀਜ਼ੇ, ਬਰਗਰ ਦੀ ਫੋਟੋ ਸੋਸ਼ਲ ਮੀਡੀਆ 'ਤੇ ਪਾਉਣ ਦੀ ਬਜਾਇ, ਖੇਤ 'ਚ ਇੱਟਾਂ ਦਾ ਚੁੱਲ੍ਹਾ ਬਣਾ ਕੇ, ਲੱਕੜਾਂ ਨਾਲ ਬਣੀ ਗੁੜ ਦੀ ਚਾਹ ਤੇ ਚਟਣੀ ਨਾਲ ਭੁਪਨਾ (ਰੋਟੀ ਫੋਲਡ ਕਰਕੇ) ਬਣਾ ਕੇ ਖਾਦੀ ਰੋਟੀ ਦੀਆਂ ਫੋਟੋਆਂ ਪਾਈਏ ਤੇ ਅਜਿਹੀਆਂ ਫੋਟੋਆਂ ਨੂੰ ਵੱਧ ਤੋਂ ਵੱਧ ਸ਼ੇਅਰ ਕਰੀਏ ਤਾਂ ਕਿ ਆਪਣੀ ਆਉਣ ਵਾਲੀ ਪੀੜੀ ਨੂੰ ਖੇਤਾਂ ਨਾਲ ਜੋੜ ਸਕੀਏ। ਆਪਣੀ ਬੋਲੀ, ਆਪਣੇ ਵਿਰਸੇ ਅਤੇ ਆਪਣੇ ਪੰਜਾਬ ਨੂੰ ਸੰਭਾਲੋ ਪੰਜਾਬਿਓ। ਬੱਚਿਆਂ ਨੂੰ ਖੇਤਾਂ ਨਾਲ ਜੋੜੋ। ਉਨ੍ਹਾਂ ਨੂੰ ਦੱਸੋ ਕਿ ਇਹ ਜ਼ਮੀਨ ਸਿਰਫ਼ ਰਕਬਾ ਨਹੀਂ, ਸਗੋਂ ਉਨ੍ਹਾਂ ਦੇ ਪੁਰਖਿਆਂ ਦੀਆਂ ਅਰਦਾਸਾਂ, ਮਿਹਨਤ ਅਤੇ ਕੁਰਬਾਨੀਆਂ ਦਾ ਨਤੀਜਾ ਹੈ।

ਯਾਦ ਰੱਖੋ—ਜ਼ਮੀਨ ਵੇਚ ਕੇ ਅਮੀਰ ਹੋਣਾ ਕੁਝ ਸਮੇਂ ਦੀ ਗੱਲ ਹੈ, ਪਰ ਜ਼ਮੀਨ ਬਚਾ ਕੇ ਰੱਖਣਾ ਪੀੜ੍ਹੀਆਂ ਨੂੰ ਅਮੀਰ ਬਣਾਉਂਦਾ ਹੈ।

ਅੰਤ ਵਿਚ ਸਿਰਫ਼ ਇੱਕ ਗੱਲ—

'ਜਿਸ ਦਿਨ ਪੰਜਾਬੀਆਂ ਨੇ ਆਪਣੀ ਮਿੱਟੀ (ਜ਼ਮੀਨ) ਕੋਰਪੋਰੇਟਰਾਂ ਵੇਚਣੀ ਛੱਡ ਦਿੱਤੀ, ਉਸ ਦਿਨ ਪੰਜਾਬ ਦਾ ਭਵਿੱਖ ਮੁੜ ਲਿਖਿਆ ਜਾਵੇਗਾ। ਕਿਉਂਕਿ ਮਿੱਟੀ ਸਿਰਫ਼ ਧਰਤੀ ਨਹੀਂ ਹੁੰਦੀ, ਉਹ ਕੌਮ ਦੀ ਪਛਾਣ, ਸਵੈਮਾਣ ਅਤੇ ਆਉਣ ਵਾਲੀਆਂ ਨਸਲਾਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਹੁੰਦੀ ਹੈ।" ਕੋਰਪੋਰੇਟਰਾਂ ਕੋਲ ਅਜੇ ਸਿਰਫ਼ ਇੰਟਰਨੈੱਟ ਏ, ਤੇ ਜੇ ਦੋ-ਚਾਰ ਘੰਟੇ ਨੈੱਟ ਨਾ ਚੱਲੇ ਤਾਂ ਐਂ ਲਗਦੈ ਬੀ ਜਾਨ ਈ ਨਾ ਨਿਕਲਜੇ, ਜੇ ਆਪਣੇ ਕੋਲ ਜਮੀਨ ਹੋਊ ਆਪਣੀ ਕਣਕ, ਛੋਲੇ, ਚਾਵਲ, ਸਬਜੀ ਪੈਦਾ ਕਰਕੇ ਪੇਟ ਤਾਂ ਭਰ ਲਓਗੇ, ਸੋਚੋ ਜੇ ਕੋਰਪੋਰੇਟਰਾਂ ਕੋਲ ਇਹ ਵੀ ਆ ਗਿਆ, ਤਾਂ ਸੋਚੋ ਭੁੱਖ ਦਿਨ 'ਚ ਤਿੰਨ ਵਾਰ ਲੱਗਦੀ ਏ, ਹੱਥ ਬੰਨਣੇ ਪੈਣਗੇ ਉਸੇ ਰਿਜਕ ਲਈ ਜਿਸ ਦੇ ਪੰਜਾਬੀ ਲੰਗਰ ਲਾਉਂਦੇ ਨੇ।

ਮਿੱਟੀ ਦੀ ਇਹ ਖਲਕਤ ਏ ਕਿ ਇਹ ਹਵਾ ਦੇ ਬੁੱਲੇ ਨਾਲ ਈ ਉੱਡ ਜਾਂਦੀ ਏ, 'ਨੀ ਮਿੱਟੀਏ ਵਾ ਲੱਗਿਆਂ ਉੱਡ ਜਾਣਾ', ਵੇਖਿਓ ਪੰਜਾਬੀਓ !ਕਿਤੇ ਇਹ ਨਾ ਹੋਵੇ ਫਰਦਾਂ 'ਚੋਂ ਸਾਡੇ ਨਾਮ ਈ ਗਵਾਚ ਜਾਣ।

---

# ਇੱਕ ਆਤਮ-ਕਥਾ

ਕਿਤਾਬ 'ਜੁਗਤੂ, ਇੱਕ ਖਲਨਾਇਕ ਦੀ ਕਥਾ' ਪੜ੍ਹੀ ਮੈਂ ਕੁਛ ਸਮਾਂ ਪਹਿਲਾਂ। ਇਸ ਦੇ ਲੇਖਕ ਸਾਧੂ ਬਿਨਿੰਗ (ਡਾਕਟਰ) ਹਨ। ਕਿਤਾਬ ਦੇ 366 ਪੇਜ ਹਨ। ਇਹ ਕਿਤਾਬ ਨਾਵਲ ਦੇ ਰੂਪ ਵਿਚ ਲਿਖੀ ਗਈ ਹੈ।

ਜਗਤਾਰ ਸਿੰਘ ਜੁਗਤੂ ਆਪਣੀ ਆਤਮ-ਕਥਾ ਸੁਣਾਉਂਦਾ ਹੈ। ਉਹ ਆਪਣੇ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਕਰਦਾ ਹੈ। ਪ੍ਰਾਇਮਰੀ ਸਕੂਲ ਵਿਚ ਹੀ ਉਹ ਝੰਡੇ ਹੇਠਲਾ ਬੱਚਾ ਹੁੰਦਾ ਹੈ। ਜਗਤਾਰ ਜੁਗਤੂ ਉਸ ਸਮੇਂ ਤੋਂ ਹੀ ਬੁਰੇ ਕੰਮ ਸ਼ੁਰੂ ਕਰ ਦਿੰਦਾ ਹੈ, ਪਰ ਉਹ ਇਨ੍ਹਾਂ ਕੰਮਾਂ ਨੂੰ ਜੁਗਤਾਂ ਕਹਿੰਦਾ ਹੈ। ਉਹ ਇਹ ਸਾਰੇ ਕਾਰਨਾਮੇ ਬੁਰੇ ਨਹੀਂ ਸਮਝਦਾ, ਸਗੋਂ ਮਾਣ ਮਹਿਸੂਸ ਕਰਦਾ ਹੈ। ਉਹ ਕੁੜੀਆਂ ਛੇੜਨ ਨੂੰ ਅਨੰਦਮਈ ਸਮਝਦਾ ਹੈ।

ਮਾਸਟਰਾਂ ਦੀਆਂ ਨੰਗੀਆਂ ਗਾਲ੍ਹਾਂ ਸੁਣ ਕੇ ਉਸ ਦੀ ਰੂਹ ਖਿੜਦੀ ਹੈ। ਜੇ ਸਕੂਲ ਦਾ ਪੀ.ਟੀ. ਮਾਸਟਰ ਮੁੰਡਿਆਂ ਨੂੰ ਨੰਗੇ ਕਰਦਾ ਹੈ ਤਾਂ ਉਸ ਲਈ ਉਹ ਗੱਲ ਮਾਮੂਲੀ ਹੈ।

**ਗੁਰਮੇਲ ਬੀਰੋਕੇ**
**ਫ਼ੋਨ:** +1604-825-8053
**ਈਮੇਲ:** gurmailbiroke@gmail.com

ਕਿਤਾਬ ਵਿਚ ਜੁੱਤੀ ਦੀ ਮਹੱਤਤਾ ਕੁੱਟਣ ਵਾਸਤੇ ਬੜੀ ਕਮਾਲ ਦੀ ਦਿਖਾਈ ਗਈ ਹੈ। ਜੁਗਤੂ ਇਸ ਤਰ੍ਹਾਂ ਦਾ ਇੱਕ ਪ੍ਰਾਣੀ ਹੈ ਜਿਹੜਾ ਅੱਖਾਂ ਬੰਨ੍ਹੇ ਤੋਂ ਵੀ ਕੁੱਟਣ ਵਾਲੇ ਸਾਰੇ ਸੰਦਾਂ ਦੀ ਪਹਿਚਾਣ ਕਰ ਸਕਦਾ ਹੈ। ਉਹ ਵਿਦਵਾਨ ਐਨਾ ਹੈ ਕਿ ਆਪਣੀਆਂ ਅਕਲ-ਮਈ ਗੱਲਾਂ ਸੁਣਾ-ਸੁਣਾ ਕੇ ਇੱਕ ਅਣਭੋਲ ਕਾਮਰੇਡ ਮੁੰਡੇ ਨੂੰ ਰੋਣ ਲਾ ਦਿੰਦਾ ਹੈ।


ਜੁਗਤੂ ਦੀ ਮਹਾਨ ਸੋਚ ਮੁਤਾਬਕ ਔਰਤ ਇੱਕ ਵਰਤੋਂ ਦੀ ਚੀਜ਼ ਹੈ।

ਜੁਗਤੂ ਆਪਣੇ ਪੁੱਠੇ ਕੰਮਾਂ ਕਾਰਨ ਜਦ ਕਿਸੇ ਕੋਲੋਂ ਕੁੱਟ ਖਾਂਦਾ ਹੈ ਤਾਂ ਬਹੁਤ ਖੁਸ਼ ਹੁੰਦਾ ਹੈ। ਇਸ ਕਾਰਜ ਨੂੰ ਉਹ ਆਪਣੀ ਮਹਾਨਤਾ ਸਮਝਦਾ ਹੈ।

ਜਦ ਭਾਰਤ ਵਿਚ ਉਸ ਦੇ 'ਉੱਚ ਕਾਰਨਾਮਿਆਂ' ਨਾਲ ਉਸ ਦੀ ਬੇੜੀ ਡੁੱਬਣ ਲੱਗੀ ਤਾਂ ਉਹ ਬਾਹਰਲੇ ਮੁਲਕ ਨੂੰ ਨਿਕਲ ਪਿਆ। ਉਸ ਸਮੇਂ ਉਹ ਸੋਚਦਾ ਹੈ ਕਿ ਮੇਰੀਆਂ ਸੇਵਾਵਾਂ ਦੀ ਲੋੜ ਹੁਣ ਸੱਤ ਸਮੁੰਦਰੋਂ ਪਾਰ ਹੈ।

ਕੈਨੇਡਾ ਆ ਪਹੁੰਚਿਆ। ਜਿੱਥੇ ਉਸ ਨੂੰ ਠਾਹਰ ਮਿਲੀ, ਉਸੇ ਘਰ ਦੀਆਂ ਔਰਤਾਂ ਨੂੰ ਉਸ ਨੇ ਹੱਥ ਪਾਇਆ। ਕੁੱਟ ਦੇ ਡਰੋਂ ਖੇਤਾਂ ਵਿਚ ਰਿਹਾ। ਖੇਤ ਮਾਲਕ ਦੇ ਘਰ ਚੋਰੀ ਕੀਤੀ। ਮਹਾਨ ਕਾਰਜ ਕੀਤਾ।

ਉਹ ਗੁਰਦਵਾਰਿਆਂ ਤੇ ਚਰਚਾਂ ਵਾਲਿਆਂ ਨੂੰ ਜੁਗਤਾਂ




ਦੱਸਦਾ ਰਿਹਾ। ਇੱਕ ਬੀਮੇ ਵੇਚਣ ਵਾਲੇ ਨੂੰ ਬੀਮੇ ਵੇਚਣ ਲਈ ਪੁੱਠੇ ਤਰੀਕੇ ਦੱਸਦਾ ਹੈ, ਨਾਮਣਾ ਖੱਟਦਾ ਹੈ।

ਮੋਹ-ਪਿਆਰ ਤੇ ਸਤਿਕਾਰ ਵਾਲੇ ਸ਼ਬਦ ਉਸ ਦੇ ਮਨ ਦੇ ਸ਼ਬਦ-ਕੋਸ਼ ਵਿਚ ਨਹੀਂ ਹਨ।

ਗਾਉਣ ਵਾਲਿਆਂ ਨੂੰ ਉਹ ਲੁੱਚੇ ਗਾਣੇ ਗਾਉਣ ਦੀਆਂ ਤਰਕੀਬਾਂ ਸਮਝਾਉਂਦਾ ਹੈ। ਉਹ ਕਹਿੰਦਾ ਹੈ ਕਿ ਅਸ਼ਲੀਲ ਸ਼ਬਦਾਂ ਦੀ ਗੀਤਾਂ ਵਿਚ ਵਰਤੋਂ ਕਰੋ। ਔਰਤ ਨੂੰ ਗੀਤਾਂ ਦੇ ਸ਼ਬਦਾਂ ਵਿਚ ਫਿੱਟ ਕਰੋ ਤਾਂ ਬੋਡੇ ਕੋਲ ਲਕਸ਼ਮੀ ਆਵੇਗੀ।

ਜੁਗਤੂ ਇੱਕ ਮਨੁੱਖ ਨਹੀਂ ਹੈ। ਉਹ ਇੱਕ ਅਜੋਕੇ ਸਮੇਂ ਦਾ ਸਿਸਟਮ ਹੈ। ਅਜੋਕੇ ਸਮੇਂ ਵਿਚ ਜੋ ਕੁਛ ਇੱਕ ਵੋਟਾਂ ਵਾਲੇ ਮਹਾਨ ਲੀਡਰਾਂ ਵਿਚ ਹੈ, ਉਹ ਸਭ ਜੁਗਤੂ ਵਿਚ ਹੈ। ਦੂਜੇ ਪਾਸੇ ਕਿਤਾਬ ਪੜ੍ਹ ਕੇ ਇਹ ਵੀ ਮਹਿਸੂਸ ਹੁੰਦਾ ਹੈ ਕਿ ਅੱਜ ਹਰੇਕ ਵੋਟਾਂ ਵਾਲਾ ਨੇਤਾ ਜੁਗਤੂ ਹੀ ਹੈ।

ਜੁਗਤੂ ਜਾਂ ਅਜੋਕੇ ਵੋਟਾਂ ਵਾਲੇ ਜੁਗਤੂਆਂ ਮੁਤਾਬਕ ਜ਼ਿਆਦਾ ਬੁੱਧੀਮਾਨ ਲੋਕ ਫ਼ੇਲ੍ਹ ਹਨ।

ਜੁਗਤੂ ਮੁਤਾਬਕ ਹਰ ਕਾਰਪੋਰੇਟਵਾਦੀ ਪ੍ਰਾਣੀ ਵਿਚ ਸਾਡੇ ਮਹਾਨ ਜੁਗਤੂਆਂ ਵਾਲੇ ਗੁਣਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਜੁਗਤੂ ਜੀ ਮੁਤਾਬਕ ਅਸੀਂ ਲੋਕ ਆਪਣੀ ਮਾਂ, ਭੈਣ, ਘਰਵਾਲੀ ਤੇ ਧੀ ਨੂੰ ਆਪਣੇ ਫ਼ਾਇਦੇ ਲਈ ਕਿਤੇ ਵੀ ਵਰਤ ਸਕਦੇ ਹਾਂ।

ਕਿਤਾਬ ਵਿਚਲਾ 'ਜੁਗਤੂ' ਆਪਣੇ-ਆਪ ਨੂੰ ਮਹਾਨ ਸਮਝਣ ਵਾਲਾ ਅਖੀਰ ਨੂੰ ਆਪਣੇ ਤੋਂ ਵਧੇਰੇ ਤਾਕਤਵਰ ਲੋਕਾਂ ਜਾਂ ਸਿਸਟਮ ਦੇ ਧੱਕੇ ਚੜ੍ਹ ਜਾਂਦਾ ਹੈ। ਉੱਥੇ ਉਸ ਦੀਆਂ ਜੁਗਤਾਂ ਫ਼ੇਲ੍ਹ ਹੋ ਜਾਂਦੀਆਂ ਹਨ।

ਕਿਤਾਬ ਵਿਚਲੇ ਜੁਗਤੂ ਦੇ ਕਾਰਨਾਮਿਆਂ ਵਾਂਗਰ ਹੀ ਪੂਰਾ ਸੰਸਾਰ ਚੱਲ ਰਿਹਾ ਹੈ। ਇੱਕ ਬੁਰਾਈ ਦੂਜੀ ਵੱਡੀ ਬੁਰਾਈ ਥੱਲੇ ਦਬ ਜਾਂਦੀ ਹੈ। ਕੁਛ ਕੁ ਸਮਝਣ ਤੇ ਸੋਚਣ ਵਾਲੇ ਲੋਕ, ਥੱਲੇ ਦਬ ਚੁੱਕੇ ਸਿਸਟਮ ਜਾਂ ਬੁਰਾਈ ਨੂੰ ਫੇਰ ਔਖਾ ਸਮਝਣ ਜਾਂ ਕਹਿਣ ਲੱਗ ਜਾਂਦੇ ਹਨ।

ਕੁਦਰਤ ਆਪਣੇ-ਆਪ ਕੁਛ ਵੀ ਬੁਰਾ ਜਾਂ ਭੈੜਾ ਨਹੀਂ ਉਪਜਦੀ। ਬੁਰੀ ਉਤਪਤੀ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਜਗਤਾਰ ਵੀ ਕਾਰਨਾਂ ਦੇ ਅਧੀਨ ਜੁਗਤੂ ਬਣਿਆ। ਇਸੇ ਤਰ੍ਹਾਂ ਬਹੁਤ ਬੁਰਾ ਸਿਸਟਮ ਵੀ ਇੱਕ ਘੱਟ ਬੁਰੇ ਸਿਸਟਮ ਵਿੱਚੋਂ ਹੀ ਜਨਮ ਲੈਂਦਾ ਹੈ।

ਇਹੋ ਕੁਛ ਪੀੜ੍ਹੀ ਦਰ ਪੀੜ੍ਹੀ ਚੱਲ ਰਿਹਾ ਹੈ...।

ਕਿਤਾਬ ਪਾਠਕ ਨੂੰ ਇਹ ਗੱਲ ਵੀ ਦੱਸਦੀ ਹੈ ਕਿ ਸਮੇਂ ਅਨੁਸਾਰ ਕਿਵੇਂ ਜਵਾਨੀ ਲੀਹਾਂ ਬਣਾਉਂਦੀ ਹੈ। ਜਵਾਨੀ ਕਦੇ ਕਾਮਰੇਡ ਬਣਦੀ ਹੈ, ਕਦੇ ਕਬੱਡੀ ਖਿਡਾਰੀ ਤੇ ਕਦੇ ਗਾਇਕ।

ਪ੍ਰਿੰਟ ਕਰਨ ਤੋਂ ਪਹਿਲਾਂ ਕਿਤਾਬ ਦਾ ਪਰੂਫ਼ ਨਹੀਂ ਪੜ੍ਹਿਆ ਗਿਆ ਜਾਪਦਾ। ਸ਼ਬਦ-ਜੋੜ ਕਾਫ਼ੀ ਗਲਤ ਹਨ। ਇਹ ਛਾਪਣ ਵਾਲੇ ਦੀ ਕਾਹਲੀ ਜਾਪਦੀ ਹੈ। ਦੂਜਾ ਲੇਖਕ ਦੇ ਇਲਾਕੇ ਕਾਰਨ ਜਾਂ ਕਿਸੇ ਹੋਰ ਗੱਲ ਕਾਰਨ, ਉਹ ਜਵਾਰ ਤੇ ਮੱਕੀ ਦੀ ਫ਼ਸਲ ਵਿੱਚ ਅੰਤਰ ਨਹੀਂ ਸਮਝਦਾ।

ਕਿਤਾਬ ਪੜ੍ਹਨ ਵਾਲੀ ਹੈ।

# ਲੋਕ ਖ਼ਾਮੋਸ਼, ਖੇਤ ਉਦਾਸ

ਸਾਮਰਾਜੀ ਹਿੰਦੋਸਤਾਨ ਵਿਚ ਬਾਰ ਦੇ ਇਲਾਕੇ 'ਚ ਵਸਾਏ ਪੰਜਾਬੀ ਕਿਸਾਨਾਂ ਨੇ ਅਣਥੱਕ ਮਿਹਨਤ ਕਰ ਕੇ ਉਸ ਖਿੱਤੇ ਨੂੰ ਸ਼ਾਦ-ਆਬਾਦ ਕੀਤਾ। ਆਜ਼ਾਦੀ ਮਿਲਣ ਮਗਰੋਂ ਦੇਸ਼ ਅੰਨ ਦੀ ਤੋਟ ਨਾਲ ਜੂਝ ਰਿਹਾ ਸੀ ਤਾਂ ਪੰਜਾਬ ਨੇ ਹਰੀ ਕ੍ਰਾਂਤੀ ਰਾਹੀਂ ਸਭ ਦਾ ਢਿੱਡ ਭਰਿਆ। ਸੂਬੇ 'ਚ ਜਦੋਂ ਸ਼ੌਪਿੰਗ ਮਾਲਾਂ, ਮਲਟੀਪਲੈਕਸਾਂ, ਟਾਊਨਸ਼ਿਪਾਂ ਤੇ ਨਿਵੇਸ਼ ਗਲਿਆਰਿਆਂ ਲਈ ਵਾਹੀਯੋਗ ਜ਼ਮੀਨਾਂ ਖ਼ਰੀਦੀਆਂ ਜਾਣ ਲੱਗੀਆਂ ਤਾਂ ਇਨ੍ਹਾਂ ਦੇ ਭਾਅ ਆਸਮਾਨੀਂ ਜਾ ਚੜ੍ਹੇ। ਇਸ ਵਰਤਾਰੇ ਨੇ ਖੇਤੀ ਹੇਠ ਰਕਬਾ ਘਟਾ ਦਿੱਤਾ ਅਤੇ ਕਿਸਾਨ ਖੇਤੀ 'ਚੋਂ ਬਾਹਰ ਹੋਣ ਲੱਗੇ। ਹਥਲਾ ਲੇਖ ਇਸੇ ਵਰਤਾਰੇ 'ਤੇ ਵਿਸਥਾਰ ਨਾਲ ਰੌਸ਼ਨੀ ਪਾਉਂਦਾ ਹੈ।

ਸਾਲ 1849 ਵਿਚ ਬਰਤਾਨਵੀ ਹਕੂਮਤ ਵੱਲੋਂ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈਣ ਨਾਲ ਜ਼ਮੀਨੀ ਵਿਕਾਸ ਵਿਚ ਵੱਡਾ ਬਦਲਾਅ ਆਇਆ। ਉਨ੍ਹਾਂ ਦੀਆਂ ਨੀਤੀਆਂ ਦਾ ਮੁੱਖ ਮੰਤਵ ਮਾਲੀਆ ਇਕੱਠਾ ਕਰਨਾ, ਰਾਜਨੀਤਕ ਕੰਟਰੋਲ ਅਤੇ ਪੰਜਾਬ ਨੂੰ ਖੇਤੀਬਾੜੀ ਪ੍ਰਧਾਨ ਸੂਬੇ ਵਜੋਂ ਉਭਾਰਨਾ ਸੀ। ਕਿਸਾਨਾਂ ਨੂੰ ਮਾਲਕੀ ਅਧਿਕਾਰ ਦੇ ਕੇ ਬਰਤਾਨਵੀ ਸ਼ਾਸਕਾਂ ਨੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਸੁਧਾਰਨ ਦਾ ਮੌਕਾ ਦਿੱਤਾ। ਸੰਨ 1882 ਵਿਚ ਸਰਹਿੰਦ ਨਹਿਰ ਦਾ ਨਿਰਮਾਣ ਹੋਇਆ। ਦੂਜੇ ਪਾਸੇ ਅੱਪਰ ਅਤੇ ਲੋਅਰ ਬਾਰੀ ਦੁਆਬ ਨਹਿਰਾਂ ਹੋਂਦ



**ਗੁਰਪ੍ਰੀਤ ਸਿੰਘ ਤੂਰ**
**ਫ਼ੋਨ 98158-00405**

ਵਿਚ ਆਈਆਂ। ਪੂਰਬੀ ਪੰਜਾਬ ਦੇ ਮਿਹਨਤੀ ਕਿਸਾਨਾਂ ਨੂੰ ਨਹਿਰੀ ਕਲੋਨੀਆਂ ਵਿਕਸਿਤ ਕਰਨ ਲਈ ਜ਼ਮੀਨਾਂ ਅਲਾਟ ਹੋਈਆਂ। ਮੋਘਿਆਂ ਦੇ ਨੰਬਰਾਂ ਦੇ ਆਧਾਰ 'ਤੇ ਪਿੰਡਾਂ ਦੇ ਨਾਮ ਰੱਖੇ ਗਏ। ਨਹਿਰੀ ਸਿੰਚਾਈ ਦੀ ਸਹੂਲਤ ਨੇ ਕਿਸਾਨਾਂ ਨੂੰ ਜ਼ਮੀਨ ਪੱਧਰੀ ਕਰਨ ਲਈ ਉਤਸ਼ਾਹਿਤ ਕੀਤਾ। ਪਾਣੀ ਦੀ ਮਹੱਤਤਾ ਨੇ ਟਿੰਡਾਂ ਵਾਲੇ ਖੂਹਾਂ ਦੀ ਹੋਂਦ ਨੂੰ ਜਨਮ ਦਿੱਤਾ। ਕਣਕ, ਕਪਾਹ, ਦਾਲਾਂ ਅਤੇ ਚਾਰੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਨੇ ਖੇਤਾਂ ਵਿਚ ਰੌਣਕਾਂ ਲਾ ਦਿੱਤੀਆਂ। ਵੀਹਵੀਂ ਸਦੀ ਦੇ ਆਰੰਭ ਤੋਂ ਹੀ ਪੰਜਾਬ ਦੀ ਧਰਤੀ 'ਤੇ ਹਰਿਆਵਲ ਭਾਅ ਮਾਰਨ ਲੱਗ ਪਈ ਸੀ। ਸੰਨ 1892 ਵਿਚ ਵੱਸੇ ਫ਼ੈਸਲਾਬਾਦ, ਜਿਸ ਨੂੰ ਉਦੋਂ ਲਾਇਲਪੁਰ ਆਖਿਆ ਜਾਂਦਾ ਸੀ, ਨੇ ਜਦੋਂ 100 ਸਾਲ ਪੂਰੇ ਕੀਤੇ ਤਾਂ 'ਕਲਚਰਲ ਫੋਰਮ ਫ਼ੈਸਲਾਬਾਦ' ਨੇ 'ਸਦੀ ਕਾ ਸਫ਼ਰ' ਸਿਰਲੇਖ ਹੇਠ ਇੱਕ ਦਸਤਾਵੇਜ਼ੀ ਤਿਆਰ ਕੀਤੀ, ਜਿਸ ਵਿਚ ਇਹ ਵੇਰਵਾ ਦਿੱਤਾ ਗਿਆ ਸੀ:

'ਅੰਗਰੇਜ਼ ਹਕੂਮਤ ਨੇ ਸਾਂਦਲਬਾਰ ਮੇਂ ਕਾਸ਼ਤਕਾਰੀ ਕੀ ਮਨਸੂਬਾਬੰਦੀ ਸ਼ੁਰੂ ਕੀ। ਇਸ ਇਲਾਕੇ ਕੀ ਆਬਾਦਕਾਰੀ ਕੇ ਲੀਏ ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਸਿਆਲਕੋਟ, ਲੁਧਿਆਣਾ ਔਰ ਫ਼ਿਰੋਜ਼ਪੁਰ ਸੇ ਸਿੱਖ ਔਰ ਮੁਸਲਮਾਨ ਕਿਸਾਨੋਂ ਕੀ ਕਾਸੀਰ ਤਾਦਾਦ (ਵੱਡੀ ਗਿਣਤੀ) ਨੇ ਇਸ ਨੌਆਬਾਦ ਇਲਾਕੇ ਕੀ ਤਰਫ਼ ਕੂਚ ਕੀਆ। ਜਿਨ੍ਹੋਂ ਨੇ ਅਪਨੀ ਮਿਹਨਤ ਔਰ ਜਫ਼ਾਕਸ਼ੀ ਸੇ ਇਸ ਇਲਾਕੇ ਕੋ ਹਰਿਆਲੀ ਔਰ ਖ਼ੁਸ਼ਹਾਲੀ ਕਾ ਰੂਪ ਦੀਆ। ਯੇਹ ਧਰਤੀ ਫ਼ਸਲੋਂ ਕੇ ਮੋਤੀ ਉਗਲਨੇ ਲੱਗੀ। 'ਬਰਕਤ ਦਰਿਆ-ਏ-ਚਨਾਬ ਦੀ' ਫ਼ੈਸਲਾਬਾਦ ਸ਼ਹਿਰ ਕੇ ਦੱਖਣੀ ਦਰਵਾਜ਼ੇ ਕੀ ਗੁਟੀ ਪੇ ਉਕਰੇ ਯਹ ਸ਼ਬਦ ਸਾਂਦਲਬਾਰ ਕੀ ਹਰੀ-ਭਰੀ ਤਹਿਰੀਕ ਕੋ ਮੁਕੰਮਲ ਕਰਤੇ ਹੈਂ।"

ਪਹਿਲੀ ਆਲਮੀ ਜੰਗ ਵਿਚ ਸ਼ਹੀਦ ਹੋਏ ਸਿਪਾਹੀਆਂ ਦੇ ਪਰਿਵਾਰਾਂ ਅਤੇ ਅਪਾਹਜ ਫ਼ੌਜੀਆਂ ਨੂੰ ਬਾਰ ਦੇ ਇਲਾਕੇ ਵਿਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ। ਇਸ ਖੇਤਰ ਵਿਚ ਖੁੱਲ੍ਹੇ ਰਕਬੇ ਨੇ। ਬਰਤਾਨਵੀ ਹਕੂਮਤ ਨੇ ਆਪਣੇ ਹਮਾਇਤੀਆਂ ਨੂੰ ਵੀ ਇਨਾਮ ਵਜੋਂ ਇੱਥੇ ਜ਼ਮੀਨਾਂ ਅਲਾਟ ਕੀਤੀਆਂ; ਨੰਬਰਦਾਰਾਂ ਨੂੰ ਅਲਾਟ ਹੋਏ ਮੁਰੱਬੇ ਇਸੇ ਲੜੀ ਦਾ ਹਿੱਸਾ ਸਨ। 1950ਵਿਆਂ ਵਿਚ ਜ਼ਮੀਨਾਂ ਦੀ ਚੱਕਬੰਦੀ ਨੇ ਭੂਮੀ ਵਿਕਾਸ ਲਈ ਅਹਿਮ ਰੋਲ ਨਿਭਾਇਆ। ਇੱਕ ਕਿਸਾਨ ਦੀ ਮਾਲਕੀ ਵਾਲੀ ਜ਼ਮੀਨ, ਜੋ ਕਈ ਥਾਵਾਂ ਉੱਤੇ ਖਿੰਡੀ-ਪੁੰਡੀ ਹੋਈ ਸੀ, ਨੂੰ ਇੱਕ ਜਾਂ ਦੋ ਥਾਵਾਂ 'ਤੇ ਇਕੱਠਾ ਕਰ ਦਿੱਤਾ ਗਿਆ। ਪਿੰਡਾਂ ਨੂੰ ਆਪਸ ਵਿਚ ਜੋੜਨ ਵਾਲੇ ਰਸਤੇ ਸਿੱਧੇ ਕੀਤੇ ਗਏ। ਹਰ ਖੇਤ ਤੱਕ ਸਿੱਧੀਆਂ ਪਗਡੰਡੀਆਂ ਅਤੇ ਪਹੀਆਂ (ਰਾਹਾਂ) ਰਾਹੀਂ ਪਹੁੰਚ ਬਣਾਈ ਗਈ। ਨਹਿਰੀ ਖਾਲਾਂ ਦਾ ਨਿਰਮਾਣ ਕੀਤਾ ਗਿਆ, ਜਿਸ ਨਾਲ ਨਹਿਰੀ ਸਿੰਚਾਈ ਦੇ ਖੇਤਰ ਅਤੇ ਸਿੰਚਾਈ ਕੁਸ਼ਲਤਾ ਵਿਚ ਵੱਡਾ ਵਾਧਾ ਹੋਇਆ। ਆਜ਼ਾਦੀ ਸਮੇਂ ਭਾਰਤ ਵੱਡੀ ਮਾਤਰਾ ਵਿਚ ਅਨਾਜ ਬਾਹਰੋਂ ਮੰਗਵਾਉਂਦਾ ਸੀ। ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਲਈ ਪੰਜਾਬ ਦੀ ਚੋਣ ਹੋਈ। ਸੰਨ 1967-68 ਵਿਚ ਦਿਹਾਤੀ ਖੇਤਰ ਦਾ ਬਿਜਲੀਕਰਨ ਸ਼ੁਰੂ ਹੋਇਆ। ਟਿੰਡਾਂ ਵਾਲੇ ਖੂਹਾਂ 'ਤੇ ਬਿਜਲਈ ਮੋਟਰਾਂ ਲੱਗੀਆਂ ਅਤੇ ਨਵੇਂ ਬਿਜਲੀ ਟਿਊਬਵੈੱਲ ਹੋਂਦ ਵਿਚ ਆਏ। 1970 ਦੇ ਦਹਾਕੇ ਵਿਚ 7 ਲੱਖ ਹੈਕਟੇਅਰ ਕੱਲਰੀ ਜ਼ਮੀਨ ਨੂੰ ਜਿਪਸਮ ਪਾ ਕੇ ਖੇਤੀ ਯੋਗ ਬਣਾਇਆ ਗਿਆ। ਪੰਜਾਬ ਦੇ 35 ਫ਼ੀਸਦੀ ਪੇਂਡੂ ਖੇਤਰ ਵਿਚ ਟਿੱਬੇ ਸਨ, ਜਿਨ੍ਹਾਂ ਨੂੰ ਪੱਧਰਾ ਕਰਕੇ ਵਾਹੀਯੋਗ ਬਣਾਇਆ ਗਿਆ। ਕਣਕ ਅਤੇ ਝੋਨੇ ਦੀਆਂ ਮਧਰੀਆਂ (ਬੌਣੀਆਂ) ਅਤੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਹੋਂਦ ਵਿਚ ਆਈਆਂ। ਰਸਾਇਣਕ ਖਾਦਾਂ ਦੀ ਵਰਤੋਂ ਨੇ ਝਾੜ ਵਿਚ ਚੋਖਾ ਵਾਧਾ ਕੀਤਾ ਅਤੇ ਖੇਤੀ ਮਸ਼ੀਨਰੀ ਨੇ ਉਤਪਾਦਨ ਦੀ ਦਰ ਨੂੰ ਤੇਜ਼ ਕਰ ਦਿੱਤਾ। ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਅਤੇ ਅਨਾਜ ਮੰਡੀਆਂ ਦੇ ਪਸਾਰ ਨੇ 'ਹਰੀ ਕ੍ਰਾਂਤੀ' ਨੂੰ ਅਸਲ ਰੂਪ ਵਿਚ ਪਰਿਭਾਸ਼ਿਤ ਕੀਤਾ। 1978 ਵਿਚ ਪੰਜਾਬ ਨੇ ਕੇਂਦਰੀ ਪੂਲ ਵਿਚ 78.5 ਫ਼ੀਸਦੀ ਕਣਕ ਦਾ ਯੋਗਦਾਨ ਪਾਇਆ। ਇੰਞ, ਇਸ ਛੋਟੇ ਜਿਹੇ ਸੂਬੇ ਨੇ ਦੇਸ਼ ਦਾ 'ਅੰਨ ਦਾ ਭੜੋਲਾ' ਹੋਣ ਦਾ ਮਾਣ ਹਾਸਲ ਕੀਤਾ।

ਪੰਜਾਬ ਵਿਚ ਜ਼ਮੀਨ ਦਾ ਸਤਿਕਾਰ ਮਾਂ ਵਾਂਗ ਕੀਤਾ ਜਾਂਦਾ ਸੀ। ਇਹ ਉਹ ਥਾਂ ਸੀ, ਜਿੱਥੇ ਪਰਿਵਾਰਾਂ ਨੂੰ ਰੋਜ਼ੀ-ਰੋਟੀ ਅਤੇ ਸਹਾਰਾ ਮਿਲਦਾ ਰਿਹਾ, ਜਿੱਥੇ ਪੀੜੀਆਂ ਜੜ੍ਹਾਂ ਫੜਦੀਆਂ ਅਤੇ ਜਿੱਥੇ ਯਾਦਾਂ ਕਣਕ ਤੇ ਸਰ੍ਹੋਂ ਦੇ ਬੀਜਾਂ ਨਾਲ ਬੀਜੀਆ ਜਾਂਦੀਆਂ ਰਹੀਆਂ। ਪਸੀਨਾ ਅਤੇ ਗੀਤ ਦੋਵੇਂ ਇਸ ਦੀ ਬੁੱਕਲ ਵਿਚ ਸਨ। ਇਹ ਵਾਢੀ ਵੇਲੇ ਢੋਲ ਦੀ ਤਾਲ ਬਾਸਮਤੀ ਚੌਲਾਂ ਦੀ ਖੁਸ਼ਬੂ ਅਤੇ ਖੇਤਾਂ ਵਿਚ ਸਖ਼ਤ ਮਿਹਨਤ ਦਾ ਮਾਣ ਆਪਣੇ ਨਾਲ ਲੈ ਕੇ ਤੁਰਦੀ ਸੀ। ਉਦੋਂ ਭੁੱਜਦੇ ਤਿਲਾਂ ਦੀ ਮਹਿਕ ਤੇ ਘੁਲਾੜੀ ਦੀ ਖੁਸ਼ਬੋ ਹਵਾ ਦਾ ਸਹਾਰਾ ਲੈ ਕੇ ਘਰ ਘਰ ਖੁਸ਼ੀਆਂ ਦਾ ਛੱਟਾ ਦੇ ਜਾਂਦੀ ਸੀ। ਸਦੀਆਂ ਤੋਂ ਜ਼ਮੀਨ ਅਤੇ ਲੋਕਾਂ ਦੀ ਸਾਂਝ ਨੇ ਪੰਜਾਬ ਨੂੰ ਪਰਿਭਾਸ਼ਿਤ ਕੀਤਾ। ਪਰਿਵਾਰ ਸਾਦਗੀ ਨਾਲ ਰਹਿੰਦੇ ਸਨ; ਅਕਸਰ ਉਨ੍ਹਾਂ ਦੀਆਂ ਜੇਬਾਂ ਵਿਚ ਥੋੜ੍ਹੀ ਜਿਹੀ ਦੌਲਤ ਹੁੰਦੀ ਸੀ, ਪਰ ਉਨ੍ਹਾਂ ਦੀ ਮਿਹਨਤ ਤੇ ਮਾਣ ਵਿਚ ਇੱਕ ਵੱਖਰਾ ਨਿੱਘ ਹੁੰਦਾ ਸੀ। ਦੌਲਤ ਨੂੰ ਪੈਸੇ-ਧੇਲੇ ਵਿਚ ਨਹੀਂ ਸਗੋਂ ਇਸ ਗੱਲ ਤੋਂ ਮਾਪਿਆ ਜਾਂਦਾ ਸੀ ਕਿ ਪਰਿਵਾਰ ਕੋਲ ਕਿੰਨੇ ਘੁਮਾਂ ਜ਼ਮੀਨ ਹੈ, ਜੋਤਾਂ (ਹਲ) ਕਿੰਨੀਆਂ ਹਨ, ਜ਼ਮੀਨ ਕਿੰਨੀ ਚੰਗੀ ਤਰ੍ਹਾਂ ਸਾਂਭੀ ਗਈ ਹੈ ਅਤੇ ਚੁੱਲ੍ਹੇ-ਚੌਂਕੇ 'ਤੇ ਪਰੋਲਾ ਫੇਰ ਕੇ ਚਿੜੀਆਂ ਤੇ ਤੋਤੇ ਕਿਵੇਂ ਪਾਏ ਗਏ ਹਨ।

ਪਰ ਇਸ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਸਾਡੀ ਇਸ ਕਹਾਣੀ ਵਿਚ ਬਹੁਤ ਕੁਝ ਬਦਲ ਗਿਆ। ਪੰਜਾਬ ਸਰਕਾਰ ਵੱਲੋਂ ਜਾਰੀ 'ਉਦਯੋਗਿਕ ਨੀਤੀ 2003' ਅਤੇ ਇਸ ਨਾਲ ਸਬੰਧਿਤ ਨੋਟੀਫਿਕੇਸ਼ਨਾਂ ਨੂੰ ਇੱਕ ਨਵੀਂ ਸਵੇਰ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਨੇ ਸ਼ੌਪਿੰਗ ਮਾਲਾਂ, ਮਲਟੀਪਲੈਕਸਾਂ, ਟਾਊਨਸ਼ਿਪਾਂ ਅਤੇ ਨਿਵੇਸ਼ ਗਲਿਆਰਿਆਂ ਦੇ ਵਿਕਾਸ ਰਾਹੀਂ ਖੁਸ਼ਹਾਲੀ ਦਾ ਵਾਅਦਾ ਕੀਤਾ। ਕਿਸਾਨਾਂ ਲਈ ਇਸ ਦਾ ਸਿੱਧਾ ਮਤਲਬ ਸੀ: ਉਨ੍ਹਾਂ ਦੀ ਉਹ ਜ਼ਮੀਨ, ਜਿਸ ਦਾ ਅਕਸਰ ਘੱਟ ਮੁੱਲ ਹੁੰਦਾ ਸੀ, ਅਚਾਨਕ ਉਹ ਕੀਮਤਾਂ ਪ੍ਰਾਪਤ ਕਰੇਗੀ ਜਿਨ੍ਹਾਂ ਦਾ ਉਨ੍ਹਾਂ ਨੇ ਕਦੇ ਸੁਪਨਾ ਵੀ ਨਹੀਂ ਲਿਆ ਸੀ। ਇਸ ਨੀਤੀ ਦੇ ਦਾਇਰੇ ਵਿਚ ਆਉਂਦੇ ਪਿੰਡ ਉਤਸ਼ਾਹ ਨਾਲ ਗੂੰਜ ਉੱਠੇ। ਪਿਤਾ ਕਰਜ਼ੇ ਚੁਕਾਉਣ ਬਾਰੇ ਸੋਚਣ ਲੱਗੇ, ਪੁੱਤ ਕਾਰਾਂ, ਕਾਰੋਬਾਰਾਂ ਤੇ ਵਿਦੇਸ਼ ਯਾਤਰਾਵਾਂ ਦੀ ਕਲਪਨਾ ਕਰਨ ਲੱਗੇ ਅਤੇ ਔਰਤਾਂ ਅਨਿਸ਼ਚਿਤਤਾ ਤੋਂ ਮੁਕਤ ਹੋ ਕੇ ਸੁਨਹਿਰੀ ਭਵਿੱਖ ਵੱਲ ਵੇਖਣ ਲੱਗੀਆਂ। ਕੁਝ ਸਮੇਂ ਲਈ ਇਹ ਉਮੀਦਾਂ ਬਹੁਤ ਸੁਖਾਵੀਆਂ ਜਾਪਦੀਆਂ ਸਨ। ਉਹ ਜ਼ਮੀਨ, ਜਿੱਥੇ ਕਦੇ ਕਣਕ ਉਗਾਈ ਜਾਂਦੀ ਸੀ, ਹੁਣ ਕਰੋੜਾਂ ਦੀ ਹੋ ਗਈ ਸੀ। ਪੈਸਾ ਉਨ੍ਹਾਂ ਘਰਾਂ ਵੱਲ ਹੜ੍ਹ ਵਾਂਗ ਆਇਆ, ਜਿਨ੍ਹਾਂ ਨੇ ਜ਼ਮੀਨ ਵੇਚਣ ਦਾ ਫ਼ੈਸਲਾ ਲਿਆ ਸੀ। ਪਰ ਹੜ੍ਹ ਸਿਰਫ਼ ਤਾਰਦੇ ਹੀ ਨਹੀਂ, ਸਗੋਂ ਡੋਬ ਵੀ ਸਕਦੇ ਹਨ ਅਤੇ ਅਜਿਹਾ ਹੀ ਹੋਇਆ।

ਇਨ੍ਹਾਂ ਹਾਲਾਤ ਵਿਚ ਕੋਲੋਨਾਈਜ਼ਰ, ਰੀਅਲ ਅਸਟੇਟ ਕੰਪਨੀਆਂ ਅਤੇ ਭੂ-ਮਾਫ਼ੀਆ ਹੋਂਦ ਵਿਚ ਆਏ। ਪ੍ਰਸ਼ਾਸਨ ਦੀ ਕਥਿਤ ਸ਼ਹਿ (ਜਾਂ ਮਿਲੀਭੁਗਤ) ਨਾਲ ਇਹ ਇੱਕ ਮਜ਼ਬੂਤ ਗੱਠਜੋੜ ਬਣ ਗਿਆ। ਵੱਡੇ ਸ਼ਹਿਰਾਂ ਦੇ ਚਾਰ-ਚੁਫ਼ੇਰੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕਲੋਨੀਆਂ ਦਿੱਸਣ ਲੱਗੀਆਂ। ਵਧਦੀ ਆਬਾਦੀ ਦੀ ਲੋੜ ਨੇ ਅਜਿਹੀਆਂ ਉਸਾਰੀਆਂ ਦਾ ਰਾਹ ਪੱਧਰਾ ਕੀਤਾ; ਪਰ ਵੱਡੇ ਪੱਧਰ 'ਤੇ ਇਨ੍ਹਾਂ ਕਲੋਨੀਆਂ ਵਿਚ ਪਲਾਟਾਂ ਦੀ ਵੇਚ-ਖ਼ਰੀਦ ਸਿਰਫ਼ ਨਫ਼ਾ ਕਮਾਉਣ ਤੱਕ ਹੀ ਸੀਮਤ ਰਹੀ। ਅਜਿਹੇ ਸਮੀਕਰਨ ਉਪਜਾਊ ਜ਼ਮੀਨ ਦੇ ਖ਼ਾਤਮੇ ਦੀ ਸ਼ੁਰੂਆਤ ਸਨ। ਹੁਣ ਆਲਮ ਇਹ ਹੈ ਕਿ ਦਿਨ-ਬ-ਦਿਨ ਜ਼ਮੀਨ ਦੇ ਖ਼ਾਤਮੇ ਦੀ ਰਫ਼ਤਾਰ ਤੇਜ਼ ਹੁੰਦੀ ਜਾ ਰਹੀ ਹੈ।

ਉਪਜਾਊ ਜ਼ਮੀਨ ਦੇ ਉਜਾੜੇ ਪੱਖੋਂ ਸਾਡਾ ਸੂਬਾ ਇੱਕ ਸੰਕਟਕਾਲੀ ਸਥਿਤੀ ਵਿਚੋਂ ਲੰਘ ਰਿਹਾ ਹੈ। ਧਰਤੀ ਹੇਠਲਾ ਪਾਣੀ ਮੁੜ ਰੀਚਾਰਜ ਹੋ ਸਕਦਾ ਹੈ, ਮਿੱਟੀ ਦੀ ਸਿਹਤ ਵੀ ਸੁਧਾਰੀ ਜਾ ਸਕਦੀ ਹੈ; ਪਰ ਜਦੋਂ ਜ਼ਮੀਨ ਇੱਕ ਵਾਰ ਖੇਤੀ ਤੋਂ ਬਿਨਾਂ ਗੈਰ-ਖੇਤੀ ਕਾਰਜਾਂ ਲਈ ਵਰਤੋਂ ਵਿਚ ਆ ਜਾਂਦੀ ਹੈ ਤਾਂ ਉਹ ਖੇਤੀ ਪੱਖੋਂ ਸਦਾ ਲਈ ਖ਼ਤਮ ਹੋ ਜਾਂਦੀ ਹੈ। ਹਾਈਵੇਅਜ਼ ਅਤੇ ਬਾਈਪਾਸ ਦੇ ਆਲੇ ਦੁਆਲੇ ਕਾਲੇ ਧਨ ਦੀ ਬਹੁਤਾਤ ਕਾਰਨ ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਤੇਜ਼ੀ ਨਾਲ ਘਟ ਰਹੀ ਹੈ। 2019-20 ਤੋਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐੱਨ ਐੱਚ ਏ ਆਈ) ਦੁਆਰਾ ਪੰਜਾਬ ਵਿਚ ਉਸਾਰੀ ਅਧੀਨ ਹਾਈਵੇਜ਼ ਨੂੰ ਗ੍ਰੀਨ ਫੀਲਡ ਅਤੇ ਬ੍ਰਾਊਨ ਫੀਲਡ ਪ੍ਰੋਜੈਕਟਾਂ ਵਿਚ ਵੰਡਿਆ ਗਿਆ ਹੈ। ਗ੍ਰੀਨ ਫੀਲਡ ਬਿਲਕੁਲ ਨਵੇਂ ਬਣ ਰਹੇ ਅਤੇ ਬ੍ਰਾਊਨ ਫੀਲਡ ਪੁਰਾਣੀਆਂ ਸੜਕਾਂ ਨੂੰ ਚੌੜਾ ਕਰਨ ਵਾਲੇ ਪ੍ਰੋਜੈਕਟ ਹਨ। ਇਨ੍ਹਾਂ ਪ੍ਰੋਜੈਕਟਾਂ ਵਿਚ 'ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ' (ਗ੍ਰੀਨ ਫੀਲਡ ਪ੍ਰੋਜੈਕਟ) ਪ੍ਰਮੁੱਖ ਹੈ, ਜਿਸ ਦੀ ਪੰਜਾਬ ਵਿਚ ਲੰਬਾਈ ਲਗਪਗ 397 ਕਿਲੋਮੀਟਰ ਹੈ। ਇੱਕ ਕਿਲੋਮੀਟਰ ਅਜਿਹੀ ਸੜਕ ਬਣਾਉਣ ਲਈ ਲਗਪਗ 6 ਹੈਕਟੇਅਰ ਜ਼ਮੀਨ ਵਰਤੋਂ ਵਿਚ ਆਉਂਦੀ ਹੈ। ਕਾਂਟ-ਛਾਂਟ (ਲਿੰਕ ਰੋਡ ਅਤੇ ਇੰਟਰਚੇਂਜ) ਪਾ ਕੇ 75 ਕਿਲੋਮੀਟਰ ਮਾਰਗ ਲਈ 500 ਹੈਕਟੇਅਰ ਜ਼ਮੀਨ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਪ੍ਰੋਜੈਕਟਾਂ ਰਾਹੀਂ ਹੁਣ ਤੱਕ ਲਗਪਗ 1000 ਏਕੜ ਉਪਜਾਊ ਜ਼ਮੀਨ ਸੜਕਾਂ ਦੀ ਭੇਟ ਚੜ ਚੁੱਕੀ ਹੈ।

ਪ੍ਰਮੁੱਖ ਹਾਈਵੇਅ ਜਦੋਂ ਸ਼ਹਿਰਾਂ ਕੋਲੋਂ ਲੰਘਦੇ ਹਨ ਤਾਂ ਟ੍ਰੈਫਿਕ ਦੀ ਸਹੂਲਤ ਲਈ ਵੱਡਾ ਵਲ ਪਾ ਕੇ ਸ਼ਹਿਰਾਂ ਤੇ ਕਸਬਿਆਂ ਦੇ ਬਾਹਰਵਾਰ ਬਾਈਪਾਸ ਰੱਖੇ ਜਾਂਦੇ ਹਨ। ਇਨ੍ਹਾਂ ਬਾਈਪਾਸਾਂ ਦੇ ਦੋਵੇਂ ਪਾਸੇ ਆਉਂਦੀ ਜ਼ਮੀਨ ਝਟਪਟ ਰੀਅਲ ਅਸਟੇਟ ਅਤੇ ਲੈਂਡ ਮਾਫੀਆ ਦੇ ਰਾਡਾਰ 'ਤੇ ਆ ਜਾਂਦੀ ਹੈ। ਜ਼ਰਖੇਜ਼ ਜ਼ਮੀਨ ਵਿਚੋਂ ਪਲਾਟ ਕੱਟੇ ਜਾਂਦੇ ਹਨ ਅਤੇ ਹਰੇ-ਭਰੇ ਖੇਤਾਂ ਨੂੰ ਉੱਚੀਆਂ ਚਾਰਦੀਵਾਰੀਆਂ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਲੁਧਿਆਣਾ ਕੋਲ ਦੋਰਾਹਾ-ਲਾਢੋਵਾਲ ਬਾਈਪਾਸ ਅਤੇ ਬਠਿੰਡਾ-ਮਲੋਟ ਬਾਈਪਾਸ ਇਸ ਸਥਿਤੀ ਦੀ ਪ੍ਰਤੱਖ ਉਦਾਹਰਣ ਹਨ। ਇਸ ਸਦੀ ਦੀ ਪਹਿਲੀ ਚੌਥਾਈ (ਸ਼ੁਰੂਆਤੀ 25 ਸਾਲ) ਦੌਰਾਨ ਵਾਹੀਯੋਗ ਉਪਜਾਊ ਜ਼ਮੀਨ ਦਾ ਬਹੁਤ ਤੇਜ਼ੀ ਨਾਲ ਖ਼ਾਤਮਾ ਹੋਇਆ ਹੈ। ਸਾਲ 2000-01 ਤੋਂ 2024-25 ਤੱਕ ਪੰਜਾਬ ਦੀ ਵਾਹੀਯੋਗ ਜ਼ਮੀਨ 42.5 ਲੱਖ ਹੈਕਟੇਅਰ ਤੋਂ ਘਟ ਕੇ 11 ਲੱਖ ਹੈਕਟੇਅਰ ਰਹਿ ਗਈ ਹੈ। ਇਸ ਹਿਸਾਬ ਨਾਲ ਪ੍ਰਤੀ ਸਾਲ ਪ੍ਰਤੀ ਮਹੀਨਾ ਅਤੇ ਪ੍ਰਤੀ ਦਿਨ ਕ੍ਰਮਵਾਰ 12000, 1500 ਅਤੇ ਲਗਪਗ 42 ਏਕੜ ਉਪਜਾਊ ਜ਼ਮੀਨ ਖੇਤੀ ਖੇਤਰ ਵਿਚੋਂ ਬਾਹਰ ਹੋ ਰਹੀ ਹੈ (ਅਤੇ ਅਸਲ ਅੰਕੜੇ ਇਸ ਤੋਂ ਦੁੱਗਣੇ ਹੋਣ ਦਾ ਖਦਸ਼ਾ ਹੈ)। ਖੇਤ ਹੁਣ ਬਹੁਤ



ਮਹਿੰਗੇ ਹੋ ਕੇ ਮਹਿਜ਼ ਇੱਕ ਵਸਤੂ ਵਾਂਗ ਮੰਡੀ ਵਿਚ ਵਿਕਣ ਲੱਗੇ ਹਨ। ਦਰਅਸਲ, ਖੇਤ ਕੋਈ ਨਿਰਜੀਵ ਵਸਤੂ ਨਹੀਂ ਹਨ; ਕਣਕ ਅਤੇ ਝੋਨੇ ਦੇ ਲਹਿਰਾਉਂਦੇ ਇਹ ਹਰੇ-ਭਰੇ ਖੇਤ ਛੇ-ਸੱਤ ਪੀੜ੍ਹੀਆਂ ਦੇ ਉੱਦਮੀ ਕਿਸਾਨਾਂ ਦੀ 150 ਸਾਲਾਂ ਤੋਂ ਵੱਧ ਦੀ ਹੱਡ-ਭੰਨਵੀਂ ਮਿਹਨਤ ਦਾ ਨਤੀਜਾ ਹਨ। ਸਾਡੇ ਸਮਾਜਿਕ ਤੇ ਸੱਭਿਆਚਾਰਕ ਜੀਵਨ ਵਿਚ ਇਨ੍ਹਾਂ ਫ਼ਸਲਾਂ ਅਤੇ ਖੇਤਾਂ ਦੀ ਹੋਂਦ ਸਾਡੀ ਜ਼ਿੰਦਗੀ ਵਿਚ ਰੰਗਦਾਰ ਬੂਟੀਆਂ ਵਾਂਗ ਰਚੀ ਹੋਈ ਹੈ।

ਬਹੁਤ ਸਾਰੇ ਹਾਈਵੇਅ ਲੰਘਣ ਕਾਰਨ ਕਿਸਾਨਾਂ ਨੂੰ ਮੁਆਵਜ਼ੇ ਦੇ ਰੂਪ ਵਿਚ ਵੱਡੀ ਰਕਮ ਦਿੱਤੀ ਗਈ। ਜ਼ਮੀਨ ਦੀ ਮਿਕਦਾਰ (ਰਕਬਾ) ਸਥਿਰ ਹੈ ਅਤੇ ਇਸ ਦਾ ਲਗਾਤਾਰ ਘਟਦੇ ਜਾਣਾ ਯਕੀਨੀ ਹੈ ਕਿਉਂਕਿ ਸਰਕਾਰੀ ਤੌਰ 'ਤੇ ਐਕੁਆਇਰ ਕਰਨ ਅਤੇ ਕਾਲੇ ਧਨ ਰਾਹੀਂ ਜ਼ਮੀਨ ਖਰੀਦੇ ਜਾਣ ਤੋਂ ਇਲਾਵਾ ਹੋਰ ਬਹੁਤ ਸਾਰੇ ਗੈਰ-ਖੇਤੀ ਕੰਮ-ਧੰਦੇ ਸ਼ੁਰੂ ਕਰਨ ਲਈ ਜ਼ਮੀਨ ਦੀ ਲੋੜ ਹੈ। ਇਸੇ ਲਈ ਪਿਛਲੇ ਚਾਰ-ਪੰਜ ਵਰ੍ਹਿਆਂ ਤੋਂ ਜ਼ਮੀਨ ਦੀਆਂ ਬਾਜ਼ਾਰੀ ਕੀਮਤਾਂ ਵਿਚ ਭਾਰੀ ਵਾਧਾ ਹੋ ਰਿਹਾ ਹੈ। ਕਈ ਪਿੰਡਾਂ ਦੇ ਲੋਕਾਂ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ 2024 ਵਿਚ ਜ਼ਮੀਨ ਦੀਆਂ ਜੋ ਕੀਮਤਾਂ ਸਨ ਉਹ 2026 ਤੱਕ ਦੁੱਗਣੀਆਂ ਹੋ ਗਈਆਂ ਹਨ। ਇਹ ਜ਼ਮੀਨਾਂ ਕੁਲੈਕਟਰ ਰੇਟ ਤੋਂ ਦੁੱਗਣੇ ਤਿੱਗਣੇ, ਚੌਗੁਣੇ ਅਤੇ ਕਈ ਥਾਈਂ ਦਸ ਗੁਣਾ ਬਾਜ਼ਾਰੀ ਮੁੱਲ ਤੱਕ ਵੀ ਵਿਕੀਆਂ ਹਨ। ਜ਼ਮੀਨਾਂ ਦੀਆਂ ਕੀਮਤਾ ਵਿਚ ਵਾਧੇ ਦੇ ਨਾਲ-ਨਾਲ ਉਹ ਜ਼ਮੀਨਾਂ ਦੇ ਖ਼ਾਸ ਰਣਨੀਤਕ ਮਹੱਤਵ ਵਾਲੀਆਂ ਥਾਵਾਂ, ਜਿਵੇਂ ਹਾਈਵੇਅ ਦੇ ਨੇੜੇ ਚੁਰਸਤਿਆਂ (ਚੌਕਾਂ) 'ਤੇ ਸ਼ਹਿਰ ਦੇ ਨੇੜੇ ਅਤੇ ਉੱਭਰ ਰਹੇ ਬੁਨਿਆਦੀ ਢਾਂਚੇ ਦੀ ਆੜ ਵਿਚ ਹਨ, ਉਨ੍ਹਾਂ ਦੇ ਭਾਅ ਜਵਾਰਭਾਟੇ ਦੀਆਂ ਛੱਲਾਂ ਵਾਂਗ ਅਣਕਿਆਸੀਆਂ ਉਚਾਈਆਂ ਨੂੰ ਛੂਹ ਰਹੇ ਹਨ। ਲੁਧਿਆਣਾ ਜ਼ਿਲ੍ਹੇ ਵਿਚੋਂ ਲੰਘਦੀ ਸਿੱਧਵਾਂ ਬ੍ਰਾਂਚ ਨਹਿਰ ਜਦੋਂ ਦਾਖਾ ਪਿੰਡ ਦੀ ਜ਼ਮੀਨ ਵਿਚੋਂ ਲੰਘਦੀ ਹੈ ਤਾਂ ਉੱਥੇ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਦੀਆਂ ਉੱਚੀਆਂ ਕੀਮਤਾਂ ਇਸ ਤੱਥ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦੀਆਂ ਹਨ:

'ਸਾਲ 2010 ਦੌਰਾਨ ਦਾਖਾ ਪਿੰਡ ਦੀ ਨਹਿਰ ਨਾਲ ਲੱਗਦੀ ਜ਼ਮੀਨ 5 ਕਰੋੜ 70 ਲੱਖ ਰੁਪਏ (ਬਾਜ਼ਾਰੀ ਕੀਮਤ) ਪ੍ਰਤੀ ਏਕੜ ਦੇ ਹਿਸਾਬ ਨਾਲ ਵਿਕੀ। ਉਸ ਸਮੇਂ ਉਸ ਪਿੰਡ ਵਿਚ ਸਰਕਾਰੀ ਕੁਲੈਕਟਰ ਰੇਟ ਮਹਿਜ਼ 8 ਲੱਖ ਰੁਪਏ ਪ੍ਰਤੀ ਏਕੜ ਸੀ; ਇੱਥੇ ਕੁੱਲ 3 ਏਕੜ ਜ਼ਮੀਨ ਦਾ ਸੌਦਾ ਹੋਇਆ ਸੀ। ਸਾਲ 2021 ਵਿਚ ਇੱਕ ਕੰਪਨੀ ਨੇ ਇੱਕ ਕਿਸਾਨ ਤੋਂ 18 ਏਕੜ ਜ਼ਮੀਨ ਖ਼ਰੀਦਣ ਲਈ ਉਸ ਨੂੰ ਬਿਲਕੁਲ 'ਵੱਟ ਨਾਲ ਵੱਟ' ਲੱਗਦੀ 18 ਏਕੜ ਜ਼ਮੀਨ ਹੋਰ ਥਾਂ ਖ਼ਰੀਦ ਕੇ ਦਿੱਤੀ ਅਤੇ ਇਸ ਦੇ ਉੱਪਰੰਤ ਪੌਣੇ ਦੋ ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਨਕਦ ਰਕਮ ਹੋਰ ਅਦਾ ਕੀਤੀ। ਇੱਥੇ ਇਹ ਜ਼ਿਕਰਯੋਗ ਹੈ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਵਿਚ ਵੱਟ ਨਾਲ ਵੱਟ ਦਾ ਵਟਾਂਦਰਾ ਬਿਨਾਂ ਕੁਝ ਦਿੱਤੇ-ਲਏ (ਸਿਰਫ਼ ਆਪਸੀ ਸਹਿਮਤੀ ਨਾਲ) ਹੋ ਜਾਂਦਾ ਸੀ। ਸਾਲ 2022 ਵਿਚ ਇੱਕ ਕਾਰਪੋਰੇਟ ਘਰਾਣੇ ਨੇ ਆਪਣੇ ਪ੍ਰੋਜੈਕਟ ਦੇ ਵਿਚਕਾਰ ਆਉਂਦੀ ਸਵਾ ਤਿੰਨ ਏਕੜ ਜ਼ਮੀਨ ਖ਼ਰੀਦਣ ਲਈ ਉਸ ਜ਼ਮੀਨ ਦੇ ਮਾਲਕ ਨੂੰ ਉਸ ਥਾਂ ਤੋਂ 15-20 ਕਿਲੋਮੀਟਰ ਦੇ ਫ਼ਾਸਲੇ 'ਤੇ 33 ਏਕੜ ਜ਼ਮੀਨ ਖ਼ਰੀਦ ਕੇ ਦਿੱਤੀ। ਅਜਿਹੇ ਆਰਥਿਕ ਸਮੀਕਰਨਾਂ ਨੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵੇਚਣ ਲਈ ਉਕਸਾਇਆ ਹੈ। ਇਨ੍ਹਾਂ ਪਿੰਡਾਂ ਵਿਚ ਅਜਿਹੀਆਂ ਕਈ ਕਹਾਣੀਆਂ ਹਨ; ਅਸਲ ਵਿਚ ਹਰ ਖੇਤ ਦੀ ਆਪਣੀ ਇੱਕ ਕਹਾਣੀ ਹੈ। ਕੇਵਲ ਇਹੋ ਪਿੰਡ ਕਿਉਂ, ਲੁਧਿਆਣੇ ਸ਼ਹਿਰ ਤੋਂ 20-30 ਕਿਲੋਮੀਟਰ ਤੱਕ ਦੀ ਦੂਰੀ ਦੇ ਸਾਰੇ ਪਿੰਡ ਭੂ-ਮਾਫੀਆ ਦੀ ਲਪੇਟ ਵਿਚ ਹਨ। ਅਤਿਅੰਤ ਉਪਜਾਊ ਜ਼ਮੀਨ ਦੀ ਇਹ ਖ਼ਰੀਦਦਾਰੀ 'ਸ਼ਹਿਰੀਕਰਨ' ਦੀ ਆੜ ਹੇਠ ਹੋ ਰਹੀ ਹੈ।'

ਇਹ ਸਥਿਤੀ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ: ਸਾਡੇ ਸੂਬੇ ਵਿਚ ਇੰਨਾ ਕਾਲਾ ਧਨ ਕਿੱਥੋਂ ਆ ਰਿਹਾ ਹੈ? ਕਾਲੇ ਧਨ ਦੇ ਇਸ ਵਹਾਅ 'ਤੇ ਕੋਈ ਕੰਟਰੋਲ ਕਿਉਂ ਨਹੀਂ ਹੈ ਅਤੇ ਇਸ ਲਈ ਜ਼ਿੰਮੇਵਾਰ ਕੌਣ ਹੈ? ਇਨ੍ਹਾਂ ਜ਼ਮੀਨਾਂ ਦੇ ਅਸਲੀ ਖ਼ਰੀਦਦਾਰ ਕੌਣ ਹਨ ਅਤੇ ਉਹ ਕਿਹੜੇ-ਕਿਹੜੇ ਸੂਬਿਆਂ ਵਿਚੋਂ ਆਏ ਹਨ? ਦੇਸ਼ ਦਾ ਕੋਈ ਹੋਰ ਸੂਬਾ ਆਪਣੇ ਖੇਤਾਂ ਨੂੰ ਇੰਜ ਉੱਜੜਨ ਦੀ ਇਜਾਜ਼ਤ ਨਹੀਂ ਦਿੰਦਾ ਤਾਂ ਸਾਡੀਆਂ 'ਭੂਮੀ ਵਰਤੋਂ ਨੀਤੀਆਂ' ਕਿੱਥੇ ਹਨ? ਕਾਲਾ ਧਨ ਕਿਰਤੀਆਂ (ਮਜ਼ਦੂਰਾਂ) ਦੇ ਹੱਥਾਂ ਵਿਚੋਂ ਰੋਟੀ ਖੋਹ ਲੈਂਦਾ ਹੈ। ਇਹ ਧਨ ਨੌਜਵਾਨਾਂ ਤੋਂ ਰੁਜ਼ਗਾਰ ਖੋਹ ਕੇ ਉਨ੍ਹਾਂ ਨੂੰ ਨਸ਼ਿਆਂ ਅਤੇ ਲੜਾਈ-ਝਗੜਿਆਂ ਦੇ ਰਾਹ ਪਾ ਦਿੰਦਾ ਹੈ। ਕੀ ਇਹ ਕਾਲਾ ਧਨ ਆਰਥਿਕ ਅੱਤਵਾਦ ਦੀ ਹੀ ਇੱਕ ਨਵੀਂ ਕਿਸਮ ਹੈ?

ਦਰਅਸਲ, ਕਾਲਾ ਧਨ ਸੰਭਾਵੀ ਮੁਨਾਫ਼ਿਆਂ ਨੂੰ ਸਾਹਮਣੇ ਰੱਖਦਿਆਂ ਵੱਡੇ ਪੱਧਰ 'ਤੇ ਪੰਜਾਬ ਦੀਆਂ ਉਪਜਾਊ ਜ਼ਮੀਨਾਂ ਦੀ ਖ਼ਰੀਦੋ-ਫ਼ਰੋਖ਼ਤ ਅਤੇ ਇਸ ਦੇ ਉਜਾੜੇ ਵਿਚ ਬੇਰਹਿਮੀ ਤੇ ਬੇਕਿਰਕੀ ਨਾਲ ਗਤੀਸ਼ੀਲ ਹੈ। ਇਸ ਸਭ ਦੇ ਬਾਵਜੂਦ ਕਿਸਾਨ, ਸਮਾਜਿਕ ਆਗੂ, ਪ੍ਰਸ਼ਾਸਨ ਅਤੇ ਸਰਕਾਰ ਚੁੱਪ ਹਨ। ਉਪਜਾਊ ਜ਼ਮੀਨ ਦੇ ਖ਼ਾਤਮੇ ਦੇ ਸਹੀ ਅੰਕੜੇ ਇਕੱਠੇ ਕਰਨ ਤੋਂ ਵੀ ਜਾਣਬੁੱਝ ਕੇ ਅੱਖਾਂ ਮੀਟੀਆਂ ਜਾ ਰਹੀਆਂ ਹਨ।

ਜ਼ਮੀਨ ਐਕੁਆਇਰ ਕਰਨ ਅਤੇ 'ਹਥਿਆਉਣ' ਦੌਰਾਨ ਇੰਨੀ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਦੇ ਜੋ ਸੰਕੇਤ ਅਤੇ ਪ੍ਰਭਾਵ ਸਾਹਮਣੇ ਆ ਰਹੇ ਹਨ, ਉਹ ਹੇਠ ਲਿਖੇ ਅਨੁਸਾਰ ਹਨ:


ਸੂਬੇ ਵਿਚ ਵਾਹੀਯੋਗ ਜ਼ਮੀਨ ਬਹੁਤ ਤੇਜ਼ੀ ਨਾਲ ਘਟ ਰਹੀ ਹੈ। ਇਸ ਅੰਨ੍ਹੇਵਾਹ ਖ਼ਰੀਦੋ-ਫ਼ਰੋਖ਼ਤ ਵਿਚ ਰੀਅਲ ਅਸਟੇਟ ਦਾ ਧੰਦਾ ਮੁੱਖ ਸੂਤਰਧਾਰ ਬਣ ਕੇ ਉੱਭਰਿਆ ਹੈ। ਅੰਨ/ਭੋਜਨ ਦੇਸ਼ ਦੀ ਸਭ ਤੋਂ ਅਹਿਮ ਲੋੜ ਹੈ। ਭੋਜਨ ਸੁਰੱਖਿਆ ਨੂੰ ਕਿਸੇ ਵੀ ਦੇਸ਼ ਦੀ ਰਾਸ਼ਟਰੀ ਸੁਰੱਖਿਆ ਜਿੰਨੀ ਹੀ ਅਹਿਮੀਅਤ ਪ੍ਰਾਪਤ ਹੁੰਦੀ ਹੈ, ਜਿਸ 'ਤੇ ਹੁਣ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਸੂਬੇ ਵਿਚ ਬਹੁਤ ਵੱਡੇ ਪੱਧਰ 'ਤੇ ਕਾਲੇ ਧਨ ਦਾ ਵਹਾਅ ਹੋ ਰਿਹਾ ਹੈ, ਜੋ ਮੁੱਖ ਰੂਪ ਵਿਚ ਉਪਜਾਊ ਜ਼ਮੀਨਾਂ ਨੂੰ ਖ਼ਰੀਦਣ ਲਈ ਵਰਤਿਆ ਜਾ ਰਿਹਾ ਹੈ। ਨਤੀਜੇ ਵਜੋਂ, ਇਹ ਜ਼ਮੀਨ ਖੇਤੀਬਾੜੀ ਦੇ ਖੇਤਰ ਵਿਚੋਂ ਸਦਾ ਲਈ ਬਾਹਰ ਹੁੰਦੀ ਜਾ ਰਹੀ ਹੈ। ਕਈ ਬਾਹਰਲੇ ਸੂਬਿਆਂ ਦੇ ਵੱਡੇ ਵਪਾਰਕ ਘਰਾਣੇ ਪੰਜਾਬ ਵਿਚ ਸੈਂਕੜੇ ਏਕੜ ਜ਼ਮੀਨ ਖ਼ਰੀਦ ਚੁੱਕੇ ਹਨ ਅਤੇ ਇਹ ਖ਼ਰੀਦਦਾਰੀ ਲਗਾਤਾਰ ਤੇ ਤੇਜ਼ੀ ਨਾਲ ਜਾਰੀ ਹੈ। ਇੱਥੇ ਦੁਖਦਾਈ ਪਹਿਲੂ ਇਹ ਹੈ ਕਿ ਸਾਡੇ ਗੁਆਂਢੀ ਰਾਜਾਂ (ਜਿਵੇਂ ਹਿਮਾਚਲ ਜਾਂ ਜੰਮੂ ਕਸ਼ਮੀਰ) ਵਿਚ ਬਾਹਰਲੇ ਸੂਬਿਆਂ ਦੇ ਵਿਅਕਤੀ ਖੇਤੀ ਵਾਲੀ ਜ਼ਮੀਨ ਨਹੀਂ ਖਰੀਦ ਸਕਦੇ, ਪਰ ਪੰਜਾਬ ਵਿਚ ਕੋਈ ਕਾਨੂੰਨੀ ਰੋਕ ਨਹੀਂ ਹੈ। ਮੁਹਾਲੀ, ਜ਼ੀਰਕਪੁਰ, ਰੜ, ਕੁਰਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਆਦਿ ਸ਼ਹਿਰਾਂ ਦੇ ਆਲੇ ਦੁਆਲੇ ਕਾਨੂੰਨੀ ਅਤੇ ਗੈਰ ਕਾਨੂੰਨੀ ਕਲੋਨੀਆਂ ਕੱਟਣ ਸਮੇਂ ਕਾਲੇ ਧਨ ਦਾ ਵਹਾਅ ਜ਼ਮੀਨਾਂ ਵਿਚ ਦੀ ਭੁਚਾਲ ਦੀਆਂ ਤਰੰਗਾਂ ਵਾਂਗ ਲੰਘਦਾ ਹੈ। ਇਹ ਆਰਥਿਕ ਝਟਕੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਦੇ ਧੰਦੇ ਵਿਚੋਂ ਬਾਹਰ ਸੁੱਟ ਰਹੇ ਹਨ। ਹਾਈਵੇਅ ਅਤੇ ਸ਼ਹਿਰੀਕਰਨ ਲਈ ਜ਼ਮੀਨ ਖਰੀਦਣ ਦੀ ਆੜ ਹੇਠ ਅਮੀਰ ਹੋਰ ਅਮੀਰ ਹੋ ਰਿਹਾ ਹੈ ਜਦੋਂਕਿ ਕਿਰਤੀ, ਕਿਸਾਨ ਅਤੇ ਮਜ਼ਦੂਰ ਜ਼ਿੰਦਗੀ ਦੇ ਹਾਸ਼ੀਏ ਤੋਂ ਵੀ ਹੇਠਾਂ ਡਿੱਗ ਰਹੇ ਹਨ। ਨਸ਼ੇ, ਅਪਰਾਧ ਅਤੇ ਖ਼ੁਦਕੁਸ਼ੀਆਂ ਇਸੇ ਭਿਆਨਕ ਧਰਾਤਲ ਦੀ ਉਪਜ ਹਨ। ਮੱਧ ਵਰਗ ਰੀਂਗਣ ਲਈ ਮਜ਼ਬੂਰ ਹੈ ਅਤੇ ਉੱਚ ਵਰਗ ਮੁਨਾਫ਼ਿਆਂ ਦਾ ਕੇਕ ਕੱਟਣ ਵਿਚ ਮਸਤ ਹੈ। ਨਵੇਂ ਬਣ ਰਹੇ ਹਾਈਵੇਅ ਲਈ ਜਦੋਂ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਜ਼ਮੀਨ ਐਕੁਆਇਰ ਕਰਨ ਸਬੰਧੀ 2013 ਦੇ ਕਾਨੂੰਨ ਅਨੁਸਾਰ ਉਜਾੜਾ ਭੱਤੇ ਸਮੇਤ ਜ਼ਮੀਨ ਬਦਲੇ ਚੋਖੀ ਰਕਮ ਦੇਣ ਦਾ ਨਿਯਮ ਹੈ ਤਾਂ ਜੋ ਕਿਸਾਨ ਆਪਣਾ ਮੁੜ-ਵਸੇਬਾ ਕਰ ਸਕਣ। ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਪਹਿਲੀ ਗੱਲ ਤਾਂ ਹੁਣ (2026 ਵਿਚ) ਮੁੜ ਖੇਤੀ ਲਈ ਜ਼ਮੀਨ ਮਿਲਦੀ ਹੀ ਨਹੀਂ; ਜੇ ਕਿਧਰੇ ਮਿਲਦੀ ਵੀ ਹੈ ਤਾਂ ਉਹ ਮੁਆਵਜ਼ੇ ਦੀ ਰਕਮ ਨਾਲੋਂ 25 ਤੋਂ 50 ਫ਼ੀਸਦੀ ਵਧੇਰੇ ਕੀਮਤ 'ਤੇ ਮਿਲਦੀ ਹੈ।

ਬਲੀਪੁਰ ਪਿੰਡ ਦੀ ਹਕੀਕਤ: ਲੁਧਿਆਣਾ ਜ਼ਿਲ੍ਹੇ ਵਿਚ ਸਤਲੁਜ ਦਰਿਆ ਕੰਢੇ ਵਸੇ ਪਿੰਡ ਬਲੀਪੁਰ ਦੀ ਜ਼ਮੀਨ ਵਿਚੋਂ ਦਿੱਲੀ-ਕਟੜਾ ਐਕਸਪ੍ਰੈਸਵੇਅ ਲੰਘ ਰਿਹਾ ਹੈ। ਇਸ ਪਿੰਡ ਦੇ ਵਸਨੀਕ ਹਰਜਿੰਦਰ ਸਿੰਘ ਖਹਿਰਾ ਅਨੁਸਾਰ, ਉੱਜੜੇ 24 ਪਰਿਵਾਰਾਂ ਵਿਚੋਂ ਮਹਿਜ਼ 3 ਪਰਿਵਾਰ ਹੀ ਅੱਗੇ ਜ਼ਮੀਨ ਖ਼ਰੀਦ ਸਕੇ ਹਨ; ਉਹ ਵੀ ਇਸ ਕਰਕੇ ਕਿਉਂਕਿ ਉਨ੍ਹਾਂ ਕੋਲ ਹੋਰ ਕਾਰੋਬਾਰ ਜਾਂ ਸਰਕਾਰੀ ਨੌਕਰੀ ਸੀ। ਜ਼ਮੀਨ ਦਾ ਮੁਆਵਜ਼ਾ ਕਿਸ਼ਤਾਂ ਵਿਚ ਮਿਲਿਆ, ਜੋ ਨਾਲ ਦੀ ਨਾਲ ਬੈਂਕਾਂ ਦੇ ਕਰਜ਼ੇ, ਆੜ੍ਹਤੀਆਂ ਦੇ ਲੇਖੇ-ਜੋਖੇ ਅਤੇ ਘਰੇਲੂ ਲੋੜਾਂ ਦਾ ਹਿੱਸਾ ਬਣ ਕੇ ਖ਼ਤਮ ਹੋ ਗਿਆ। ਛੋਟੇ ਕਿਸਾਨਾਂ ਲਈ ਹੁਣ ਨੇੜੇ-ਤੇੜੇ ਮੁੜ ਜ਼ਮੀਨ ਖ਼ਰੀਦਣੀ ਅਸੰਭਵ ਹੋ ਗਈ ਹੈ। ਹਾਈਵੇਅ ਅਤੇ ਬਾਈਪਾਸਾਂ ਲਈ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਐਕੁਆਇਰ ਹੋਈ ਜਾਂ ਭੂ-ਮਾਫ਼ੀਆ ਨੇ ਖ਼ਰੀਦੀ, ਉਨ੍ਹਾਂ ਦਾ ਹਾਲ ਬਹੁਤ ਮਾੜਾ ਹੋਇਆ। ਉਨ੍ਹਾਂ ਵਿਚੋਂ ਬਹੁਤਿਆਂ ਦਾ ਪੈਸਾ ਪੁਰਾਣੇ ਕਰਜ਼ੇ ਲਾਹੁਣ, ਘਰੇਲੂ ਲੋੜਾਂ ਅਤੇ ਅਚਾਨਕ ਵਧੇ ਖ਼ਰਚਿਆਂ ਵਿਚ ਖਪ ਗਿਆ। ਕੁਝ ਨੇ ਆਲੀਸ਼ਾਨ ਕੋਠੀਆਂ ਪਾ ਲਈਆਂ ਅਤੇ ਮਹਿੰਗੀਆਂ ਗੱਡੀਆਂ ਖਰੀਦ ਲਈਆਂ। ਉਨ੍ਹਾਂ ਦੀ ਅਗਲੀ ਪੀੜ੍ਹੀ ਬ੍ਰੈਂਡਿਡ ਵਸਤੂਆਂ ਦੀ ਗੁਲਾਮ ਹੋ ਗਈ ਅਤੇ ਬਹੁਤੇ ਨੌਜਵਾਨ ਸ਼ਰਾਬ ਤੇ ਨਸ਼ਿਆਂ ਦੇ ਆਦੀ ਬਣ ਗਏ। ਉਨ੍ਹਾਂ ਦੇ ਸਰੀਰ ਭਾਰੇ ਅਤੇ ਮਨ ਬੋਝਲ ਹੋ ਗਏ; ਵਿਹਲ ਨੇ ਐਸ਼ਪ੍ਰਸਤੀ ਅਤੇ ਮਾਨਸਿਕ ਵਿਕਾਰਾਂ ਨੂੰ ਜਨਮ ਦਿੱਤਾ। ਬਹੁਤ ਥੋੜ੍ਹੇ ਕਿਸਾਨਾਂ ਨੇ ਪੰਜਾਬ ਦੇ ਦੂਰ-ਦੁਰਾਡੇ ਖੇਤਰਾਂ ਵਿਚ ਜਾ ਕੇ ਨਵੀਂ ਜ਼ਮੀਨ ਬਣਾਈ, ਪਰ ਬਹੁਤੇ ਖੇਤੀ ਦੇ ਖੇਤਰ ਵਿਚੋਂ ਹਮੇਸ਼ਾ ਲਈ ਬਾਹਰ ਹੋ ਗਏ। ਹੁਣ ਹਾਲਾਤ ਇਹ ਹਨ ਕਿ ਜ਼ਮੀਨਾਂ ਖਰੀਦਣ ਵਾਲੇ (ਨਵੇਂ ਮਾਲਕ) ਕਾਰਾਂ-ਜੀਪਾਂ 'ਤੇ ਖੇਤੀ ਕਰਨ ਜਾਂਦੇ ਹਨ। ਖੇਤੀ ਦਾ ਇਹ ਨਵਾਂ ਕਾਰਪੋਰੇਟ ਰੂਪ ਕਿਰਤ ਦੀ ਉਸ ਵਿਰਾਸਤੀ ਸੂਰਤ ਤੋਂ ਬਿਲਕੁਲ ਸੱਖਣਾ ਹੈ, ਜਿਸ ਨੇ ਕਦੇ ਪੰਜਾਬ ਨੂੰ ਸਿਰਜਿਆ ਸੀ। ਸੂਬੇ ਦੇ ਲੋਕ ਚੁੱਪ ਹਨ, ਖੇਤ ਉਦਾਸ ਅਤੇ ਭੈਅਭੀਤ ਹਨ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 15

**ਪੰਜਾਬੀ ਸਾਹਿਤ ਨੂੰ ਕਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 15ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ**






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਮਾਹੌਲ ਵਿਚ ਨਸ਼ਾ ਘੁਲਦਾ ਗਿਆ। ਇਸ ਮਦਮਸਤ ਮਾਹੌਲ ਵਿਚ ਜਗਦੀਪ ਤੇ ਚਰਨਜੀਤ ਦੇ ਪੈਰ ਕਦੋਂ ਡਗਮਗਾਉਣ ਲੱਗੇ, ਪਤਾ ਵੀ ਨਾ ਲੱਗਿਆ। ਰਫ਼ਤਾ-ਰਫ਼ਤਾ ਹਾਲਾਤ 'ਪਹਿਲੇ ਮੈਅ, ਫਿਰ ਮੈਅਕਦਾ, ਫਿਰ ਮੈਅ ਕਾ ਤੂਫ਼ਾਂਅ ਹੋ ਗਏ।' ਤੂਫ਼ਾਨ ਵਿਚ ਉੱਖੜੇ ਪੈਰ ਅਕਸਰ ਧਰਤੀ ਦੀ ਛੁਹ ਗੁਆ ਬੈਠਦੇ ਹਨ। ਤੇ ਇਕ ਦਿਨ ਅਜਿਹੀ ਹੀ ਅੱਗੇ-ਪਿੱਛੇ ਤੋਂ ਬੇਸੁਧ ਹਾਲਤ ਵਿਚ...

ਉਸ ਦਿਨ ਬੁੱਧਵਾਰ ਸੀ। ਬੁੱਧਵਾਰ, ਗੁਰਮੁਖ ਸਿੰਘ ਦਾ ਮਾਰੋ-ਮਾਰ ਚਲਦੀ ਦੁਕਾਨ ਦੇ ਖਲਜਗਨ ਤੋਂ ਮੁਕਤੀ ਦਾ ਦਿਨ! ਨਿਰਮੋਹੀ ਹੁੰਦੀ ਜਾਂਦੀ ਜਗਦੀਪ ਨਾਲ ਵਾਹ ਦਾ ਦਿਨ! ਕਦੀ-ਕਦੀ ਅਤੀਤ ਨੂੰ ਸਿਮਰਨ ਦਾ ਦਿਨ ਤੇ ਕਦੀ-ਕਦੀ ਸਾਹਮਣੇ ਆ ਖੜ੍ਹੇ ਵਿਚ ਅੱਖਾਂ ਪਾ ਕੇ ਦੇਖਣ ਦਾ ਜਤਨ ਕਰਨ ਲੱਗੇ ਭਵਿੱਖ ਵੱਲੋਂ ਅੱਖਾਂ ਬੰਦ ਕਰਦੇ ਰਹਿਣ ਦਾ ਦਿਨ! ਪਰ ਅੱਖਾਂ ਬੰਦ ਕਰਿਆਂ ਹੋਣੀਆਂ ਕਦੋਂ ਟਲਦੀਆਂ ਹਨ! ਤੂਫ਼ਾਨ ਵਿਚ ਗੋਤੇ ਖਾਂਦੀ ਜਗਦੀਪ ਨੇ ਆ ਕੇ ਆਖਿਆ, 'ਇਕ ਕੰਮ ਸੀ ਤੁਹਾਡੇ ਤੱਕ।'

ਗੁਰਮੁਖ ਸਿੰਘ ਆਪਣੇ ਕਮਰੇ ਵਿਚ ਕੁਰਸੀ ਉੱਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਜਗਦੀਪ ਦੀ ਗੱਲ ਸੁਣ ਕੇ ਉਸ ਦਾ ਡਰਨਾ ਸੁਭਾਵਿਕ ਸੀ। ਉਹ ਜਦੋਂ 'ਇਕ ਗੱਲ ਕਹਿਣੀ ਸੀ' ਜਾਂ 'ਇਕ ਕੰਮ ਸੀ' ਆਖਦੀ, ਕੋਈ ਨਾ ਕੋਈ ਨਵੀਂ ਮੁਸ਼ਕਿਲ, ਸਗੋਂ ਮੁਸੀਬਤ ਖੜ੍ਹੀ ਕਰ ਦਿੰਦੀ। ਉਹਨੇ ਕੁਛ ਬੋਲਣ ਦੀ ਥਾਂ ਅਖ਼ਬਾਰ ਲਾਂਭੇ ਰੱਖਿਆ ਜਿਸ ਦਾ ਭਾਵ ਸੀ, 'ਹਾਂ, ਦੱਸ? ਕੀ ਗੱਲ ਹੈ?'

ਜਗਦੀਪ ਨੂੰ ਲੱਗਿਆ, ਉਹਦੇ ਪੈਰਾਂ ਹੇਠੋਂ ਧਰਤੀ ਪਾਟ ਰਹੀ ਹੈ ਤੇ ਉਹ ਨਿੱਘਰਦੀ ਜਾ ਰਹੀ ਹੈ। ਉਹ ਗੱਲ ਦੇ ਲਮਕਣ ਤੋਂ ਡਰ ਰਹੀ ਸੀ। ਗੁਰਮੁਖ ਨਾਲ ਸਾਹਮਣਾ ਛੇਤੀ ਖ਼ਤਮ ਕਰਨ ਵਾਸਤੇ ਉਹ ਸਭ ਵਿਸਤਾਰ ਲਾਂਭੇ ਛੱਡ ਕੇ ਬੋਲੀ, 'ਇਹਨਾਂ ਕਾਗ਼ਜ਼ਾਂ ਉੱਤੇ ਦਸਖ਼ਤ ਕਰ ਦਿਉ।' ਵਕੀਲ ਦੇ ਤਿਆਰ ਕੀਤੇ ਹੋਏ ਆਪਸੀ ਰਜ਼ਾਮੰਦੀ ਨਾਲ ਤਲਾਕ ਦੇ ਕਾਗ਼ਜ਼ ਸਨ। ਉਹਨੇ ਕਾਗ਼ਜ਼ਾਂ ਉੱਤੇ ਤੇਜ਼ੀ ਨਾਲ ਚਲਵੀਂ ਨਜ਼ਰ ਮਾਰੀ। ਚਿਹਰੇ ਉੱਤੋਂ ਇਕ ਛਿਣ ਵਾਸਤੇ ਕਾਲਾ ਪਰਛਾਵਾਂ ਜਿਹਾ ਲੰਘਿਆ ਪਰ ਮਨ ਦਾ ਪੂਰਾ ਬਲ ਜੁਟਾ ਕੇ ਉਸ ਕਾਲੇ ਪਰਛਾਵੇਂ ਨੂੰ ਪੂੰਝਦਿਆਂ ਉਹਨੇ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ, 'ਬੈਠ!'

ਜਗਦੀਪ ਖੜ੍ਹੀ ਰਹੀ, 'ਨਹੀਂ, ਮੈਂ ਬੈਠਣਾ ਨਹੀਂ। ਤੁਸੀਂ ਕਿੰਨਾ ਵੀ ਕਹੋ, ਕੋਈ ਦਲੀਲਾਂ ਦਿਉ, ਮੈਂ ਇਹ ਫ਼ੈਸਲਾ ਬਦਲਣਾ ਨਹੀਂ। ਬੱਸ ਤੁਸੀਂ ਕਦੀ ਜੋ ਮੈਨੂੰ ਪਿਆਰ ਕੀਤਾ ਸੀ, ਉਸ ਸਦਕਾ ਦਸਖ਼ਤ ਕਰ ਕੇ ਮੈਨੂੰ ਬੰਧਨ-ਮੁਕਤ ਕਰ ਦਿਉ!' ਗੁਰਮੁਖ ਸਿੰਘ ਕਹਿਣਾ ਚਾਹੁੰਦਾ ਸੀ, 'ਜੇ ਘਰ, ਪਰਿਵਾਰ, ਬੱਚੇ, ਪਤੀ ਸਭ ਕੁਛ ਤੈਨੂੰ ਬੰਧਨ ਲਗਦਾ ਹੈ, ਜ਼ਰੂਰ ਤੇਰੇ ਦਿਮਾਗ਼ ਨੂੰ ਇਲਾਜ ਦੀ ਲੋੜ ਹੈ', ਪਰ ਕਿਹਾ ਨਹੀਂ। ਉਹ ਇਹ ਵੀ ਚਿਤਾਰਨਾ ਚਾਹੁੰਦਾ ਸੀ ਕਿ 'ਜੇ ਵਿਆਹੁਤਾ ਜੋੜੀ ਵਿਚ ਪਤੀ-ਪਤਨੀ ਵਾਲੇ ਸੰਬੰਧਾਂ ਦੇ ਖ਼ਾਤਮੇ ਨੂੰ ਤਲਾਕ ਕਿਹਾ ਜਾਂਦਾ ਹੈ ਜਾਂ ਕਿਹਾ ਜਾ ਸਕਦਾ ਹੈ, ਅਜਿਹਾ ਤਲਾਕ ਤਾਂ ਅੱਜ ਅਦਾਲਤੀ ਤਲਾਕ ਮੰਗਣ ਤੋਂ ਬਹੁਤ ਪਹਿਲਾਂ ਤੂੰ ਆਪ ਹੀ ਦੇ ਦਿੱਤਾ ਸੀ', ਪਰ ਚਿਤਾਰਿਆ ਨਹੀਂ।

ਅਸਲ ਵਿਚ ਇਸ ਤਲਾਕ ਦੀ ਬੁਨਿਆਦ ਤਾਂ ਉਸੇ ਦਿਨ ਟਿਕ ਗਈ ਸੀ ਜਦੋਂ ਜਗਦੀਪ ਨੇ ਪਹਿਲੀ ਵਾਰ ਗੁਰੀ ਜਾਂ ਗੁਰੂ ਦੀ ਥਾਂ ਉਸ ਨੂੰ ਤੁਸੀਂ ਆਖ ਕੇ ਬੁਲਾਇਆ ਸੀ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਮੋਹਨ ਸਿੰਘ ਆਇਆ ਕਰਦਾ ਸੀ। ਆਪਣੇ ਆਪ ਨੂੰ 'ਤੁਸੀਂ' ਸੁਣ ਕੇ ਉਹ ਜਾਣ ਗਿਆ ਸੀ, ਇਹਦੇ ਪੈਰ ਦੋਵਾਂ ਦਾ ਸਾਂਝਾ ਸਾਵਾਂ ਪੱਧਰਾ ਰਾਹ ਛੱਡ ਕੇ ਨਵੀਂ ਪਗਡੰਡੀ ਉੱਤੇ ਤੁਰਨ ਲੱਗੇ ਹਨ। ਚਾਹੁੰਦਾ ਸੀ, ਅਹਿਸਾਸ ਕਰਾਵੇ, 'ਇਹ ਪਗਡੰਡੀ ਸ਼ੁਰੂ ਵਿਚ ਕੁਛ ਦੂਰ ਕਿੰਨੀ ਵੀ ਹਰਿਆਲੀ-ਫੁਲਿਆਲੀ ਧਰਤੀ ਤੋਂ ਗੁਜ਼ਰਦੀ ਹੋਵੇ, ਅੰਤ ਨੂੰ ਵੀਰਾਨ ਔਝੜ ਵਿਚ ਮਰ-ਮੁੱਕ ਜਾਵੇਗੀ ਤੇ ਅੱਗੇ ਤੈਨੂੰ ਕੋਈ ਰਾਹ ਦਿਖਾਈ ਨਹੀਂ ਦੇਣਾ', ਪਰ ਅਹਿਸਾਸ ਕਰਵਾਇਆ ਨਹੀਂ। ਉਹ ਦੀਪੀ ਦੇ ਸੁਭਾਅ ਨੂੰ ਅੰਦਰੋਂ-ਬਾਹਰੋਂ ਜਾਣਦਾ ਸੀ, ਕੁਛ ਕਹਿਣ ਦਾ ਉਕਾ ਕੋਈ ਅਸਰ ਨਹੀਂ ਸੀ ਹੋਣਾ। ਜੇ ਕੋਈ ਅਸਰ ਹੋਣਾ ਸੀ, ਆਪਣੇ ਹੰਢਾਏ ਤਲਖ਼ ਤਜਰਬੇ ਦਾ ਹੀ ਹੋਣਾ ਸੀ। ਤਾਂ ਵੀ ਆਵਾਜ਼ ਵਿਚ ਕੁਛ ਤਲਖ਼ੀ, ਕੁਛ ਉਲਾਂਭਾ, ਕੁਛ ਮਿਹਣਾ ਮਿਲਾ ਕੇ ਉਹਦੀ 'ਕਦੀ ਕੀਤੇ ਪਿਆਰ' ਵਾਲੀ ਗੱਲ ਦਾ ਜਵਾਬ ਦੇਣਾ ਜ਼ਰੂਰੀ ਹੋ ਗਿਆ ਸੀ, 'ਕਦੀ? ਜਗਦੀਪ, ਪਿਆਰ ਜੋ ਮੈਂ ਤੈਨੂੰ ਕਦੀ ਕੀਤਾ ਸੀ? ਮੈਂ ਤਾਂ ਤੈਨੂੰ ਅੱਜ ਵੀ, ਹੁਣ ਵੀ ਉਹੋ ਪਿਆਰ ਕਰਦਾ ਹਾਂ! ਮੇਰੇ ਪਿਆਰ ਨੂੰ ਮਹਿਸੂਸ ਕਰਨ ਦੀ ਤੇਰੀ ਸ਼ਕਤੀ ਹੀ ਖੀਣ ਹੋ ਗਈ। ਤੂੰ ਉਸ ਨਿਭਾਗੇ ਪੱਥਰ ਵਾਂਗ ਹੈਂ ਜੋ ਸਾਉਣ ਦੀ ਵਰ੍ਹਦੀ ਫੁਹਾਰ ਵਿਚ ਪਿਆਸ ਬੁਝਾਉਂਦੇ ਖੇਤਾਂ, ਮੈਦਾਨਾਂ, ਬਿਰਛ-ਬੂਟਿਆਂ, ਛੱਤਾਂ-ਵਿਹੜਿਆਂ ਦੇ ਵਿਚਕਾਰ ਇਕ ਬੂੰਦ ਜੀਰਨ ਤੋਂ ਵੀ ਅਸਮਰੱਥ ਅਨਭਿੱਜ ਪਿਆ ਰਹਿੰਦਾ ਹੈ।' ਉਹਨੇ ਇਕਦਮ ਗੱਲ ਬਦਲੀ, 'ਮੈਂ ਇਹ ਗੱਲਾਂ ਛੇੜ ਕੇ ਤੇਰੇ ਨਾਲ ਉਲਝਣਾ ਨਹੀਂ ਚਾਹੁੰਦਾ, ਪਰ ਕੁਛ ਗੱਲਾਂ ਤਾਂ ਕਰਨੀਆਂ ਹੀ ਪੈਣਗੀਆਂ। ਬੈਠ!'

ਉਹ ਨੀਵੀਂ ਪਾ ਕੇ ਬੈਠ ਗਈ ਤੇ ਚੁੰਨੀ ਦਾ ਕੋਣਾ ਉਂਗਲ ਉੱਤੇ ਵਾਰ-ਵਾਰ ਲਪੇਟਣ ਤੇ ਉਧੇੜਨ ਲੱਗੀ। ਗੁਰਮੁਖ ਸਿੰਘ ਨੇ ਪੁੱਛਿਆ, 'ਮੈਂ ਤਾਂ ਕਦੀ ਤੇਰੇ ਕਿਸੇ ਕੰਮ ਜਾਂ ਕਦਮ ਦਾ ਜ਼ਾਹਿਰਾ ਵਿਰੋਧ ਨਹੀਂ ਕੀਤਾ। ਮੈਂ ਤਾਂ ਤੇਰਾ ਦਿੱਤਾ ਜ਼ਹਿਰ ਦਾ ਹਰ ਘੁੱਟ ਸ਼ਿਵ ਜੀ ਵਾਂਗ ਆਪਣੇ ਗਲੇ ਵਿਚ ਸਾਂਭਦਾ ਰਿਹਾ ਹਾਂ, ਫੇਰ ਤੈਨੂੰ ਇਹ ਕਦਮ ਚੁੱਕਣ ਦੀ ਕੀ ਲੋੜ ਪੈ ਗਈ?'

'ਮੈਂ ਫ਼ਿਲਮਾਂ ਵਾਸਤੇ ਕਹਾਣੀਆਂ ਤੇ ਗੀਤ ਲਿਖਣ ਬੰਬਈ ਜਾ ਰਹੀ ਹਾਂ। ਮੇਰਾ ਪੰਜਾਬੀ ਵਿਚ ਹੀ ਨਹੀਂ, ਪੰਜਾਬੀ ਤੋਂ ਬਾਹਰ ਵੀ ਬਹੁਤ ਨਾਂ ਹੈ। ਉਥੋਂ ਦੀ ਸਫਲਤਾ ਵਿਚੋਂ ਮੁੜ ਇਥੇ ਪਰਤਣਾ ਮੇਰੇ ਵਾਸਤੇ ਸੰਭਵ ਨਹੀਂ ਹੋਣਾ। ਆਪਣਾ ਰਿਸ਼ਤਾ ਮੇਰੇ ਨਾਲ-ਨਾਲ ਤੁਹਾਡੇ ਲਈ ਵੀ ਬੇਮਾਇਨੀ ਹੋ ਕੇ ਰਹਿ ਜਾਵੇਗਾ।'

'ਮੇਰੀ ਗੱਲ ਛੱਡ, ਮੇਰੇ ਵਾਸਤੇ ਤਾਂ ਇਹ ਰਿਸ਼ਤਾ ਬੇਮਾਇਨੀ ਹੈ ਜਾਂ ਨਹੀਂ, ਹੁੰਦਾ ਹੈ ਜਾਂ ਨਹੀਂ, ਇਹ ਗੱਲ ਹਾਲ ਦੀ ਘੜੀ ਰਹਿਣ ਹੀ ਦੇਈਏ। ਮੈਂ ਤਾਂ ਇਕ ਪਾਸੇ ਰਿਹਾ, ਪਰ ਤੇਰੇ ਦੋ ਬੱਚੇ ਵੀ ਤਾਂ ਹਨ ਜੋ ਬਚਪਨ ਵਿਚੋਂ ਨਿੱਕਲਣ ਦੀ ਉਮਰ ਦੇ ਹੋ ਰਹੇ ਨੇ?'

'ਬੱਚਿਆਂ ਨੂੰ ਮੌਕੇ ਅਨੁਸਾਰ ਤੁਸੀਂ ਜੋ ਮਰਜ਼ੀ ਆਖ ਦੇਣਾ, ਮੈਂ ਤਾਂ ਕੋਲ ਹੋਣਾ ਨਹੀਂ।'

'ਤੇਰਾ ਮਤਲਬ ਹੈ, ਕੋਈ ਝੂਠ ਬੋਲ ਦੇਵਾਂ ਜਾਂ ਫੇਰ ਦੋਸ਼ ਤੇਰੇ ਸਿਰ, ਯਾਨੀ ਉਹਨਾਂ ਦੀ ਗ਼ੈਰਹਾਜ਼ਰ ਮਾਂ ਦੇ ਸਿਰ ਪਾ ਦਿਆਂ? ਚੱਲ, ਬੱਚਿਆਂ ਨੂੰ ਮੈਂ ਆਪੇ ਨਜਿੱਠਾਂਗਾ', ਉਹਨੇ ਕਿਹਾ, 'ਇਕ ਸਮੱਸਿਆ ਹੋਰ ਵੀ ਹੈ। ਬੰਬਈ ਜਿਸ ਸਮੁੰਦਰ ਦੇ ਕਿਨਾਰੇ ਵਸੀ ਹੋਈ ਹੈ, ਉਸ ਤੋਂ ਵੱਧ ਖਾਰੀ, ਨਿਰਦਈ ਤੇ ਕਰੂਰ ਹੈ। ਉਸ ਅਨਜਾਣੇ ਸ਼ਹਿਰ ਦੀ ਬੇਲਿਹਾਜ਼ ਫ਼ਿਲਮੀ ਨਗਰੀ ਵਿਚ ਤੂੰ ਇਕੱਲੀ ਜਦੋਜਹਿਦ ਕਰੇਂਗੀ? ਹਾਬੜੇ ਹੋਏ ਮਰਦਾਂ ਦੀ ਇਸ ਦੁਨੀਆ ਵਿਚ ਇਕੱਲੀ ਔਰਤ ਦੀ ਜਦੋਜਹਿਦ! ਬੰਬਈ ਫ਼ਤਿਹ ਕਰਨ ਲਈ ਤੁਰਨ ਤੋਂ ਪਹਿਲਾਂ ਇਹ ਅੰਜਾਮ ਵੀ ਸੋਚਿਆ ਹੈ ਤੂੰ?'

ਉਹਨੇ ਗੱਲ ਸਾਫ਼ ਕੀਤਾ, 'ਚਰਨਜੀਤ ਵੀ ਮੇਰੇ ਨਾਲ ਜਾਵੇਗਾ। ਉਹ ਫ਼ਿਲਮਾਂ ਦੀ ਆਰਟ ਡਾਇਰੈਕਸ਼ਨ ਦੇਵੇਗਾ।'

ਗੁਰਮੁਖ ਸਿੰਘ ਦਾ ਸ਼ੱਕ ਸੱਚ ਨਿਕਲਿਆ, 'ਮੈਨੂੰ ਜੇ ਯਕੀਨ ਨਹੀਂ ਤਾਂ ਸ਼ੱਕ ਜ਼ਰੂਰ ਸੀ... ਦੋ ਗੱਲਾਂ ਤੇਰੇ ਧਿਆਨ ਵਿਚ ਲਿਆਉਂਦਾ ਹਾਂ। ਇਕ ਤਾਂ, ਰੱਬ ਕਰੇ ਸਫਲਤਾ ਵਿਚ ਤੇਰਾ ਯਕੀਨ ਸਹੀ ਨਿੱਕਲੇ, ਪਰ ਇਹ ਗ਼ਲਤ ਵੀ ਤਾਂ ਹੋ ਸਕਦਾ ਹੈ! ਦੂਜੀ ਗੱਲ, ਤੇਰੇ ਪਾਰੇ ਵਰਗੇ ਕਲਾਕਾਰੀ ਸੁਭਾਅ ਨੂੰ ਮੈਥੋਂ ਵੱਧ ਕੋਈ ਨਹੀਂ ਜਾਣਦਾ। ਕਲਾਕਾਰ ਚਰਨਜੀਤ ਵੀ ਹੈ। ਦੂਰੋਂ ਪਿਆਰ ਦਾ ਦਮ ਭਰਨਾ ਹੋਰ ਗੱਲ ਹੁੰਦੀ ਹੈ। ਇਕੱਠੇ ਰਹਿੰਦਿਆਂ ਜੀਵਨ ਦੇ ਕੌੜੇ ਸੱਚ ਸਾਹਮਣੇ ਆਉਣ ਲਗਦੇ ਨੇ ਤੇ ਪਿਆਰ ਦਾ ਰੰਗ ਖੁਰਨ ਲਗਦਾ ਹੈ। ਰੱਬ ਨਾ ਕਰੇ, ਜੇ ਮੇਰੇ ਇਹ ਦੋਵੇਂ ਡਰ ਸੱਚੇ ਹੋ ਜਾਣ...'

ਉਹਨੇ ਗੱਲ ਕੱਟੀ, 'ਦੋਵਾਂ ਵਿਚੋਂ ਕੋਈ ਵੀ ਗੱਲ ਸੱਚ ਨਹੀਂ ਹੋਵੇਗੀ।' ਉਹ ਇਹਨਾਂ ਗੱਲਾਂ ਨਾਲ ਬੇਚੈਨ ਹੋ ਉੱਠੀ, 'ਮੇਰਾ ਕੁਛ ਵੀ ਹੋਵੇ, ਬੱਸ, ਤੁਸੀਂ ਦਸਖ਼ਤ ਕਰ ਦਿਉ!'

'ਤੇਰਾ ਕੁਛ ਵੀ ਹੋਵੇ?' ਉਹ ਹੈਰਾਨ ਹੋਇਆ, 'ਖ਼ੈਰ, ਮੈਂ ਇਹ ਸਭ ਕੁਛ ਤੈਨੂੰ ਫ਼ੈਸਲਾ ਬਦਲਾਉਣ ਵਾਸਤੇ ਬਿਲਕੁਲ ਨਹੀਂ ਆਖ ਰਿਹਾ। ਮੈਂ ਇਹ ਕਹਿਣਾ ਚਾਹੁੰਦਾ ਹਾਂ, ਤਲਾਕ ਤੂੰ ਤਦ ਲਵੇਂ ਜੇ ਮੈਂ ਤੁਹਾਡੇ ਪਿੱਛੇ ਪੁਲਸ ਲਾਉਣੀ ਹੋਵੇ। ਤੈਨੂੰ ਪਤਾ ਹੈ, ਅਜਿਹਾ ਕੋਈ ਕਦਮ ਚੁੱਕ ਕੇ ਮੈਂ ਆਪਣੇ ਹੀ ਸਿਰ ਵਿਚ ਸੁਆਹ ਨਹੀਂ ਪਾਉਣ ਲਗਿਆ। ਮੇਰਾ ਹੌਕਾ ਵੀ ਬਾਹਰ ਨਿੱਕਲਿਆ, ਤੇਰੇ ਅਖ਼ਬਾਰਾਂ-ਰਸਾਲਿਆਂ ਵਾਲੇ ਤੇ ਲੇਖਕ ਮੇਰੀ ਇੱਜ਼ਤ ਦੀਆਂ ਧੱਜੀਆਂ ਉਡਾ ਦੇਣਗੇ। ਮੈਂ ਸਿਰਫ਼ ਇਹ ਆਖ ਰਿਹਾ ਹਾਂ, ਤੂੰ ਇਸ ਘਰ ਦਾ ਬੂਹਾ ਬੰਦ ਕਰ ਕੇ ਨਾ ਜਾ। ਮੇਰੀ ਪਤਨੀ ਨਾ ਸਹੀ, ਤੂੰ ਮੇਰੇ ਬੱਚਿਆਂ ਦੀ ਮਾਂ ਹੈਂ ਜਿਸ ਦੀ ਉਹਨਾਂ ਨੂੰ ਲੋੜ ਹੈ।'

ਜਗਦੀਪ ਦੀ ਬਚੀ-ਖੁਚੀ ਜ਼ਮੀਰ ਵਾਸਤੇ ਹੋਰ ਸਹਿਣ ਕਰਨਾ ਮੁਸ਼ਕਿਲ ਹੋ ਗਿਆ। ਉਹ ਕਾਹਲੀ ਨਾਲ ਉੱਠੀ ਤੇ ਬਿਨਾਂ ਕੁਛ ਵੀ ਕਹੇ ਤੁਰ ਚੱਲੀ। ਗੁਰਮੁਖ ਸਿੰਘ ਨੇ ਕਿਹਾ, 'ਹਾਂ, ਤੁਹਾਡੇ ਜਾਣ ਤੋਂ ਪਹਿਲਾਂ ਮੈਂ ਚਰਨਜੀਤ ਨੂੰ ਜ਼ਰੂਰ ਮਿਲਣਾ ਚਾਹਾਂਗਾ। ਉਸ ਨੂੰ ਹੁਣੇ ਬੁਲਾ ਦੇਣਾ।'

ਜਗਦੀਪ ਦਹਿਲੀਜ਼ ਕੋਲ ਰੁਕੀ ਤੇ ਡਰੀ ਹੋਈ ਆਵਾਜ਼ ਵਿਚ ਬੋਲੀ, 'ਤੁਹਾਡਾ ਉਸ ਨਾਲ ਕੀ ਵਾਹ-ਵਾਸਤਾ? ਉਸ ਤੋਂ ਤੁਸੀਂ ਕੀ ਲੈਣਾ ਹੈ ਮਿਲ ਕੇ?'

ਗੁਰਮੁਖ ਸਿੰਘ ਵਿਹੁਲੀ ਹਾਸੀ ਹੱਸਿਆ, 'ਕਮਾਲ ਹੈ, ਉਹ ਆਦਮੀ ਮੇਰੀ ਜ਼ਨਾਨੀ, ਮੇਰੇ ਬੱਚਿਆਂ ਦੀ ਮਾਂ ਉਧਾਲ ਕੇ ਲੈ ਚੱਲਿਆ ਹੈ, ਤੂੰ ਕਹਿੰਦੀ ਹੈਂ, ਉਸ ਨਾਲ ਮੇਰਾ ਕੀ ਵਾਹ-ਵਾਸਤਾ? ਖ਼ੈਰ... ਮੈਂ ਉਸਤੋਂ ਕੁਛ ਨਹੀਂ ਲੈਣਾ! ਤੇ ਦੇਣ ਨੂੰ ਉਸ ਬਿਚਾਰੇ ਕੋਲ ਹੈ ਵੀ ਕੀ? ਉਹ ਤਾਂ ਖ਼ੁਦ ਦੂਜਿਆਂ ਦੀਆਂ ਚੀਜ਼ਾਂ ਚੋਰੀ ਕਰਦਾ ਫਿਰਦਾ ਹੈ।... ਤੂੰ ਬੇਫ਼ਿਕਰ ਰਹਿ। ਮੈਂ ਕੋਈ ਵੀ ਅਜਿਹੀ ਗੱਲ ਨਹੀਂ ਕਹਾਂਗਾ ਜੋ ਉਸ ਨੂੰ ਚੁਭੇ ਜਾਂ ਤੈਨੂੰ ਬੁਰੀ ਲੱਗੇ। ਮੈਨੂੰ ਇਹ ਅਹਿਸਾਸ ਹੈ ਕਿ ਉਸ ਨੂੰ ਕੁਛ ਕਹਿਣ ਦਾ ਮੈਨੂੰ ਕੋਈ ਅਧਿਕਾਰ ਨਹੀਂ। ਹਾਂ, ਤੈਨੂੰ ਕਹਿਣ ਦਾ ਜ਼ਰੂਰ ਹੈ। ਪਰ ਜਦੋਂ ਮੈਂ ਤੈਨੂੰ ਰੋਕਣ ਵਿਚ ਅਸਫਲ ਹਾਂ, ਉਸ ਨੂੰ ਕਿਸ ਹੱਕ ਨਾਲ ਕੁਛ ਕਹਿ ਸਕਦਾ ਹਾਂ? ਡਰ ਨਾ, ਮੈਂ ਤੁਹਾਡੇ ਪਰੋਗਰਾਮ ਵਿਚ ਕੋਈ ਵਿਘਨ ਨਹੀਂ ਪਾਉਣ ਲੱਗਿਆ। ਬੱਸ, ਉਸਨੂੰ ਆਖ, ਮੈਨੂੰ ਇਕ ਵਾਰ ਮਿਲ ਜਾਵੇ।'

ਚਰਨਜੀਤ ਆਇਆ ਤਾਂ ਗੁਰਮੁਖ ਸਿੰਘ ਆਪਣੇ ਕਮਰੇ ਵਿਚ ਆਰਾਮ ਕੁਰਸੀ ਉੱਤੇ ਅਧਮੀਟੀਆਂ ਅੱਖਾਂ ਨਾਲ ਬੇਆਰਾਮ ਲੇਟਿਆ ਹੋਇਆ ਸੀ। ਉਹਦਾ ਦਿਲ ਕੀਤਾ, ਕਹੇ, 'ਭਾਪਾ ਜੀ, ਤੁਸੀਂ ਮੈਨੂੰ ਬੁਲਾਇਆ ਸੀ?' ਪਰ ਕੁਛ ਵੀ ਬੋਲਣ ਤੋਂ ਅਸਮਰੱਥ ਉਹ ਨਿਮਾਣਿਆਂ ਵਾਂਗ ਖਲੋ ਗਿਆ। ਉਹਦੇ ਆਉਣ ਦੀ ਆਹਟ ਨਾਲ ਗੁਰਮੁਖ ਸਿੰਘ ਬੈਠਾ ਹੋ ਗਿਆ ਤੇ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ।

ਉਹ ਚੁੱਪਚਾਪ ਬੈਠ ਗਿਆ ਤਾਂ ਗੁਰਮੁਖ ਸਿੰਘ ਬੋਲਿਆ, 'ਤੁਹਾਨੂੰ ਜਗਦੀਪ ਨੇ ਸਾਡੇ ਵਿਚਕਾਰ ਹੋਈ ਗੱਲਬਾਤ ਦੱਸ ਹੀ ਦਿੱਤੀ ਹੋਵੇਗੀ। ਤੁਹਾਨੂੰ ਮੈਂ ਤੁਹਾਡਾ ਸੋਚਿਆ ਕਦਮ ਰੋਕਣ ਵਾਸਤੇ ਆਖਣ ਲਈ ਨਹੀਂ ਬੁਲਾਇਆ। ਜਦੋਂ ਮੈਂ ਜਗਦੀਪ ਨੂੰ, ਜੋ ਮੇਰੀ ਪਤਨੀ ਹੈ, ਮੇਰੇ ਦੋ ਬੱਚਿਆਂ ਦੀ ਮਾਂ ਹੈ, ਰੋਕਣ ਵਿਚ ਕਾਮਯਾਬ ਨਹੀਂ ਹੋ ਸਕਿਆ, ਤੁਹਾਨੂੰ ਮੈਂ ਕਿਸ ਹੱਕ ਨਾਲ ਰੋਕਣ ਬਾਰੇ ਸੋਚ ਸਕਦਾ ਹਾਂ! ਤਾਂ ਵੀ ਮੈਂ ਇਕ ਗੱਲ ਕਹਿਣੀ ਜ਼ਰੂਰੀ ਸਮਝਦਾ ਹਾਂ। ਮੇਰੇ ਨਾਲ ਇਸ ਬਾਰੇ ਤਾਂ ਜ਼ਰੂਰ ਸਹਿਮਤ ਹੋਵੋਗੇ ਕਿ ਤੁਸੀਂ ਜਗਦੀਪ ਨੂੰ ਕਿੰਨਾ ਵੀ ਜਾਣਦੇ ਹੋਵੋ, ਮੇਰੇ ਜਿੰਨਾ ਨਹੀਂ ਜਾਣਦੇ। ਬਹੁਤ ਜਜ਼ਬਾਤੀ, ਪਾਰੇ ਵਰਗਾ ਤਰਲ ਸੁਭਾਅ ਹੈ ਉਸਦਾ। ਤੁਸੀਂ ਵੀ ਕਲਾਕਾਰ ਹੋ। ਕਲਾਕਾਰ ਸਭ ਜਜ਼ਬਾਤੀ ਹੀ ਹੁੰਦੇ ਨੇ, ਜਿਨ੍ਹਾਂ ਦੀ ਬੁੱਧੀ ਦੀ ਨਕੇਲ ਵੀ ਜਜ਼ਬਿਆਂ ਦੇ ਹੱਥ ਹੁੰਦੀ ਹੈ। ਕਈ ਤਾਂ ਵਿਸ਼ਵਾਸਘਾਤੀ ਹੋਣ ਦੀ ਹੱਦ ਤੱਕ ਜਜ਼ਬਿਆਂ ਦੇ ਗ਼ੁਲਾਮ ਹੋ ਜਾਂਦੇ ਨੇ। ਖ਼ੈਰ, ਇਹ ਚਰਚਾ ਰਹਿਣ ਦੇਈਏ। ਮੈਂ ਤੁਹਾਨੂੰ ਸਿਰਫ਼ ਇਕ ਗੱਲ ਕਹਿਣੀ ਹੈ...'

ਨੀਵੀਂ ਪਾਈ ਬੈਠੇ ਚਰਨਜੀਤ ਨੇ ਇਕ ਵਾਰ ਉਪਰ ਦੇਖਿਆ ਕਿ ਉਹਨੇ ਅਜਿਹੀ ਕੀ ਗੱਲ ਕਹਿਣੀ ਹੈ ਪਰ ਸਿੱਧਾ ਨਾ ਦੇਖ ਸਕਣ ਕਰਕੇ ਫੇਰ ਨੀਵੀਂ ਪਾ ਲਈ।

ਗੁਰਮੁਖ ਸਿੰਘ ਨੇ ਗੱਲ ਮੁਕਾਈ, 'ਜੇ ਕਦੀ... ਕਦੀ ਵੀ ਅਜਿਹੀ ਘੜੀ ਆ ਜਾਵੇ ਕਿ ਤੁਹਾਡੇ ਰਾਹ ਵੱਖ ਹੋ ਜਾਣ, ਇਹਨੂੰ ਬੇਮੁਰੱਵਤ ਦੁਨੀਆ ਵਿਚ ਇਕੱਲੀ ਖੜ੍ਹੀ ਛੱਡ ਕੇ ਕਿਧਰੇ ਤੁਰ ਨਾ ਜਾਣਾ। ਇਹ ਯਾਦ ਰੱਖਣਾ, ਇਹ ਇਕ ਪਤੀ ਦੀ ਪਤਨੀ ਨਾ ਸਹੀ, ਦੋ ਬੱਚਿਆਂ ਦੀ ਮਾਂ ਜ਼ਰੂਰ ਹੈ। ਰੱਬ ਕਰੇ, ਇਹ ਘੜੀ ਛੇਤੀ ਆਵੇ ਤੇ ਆਵੇਗੀ ਵੀ ਜ਼ਰੂਰ! ਮੈਨੂੰ ਆਪਣੀ ਪਰਵਾਹ ਨਹੀਂ, ਡਰ ਇਹ ਹੈ, ਸਮਾਜ ਨੇ ਕਿਸੇ ਨਾਲ ਉੱਧਲ ਗਈ ਮਾਂ ਦੇ ਬੱਚੇ ਆਖ ਕੇ ਦੋਵਾਂ ਮਾਸੂਮਾਂ ਦਾ ਜਿਊਣਾ ਹਰਾਮ ਕਰ ਦੇਣਾ ਹੈ! ਜਿਉਂ-ਜਿਉਂ ਉਹ ਹੋਸ਼ ਸੰਭਾਲਣਗੇ, ਮਾਂ ਦੀਆਂ ਕਰਨੀਆਂ ਦੇ ਅਰਥ ਸਮਝ-ਸਮਝ ਕੇ ਪਰੇਸ਼ਾਨ ਵੀ ਹੋਇਆ ਕਰਨਗੇ ਤੇ ਪਸ਼ੇਮਾਨ ਵੀ। ਮੈਂ ਜੋ ਸਖ਼ਤ ਰੀਐਕਸ਼ਨ ਨਹੀਂ ਦਿਖਾਉਂਦਾ, ਇਸ ਕਰਕੇ ਨਹੀਂ ਕਿ ਮੈਂ ਜਗਦੀਪ ਤੋਂ ਜਾਂ ਤੈਥੋਂ ਡਰਦਾ ਹਾਂ, ਸਿਰਫ਼ ਇਸ ਕਰਕੇ ਕਿ ਉਸ ਹਾਲਤ ਵਿਚ ਸਮਾਜ ਦੀ ਸਾਡੇ ਘਰ ਦੇ ਵਿਹੜੇ ਵਿਚ ਬੁੱਕਾਂ ਭਰ-ਭਰ ਸੁੱਟੀ ਸੁਆਹ ਮੇਰੇ ਬੇਦੋਸ਼ੇ ਮਾਸੂਮ ਬੱਚਿਆਂ ਦੇ ਮੂੰਹ-ਸਿਰ ਉੱਤੇ ਪਵੇਗੀ!'

ਚਰਨਜੀਤ ਨੂੰ ਸੱਚ ਦੇ ਹਜ਼ੂਰ ਇਕ ਪਲ ਵੀ ਹੋਰ ਖਲੋਣਾ ਦੁੱਭਰ ਹੋ ਗਿਆ। ਉਹ ਹੰਭਲਾ ਮਾਰ ਕੇ ਮੁਸ਼ਕਲ ਨਾਲ ਉੱਠਿਆ ਤੇ ਪੈਰ ਘੜੀਸਦਾ, ਨੀਵੀਂ ਪਾਈਂ, ਕੁਛ ਵੀ ਬੋਲੇ ਬਿਨਾਂ ਕਮਰਿਉਂ ਬਾਹਰ ਨੂੰ ਤੁਰ ਪਿਆ।

ਜਦੋਂ ਬੰਬਈ ਜਾਣ ਦਾ ਫ਼ੈਸਲਾ ਹੋਇਆ, ਜਗਦੀਪ ਤੇ ਚਰਨਜੀਤ ਨੂੰ 'ਹਿਤੈਸ਼ੀ' ਦੀ ਬਹੁਤੀ ਚਿੰਤਾ ਨਹੀਂ ਸੀ। ਇਕ ਤਾਂ ਇਲਸਟਰੇਸ਼ਨਾਂ ਕੁਛ ਹੀ ਰਚਨਾਵਾਂ ਨਾਲ ਜਾਂਦੀਆਂ ਸਨ, ਸਾਰੀਆਂ ਨਾਲ ਨਹੀਂ। ਦੂਜੇ, ਹਿਤੈਸ਼ੀ ਜੀ ਦੇ ਕਈ ਚਿਤਰਕਾਰਾਂ ਨਾਲ ਸੰਬੰਧ ਸਨ ਤੇ ਉਹਨਾਂ ਨੂੰ ਨਿੱਜੀ ਧਿਆਨ ਦੇ ਕੇ ਕੰਮ ਕਰਵਾਉਣਾ ਵੀ ਆਉਂਦਾ ਸੀ। ਉਹਨਾਂ ਨੇ ਚਰਨਜੀਤ ਦੇ ਚਲੇ ਜਾਣ ਨਾਲ ਪਾਠਕਾਂ ਨੂੰ ਕੋਈ ਖ਼ਾਸ ਫ਼ਰਕ ਮਹਿਸੂਸ ਨਹੀਂ ਸੀ ਹੋਣ ਦੇਣਾ। ਇਹ ਵੀ ਚੰਗਾ ਹੋਇਆ, 'ਹਿਤੈਸ਼ੀ' ਦੀਆਂ ਅਗਲੇ ਮਹੀਨੇ ਦੀਆਂ ਫ਼ਾਈਲਾਂ ਅਜੇ ਆਈਆਂ ਨਹੀਂ ਸਨ। ਉਹਨਾਂ ਦੇ ਬੰਬਈ ਜਾਣ ਦੀ ਖ਼ਬਰ ਤਾਂ ਗੁਰਮੁਖ ਸਿੰਘ ਤੋਂ ਹਿਤੈਸ਼ੀ ਜੀ ਤੱਕ ਪਹੁੰਚ ਹੀ ਜਾਵੇਗੀ। ਅਸਲ ਪਰੇਸ਼ਾਨੀ ਚਰਨਜੀਤ ਲਈ 'ਚਿਰਾਗ਼' ਨੂੰ ਤਿੰਨ ਵਾਰ ਤਲਾਕ ਕਹਿਣ ਦੀ ਸੀ। ਅਨਵਰ ਸਾਹਿਬ ਨੇ ਸਜਾਵਟ ਦਾ ਸਾਰਾ ਕੰਮ ਉਸ ਉੱਤੇ ਛੱਡ ਰੱਖਿਆ ਸੀ ਤੇ ਉਹਦਾ ਅਚਾਨਕ ਜਾਣਾ ਉਹਨਾਂ ਲਈ ਯਕੀਨਨ ਮੁਸ਼ਕਿਲ ਖੜ੍ਹੀ ਕਰੇਗਾ। ਉਹਨਾਂ ਨੂੰ, ਜਿਨ੍ਹਾਂ ਨੇ ਉਸ ਦੀ ਏਨੀ ਕਦਰ ਕੀਤੀ ਸੀ, ਸਭ ਖੁੱਲ੍ਹਾਂ ਦੇ ਛੱਡੀਆਂ ਸਨ, ਪੱਤਰਕਾਰੀ ਦੀ ਦੁਨੀਆ ਵਿਚ ਪ੍ਰਸਿੱਧੀ ਦੁਆਈ ਸੀ ਤੇ ਹਰ ਗੱਲ, ਹਰ ਮੰਗ ਪੂਰੀ ਕੀਤੀ ਸੀ, ਉਹ ਇਹ ਖ਼ਬਰ ਕਿਵੇਂ ਦੇ ਸਕੇਗਾ! ਪਰ ਇਤਲਾਹ ਤਾਂ ਕਰਨੀ ਹੀ ਪੈਣੀ ਸੀ। ਉਹਨਾਂ ਵਰਗੇ ਇਨਸਾਨ ਨੂੰ ਦੱਸੇ ਬਿਨਾਂ ਵੀ ਤਾਂ ਨਹੀਂ ਸੀ ਜਾਇਆ ਜਾ ਸਕਦਾ ਤੇ ਹੋਰ ਕਿਤੋਂ ਉਹਨਾਂ ਨੂੰ ਖ਼ਬਰ ਮਿਲਣੀ ਨਹੀਂ ਸੀ।

ਜਦੋਂ ਚਰਨਜੀਤ 'ਚਿਰਾਗ਼' ਦੇ ਦਫ਼ਤਰ ਅਨਵਰ ਸਾਹਿਬ ਦਾ ਦਰਵਾਜ਼ਾ ਠਕੋਰ ਰਿਹਾ ਸੀ, ਜਗਦੀਪ ਦੇ ਚੇਤੇ ਦੇ ਬੰਬਈਆ ਮਾਹੌਲ ਵਿਚ ਸਾਹਿਰ ਸਾਹਿਬ ਆ ਪਰਗਟ ਹੋਏ। ਉਹਨੇ ਡਾਕ ਰਾਹੀਂ ਆਈ ਉਹਨਾਂ ਦੀ ਆਖ਼ਰੀ ਕਵਿਤਾ 'ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ' ਕਾਹਲੀ ਕਾਹਲੀ ਪੜ੍ਹੀ ਤੇ ਇਕਦਮ ਮਨ ਵਿਚ ਜਾਗੀਆਂ ਸਤਰਾਂ ਲਿਖਣ ਲੱਗੀ:

ਇਉਂ ਨਾ ਤੂੰ ਫੇਰ ਅੱਖੀਆਂ ਇਉਂ ਨਾ ਨਕਾਰ ਮੈਨੂੰ।
ਕਵਿਤਾ ਜ਼ਰਾ ਮੈਂ ਮੁਸ਼ਕਿਲ ਫਿਰ ਤੋਂ ਵਿਚਾਰ ਮੈਨੂੰ।
ਕੋਈ ਹੋਰ ਪੜ੍ਹ ਨਾ ਸਕਦਾ ਤਫ਼ਸੀਰ ਕਰ ਨਾ ਸਕਦਾ,
ਮੈਂ ਸਤਰ ਸਤਰ ਤੇਰੀ ਤੂੰ ਹੀ ਉਚਾਰ ਮੈਨੂੰ।
ਕੁਝ ਹੋਰ ਗੂੜ੍ਹੀ ਹੋਵਾਂ ਕੁਝ ਹੋਰ ਰੰਗ ਉਭਰਨ,
ਤੂੰ ਦਿਲ ਦੇ ਵਰਕਿਆਂ 'ਤੇ ਏਦਾਂ ਉਤਾਰ ਮੈਨੂੰ।
ਜੇ ਕਹਿ ਦਏਂ ਤੂੰ ਮੈਨੂੰ 'ਮੈਂ ਕਰਦਾਂ ਪਿਆਰ ਤੈਨੂੰ',
ਕਰ ਦੇਣਗੇ ਮੁਕੰਮਲ ਇਹ ਲਫ਼ਜ਼ ਚਾਰ ਮੈਨੂੰ।
ਤੈਥੋਂ ਜੇ ਮੁੱਖ ਮੈਂ ਮੋੜਾਂ ਕੀਤਾ ਜੇ ਕੌਲ ਤੋੜਾਂ,
ਤੂੰ ਹਰਫ਼ ਹਰਫ਼ ਕਰ ਕੇ ਦੇਵੀਂ ਖਿਲਾਰ ਮੈਨੂੰ!


ਅਨਵਰ ਸਾਹਿਬ ਦੇ ਸਾਹਮਣੇ ਬੈਠਦਿਆਂ ਚਰਨਜੀਤ ਨੇ ਹੱਥ ਜੋੜੇ, 'ਮੁਝੇ ਮੁਆਫ਼ ਕਰ ਦੇਨਾ, ਅੱਬੂਜਾਨ, ਮੈਂ ਆਜ ਹੀ ਦਿੱਲੀ ਛੋੜ ਕਰ ਬੰਬਈ ਜਾ ਰਹਾ ਹੂੰ। ਇਸ ਸੇ ਜ਼ਿਆਦਾ ਕੁਛ ਮੈਂ ਆਪ ਕੋ ਬਤਾ ਨਹੀਂ ਪਾਊਂਗਾ।'

ਅਨਵਰ ਸਾਹਿਬ ਉਹਦੇ 'ਅੱਬੂਜਾਨ' ਕਹਿਣ ਤੋਂ ਹੀ ਮਾਮਲੇ ਦੀ ਸੰਜੀਦਗੀ ਸਮਝ ਗਏ। ਉਹ ਜਾਣ ਗਏ, ਚਰਨਜੀਤ ਇੰਟਰਵਿਊ ਵਾਲੇ ਦਿਨ ਕਹੀ ਗੱਲ 'ਔਰ ਅੱਬੂਜਾਨ ਤੁਮ ਕਹੋਗੇ ਨਹੀਂ' ਚੇਤੇ ਕਰ ਰਿਹਾ ਹੈ। ਬੋਲੇ, 'ਬਰਖ਼ੁਰਦਾਰ, ਬਾਤ ਕੁਛ ਜ਼ਿਆਦਾ ਹੀ ਸੰਜੀਦਾ ਲਗਤੀ ਹੈ! ਤੋ ਮੈਂ ਤੁਮ ਸੇ ਕੁਛ ਪੂਛੂੰਗਾ ਭੀ ਨਹੀਂ ਔਰ ਤੁਮ੍ਹੇਂ ਰੋਕੂੰਗਾ ਭੀ ਨਹੀਂ। ਮਗਰ ਇਤਨਾ ਜ਼ਰੂਰ ਕਹੂੰਗਾ, ਮੁਝੇ ਔਰ 'ਚਿਰਾਗ਼' ਕੋ ਬਹੁਤ ਕਰਾਰੀ ਚੋਟ, ਬਹੁਤ ਗਹਿਰਾ ਜ਼ਖ਼ਮ ਦੇ ਕਰ ਜਾ ਰਹੇ ਹੋ, ਮੀਆਂ! ਅਬ ਉਨ੍ਹੀਂ ਆਰਟ ਐਂਡ ਆਰਟ ਵਾਲੇ ਨਾਮਾਕੂਲ ਮਰਦੂਦੋਂ ਕੇ ਪਾਸ ਜਾਨਾ ਹੋਗਾ ਔਰ ਅੰਜਾਮ ਭੀ ਭੁਗਤਨੇ ਹੋਂਗੇ।'

'ਆਪ ਮੁਝੇ ਮੁਆਫ਼ ਜ਼ਰੂਰ ਕਰ ਦੀਜੀਏਗਾ। ਏਕ ਵਾਅਦਾ ਰਹਾ, ਅੱਲਾ ਨਾ ਕਰੇ, ਮੁਝੇ ਅਗਰ ਕਭੀ ਦਿੱਲੀ ਲੌਟਨਾ ਪੜਾ, ਆਪ ਕੇ ਦਰ ਪੇ ਹੀ ਆਵਾਜ਼ ਦੂੰਗਾ।'

ਅਨਵਰ ਸਾਹਿਬ ਨੇ ਕੁਰਸੀ ਤੋਂ ਉੱਠ ਕੇ ਉਹਦਾ ਹੱਥ ਫੜ ਲਿਆ ਤੇ ਭਾਰੀ ਆਵਾਜ਼ ਵਿਚ ਕਹਿਣ ਲੱਗੇ, 'ਜਾਉ ਮੀਆਂ, ਮੇਰੀ ਤਰਫ਼ ਸੇ ਦਿਲ ਪੇ ਕੋਈ ਬੋਝ ਲੀਏ ਬਿਨਾਂ ਜਾਉ। ਜਿਤਨੇ ਗੁਜ਼ਰੇ, ਦਿਨ ਬਹੁਤ ਅੱਛੇ ਗੁਜ਼ਰੇ। ਯਹੀ ਬਹੁਤ ਹੈ। ਹਮੇਸ਼ਾ ਕਾ ਸਾਥ ਕੌਨ ਨਿਭਾਤਾ ਹੈ ਭਾਈ! ਵੁਹ ਅਪਨੇ ਕੈਫ਼ੀ ਸਾਹਿਬ ਕਹਿਤੇ ਹੈਂ ਨਾ, 'ਅਰੇ ਦੇਖੀ ਜ਼ਮਾਨੇ ਕੀ ਯਾਰੀ, ਬਿਛੜੇ ਸਭੀ ਬਾਰੀ ਬਾਰੀ!' ਭਈ, ਵੁਹ ਤੋ ਆਗੇ ਏਕ ਬਾਤ ਔਰ ਭੀ ਕਹਿਤੇ ਹੈਂ ਜੋ ਮੈਂ ਨਹੀਂ ਕਹਿਨਾ ਚਾਹੂੰਗਾ, 'ਮਤਲਬ ਕੀ ਦੁਨੀਆ ਹੈ ਸਾਰੀ!'... ਜਿਸ ਭੀ ਕਾਮ ਸੇ ਚਲੇ ਹੋ, ਪਰਵਰਦਿਗਾਰ ਤੁਮਹੇਂ ਕਾਮਯਾਬੀ ਦੇ!'

###



# ਅਲੋਕਾਰੇ ਅਧਿਆਪਕ – ਬਾਊ ਜੀ

*ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖ਼ੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।*

## ਮੇਰੇ ਆਪਣੇ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਪਿੰਡ ਦੇ ਸਕੂਲ ਵਿਚ ਸੋਸ਼ਲ ਸਟੱਡੀਜ਼ ਦੇ ਮਾਸਟਰ ਸ. ਦਰਸ਼ਨ ਸਿੰਘ ਨੂੰ ਸਕੂਲ ਜਾਂ ਪਿੰਡ ਵਿਚ ਸਾਰੇ ਹੀ ਪਿਆਰ ਨਾਲ 'ਬਾਊ ਜੀ' ਕਹਿੰਦੇ ਸਨ। ਉਹ ਆਪਣੇ ਸਾਥੀਆਂ ਅਤੇ ਵਿਦਿਆਰਥੀਆਂ ਵਿਚ ਵੀ ਬਾਊ ਜੀ ਦੇ ਨਾਮ ਨਾਲ ਹੀ ਜਾਣੇ ਜਾਂਦੇ। ਸ. ਦਰਸ਼ਨ ਸਿੰਘ ਜੀ ਮੇਰੇ ਪਿੰਡ ਦੇ ਜਾਣੇ-ਪਛਾਣੇ ਕੋਠੀ ਵਾਲਿਆਂ ਦੇ ਪਰਿਵਾਰ ਵਿਚੋਂ ਸਨ। ਉਨ੍ਹਾਂ ਨੇ ਸਾਰੀ ਉਮਰ ਹੀ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਾਇਆ ਅਤੇ ਇਥੋਂ ਹੀ ਸੇਵਾ ਮੁਕਤ ਹੋਏ।

ਬਾਊ ਜੀ ਬਹੁਤ ਹੀ ਸਾਊ, ਮੱਧਰਾ ਕੱਦ, ਹਲਕਾ ਸਰੀਰ, ਗੋਰਾ ਰੰਗ, ਬਿਨਾਂ ਫਿਕਸੋ ਤੋਂ ਪੋਲੀ ਜਹੀ ਬੰਨ੍ਹੀ ਹੋਈ ਦਾਹੜੀ ਤੇ ਬਹੁਤ ਫੁਰਤੀਲੇ ਵਿਅਕਤੀ ਸਨ। ਉਨ੍ਹਾਂ ਦੀ ਪੱਗ ਇੰਜ ਬੰਨ੍ਹੀ ਹੁੰਦੀ ਜਿਵੇਂ ਉਨ੍ਹਾਂ ਨੇ ਸਕੂਲੇ ਪਹੁੰਚਣ ਦੀ ਕਾਹਲ ਵਿਚ ਜਲਦੀ ਜਲਦੀ ਸਿਰ 'ਤੇ ਵਲ੍ਹੇਟੀ ਹੋਵੇ।

ਬਾਊ ਜੀ ਆਪਣੇ ਹਰ ਵਿਦਿਆਰਥੀ ਨੂੰ ਉਸਦੇ ਘਰ ਦੇ ਨਾਮ ਜਾਂ ਉਸਦੇ ਬਾਪ ਦੇ ਨਾਂ ਜਾਂ ਘਰਦਿਆਂ ਵੱਲੋਂ ਪਾਇਆ ਛੋਟਾ ਨਾਂ ਲੈ ਕੇ ਬੁਲਾਉਂਦੇ। ਉਹ ਕਲਾਸ ਵਿਚ ਸਾਰਿਆਂ ਨੂੰ ਆਹਰੇ ਲਾਈ ਰੱਖਦੇ ਭਾਵੇਂ ਕਿ ਉਨ੍ਹਾਂ ਦੀ ਆਦਤ ਪੜ੍ਹਾਉਣ ਨਾਲੋਂ ਹੋਰ ਕੰਮਾਂ ਵੱਲ ਜ਼ਿਆਦਾ ਧਿਆਨ ਦੇਣਾ ਹੁੰਦਾ। ਦਰਅਸਲ ਸਾਡੇ ਸਮਿਆਂ ਵਿਚ ਸਕੂਲੀ ਪੜ੍ਹਾਈ ਦਾ ਵਾਤਾਵਰਣ ਵੀ ਕਮਾਲ ਦਾ ਹੁੰਦਾ ਸੀ। ਜਮਾਤ ਵਿਚ ਜਾਣ ਵੇਲੇ ਹਰ ਮਾਸਟਰ ਦੇ ਹੱਥ ਵਿਚ ਡੰਡਾ ਹੁੰਦਾ ਜਿਹੜਾ ਵਿਦਿਆਰਥੀਆਂ ਦਾ ਤਰਾਹ ਕੱਢੀ ਰੱਖਦਾ। ਇਕ ਦਿਨ ਪਹਿਲਾਂ ਪੜ੍ਹਾਇਆ ਸਬਕ ਸੁਣਾਉਣ ਸਮੇਂ ਗਲਤੀ ਹੋਣ 'ਤੇ ਤੁਹਾਡੇ ਹੱਥਾਂ ਦੀਆਂ ਤਲੀਆਂ ਸੋਟੀਆਂ ਨਾਲ ਸੁਕੀਆਂ ਜਾਂਦੀਆਂ। ਕਿਸਦੇ ਕਿੰਨੀਆਂ ਪੈਣੀਆਂ, ਇਹ ਮਾਸਟਰ ਜਾਣਦਾ ਕਿਉਂਕਿ ਉਸਨੂੰ ਹੀ ਪਤਾ ਹੁੰਦਾ ਕਿ ਕਿਹੜਾ ਪੜ੍ਹਨ ਵਿਚ ਹੁਸ਼ਿਆਰ ਹੈ? ਕਿਹੜਾ ਇਲਤੀ ਅਤੇ ਕਿਸ ਨੇ ਜਾਣ ਬੁੱਝ ਕੇ ਯਾਦ ਨਹੀਂ ਕੀਤਾ ਜਾਂ ਆਦਤਨ ਸ਼ਰਾਰਤ ਕੀਤੀ ਹੈ? ਸਕੂਲ ਵਿਚ ਮਾਸਟਰ ਕਿੰਨਾ ਵੀ ਝਿੜਕ ਲੈਂਦਾ ਜਾਂ ਕੁੱਟ ਲੈਂਦਾ ਤਾਂ ਕੋਈ ਵੀ ਵਿਦਿਆਰਥੀ ਘਰ ਆ ਕੇ ਆਪਣੇ ਮਾਪਿਆਂ ਨੂੰ ਕਦੇ ਨਹੀਂ ਸੀ ਦੱਸਦਾ ਕਿ ਸਕੂਲੇ ਕੁੱਟ ਪਈ ਹੈ। ਹਰ ਬੱਚਾ ਇਹ ਜਾਣਦਾ ਸੀ ਕਿ ਮਾਂ-ਪਿਉ ਨੂੰ ਦੱਸਣ ਦਾ ਮਤਲਬ ਸੀ ਦੋਹਰੀ ਕੁੱਟ। ਮਾਂ ਜਾਂ ਬਾਪ ਨੇ ਵੱਖਰੀ ਤੌਣੀ ਲਾ ਦੇਣੀ ਹੁੰਦੀ। ਮਾਪੇ ਮਾਸਟਰਾਂ ਦਾ ਬਹੁਤ ਆਦਰ ਕਰਦੇ ਸਨ ਅਤੇ ਉਹ ਇਹ ਸਮਝਦੇ ਸਨ ਕਿ ਜੇਕਰ ਕਿਸੇ ਮਾਸਟਰ ਨੇ ਬੱਚਿਆਂ ਨੂੰ ਝਿੜਕਿਆ ਜਾਂ ਕੁੱਟਿਆ ਹੈ ਤਾਂ ਬੱਚੇ ਦਾ ਕਸੂਰ ਜ਼ਰੂਰ ਹੋਵੇਗਾ। ਇਸ ਨਾਲ ਸੁਧਰ ਜਾਵੇਗਾ, ਪੜ੍ਹਾਈ ਵੱਲ ਧਿਆਨ ਦੇਵੇਗਾ ਤੇ ਸ਼ਰਾਰਤਾਂ ਤੋਂ ਬਾਜ਼ ਆਵੇਗਾ।

ਜ਼ਿਆਦਾਤਰ ਮਾਸਟਰ ਪੜ੍ਹਾਉਣ ਪ੍ਰਤੀ ਬਹੁਤ ਪ੍ਰਤੀਬੱਧ ਹੁੰਦੇ ਸਨ। ਸਕੂਲ ਦੇ ਸਮੇਂ ਤੋਂ ਬਾਅਦ ਵੀ ਸਕੂਲ ਵਿਚ ਹੀ ਪੜ੍ਹਾ ਦਿੰਦੇ ਤਾਂ ਕਿ ਸਕੂਲ ਦਾ ਨਤੀਜਾ ਵਧੀਆ ਆਵੇ। ਅੱਜ-ਕੱਲ੍ਹ ਤਾਂ ਹਰ ਮਾਸਟਰ ਇਹ ਚਾਹੁੰਦਾ ਕਿ ਹਰ ਬੱਚਾ ਮੇਰੇ ਕੋਲੋਂ ਟਿਊਸ਼ਨ ਪੜ੍ਹੇ ਅਤੇ ਮੈਂ ਵਾਧੂ ਕਮਾਈ ਕਰਾਂ। ਕਈ ਮਾਸਟਰ ਜਾਂ ਪ੍ਰੋਫੈਸਰ ਜਾਣ-ਬੁੱਝ ਕੇ ਬੱਚਿਆਂ ਨੂੰ ਝਿੜਕਦੇ ਜਾਂ ਸਜ਼ਾਵਾਂ ਦਿੰਦੇ ਤਾਂ ਕਿ ਬੱਚੇ ਟਿਊਸ਼ਨ ਪੜ੍ਹਨ ਲਈ ਮਜਬੂਰ ਹੋ ਜਾਣ। ਯਾਦ ਹੈ ਕਿ ਜਦ ਵੀ ਪੀਰੀਅਡ ਵਿਹਲਾ ਹੋਣਾ ਸਾਡੇ ਸਕੂਲ ਦੇ ਹੈਡਮਾਸਟਰ ਸ. ਹਰਭਜਨ ਸਿੰਘ ਹੁੰਦਲ ਹੁਰਾਂ ਅੱਠਵੀਂ ਕਲਾਸ ਵਿਚ ਆ ਕੇ ਅੰਗਰੇਜ਼ੀ ਦੀ ਵਿਆਕਰਣ ਪੜ੍ਹਾਉਣ ਲੱਗ ਜਾਣਾ। ਸਕੂਲ ਦੇ ਅੱਠਵੀਂ ਦੇ ਬੋਰਡ ਦੇ ਇਮਤਿਹਾਨ ਹਾਈ ਸਕੂਲ ਸੁਰਖਪੁਰ ਵਿਚ ਹੋਏ ਤਾਂ ਸਾਰੇ ਵਿਸ਼ਿਆਂ ਦੇ ਮਾਸਟਰ ਵਾਰੀ-ਵਾਰੀ ਉਥੇ ਰਾਤ ਰਹਿ ਕੇ ਸਾਰਿਆਂ ਦੀ ਤਿਆਰੀ ਕਰਵਾਉਂਦੇ ਰਹੇ ਤਾਂ ਕਿ ਸਕੂਲ ਜ਼ਿਲ੍ਹੇ ਵਿਚੋਂ ਅੱਵਲ ਸਥਾਨ ਪ੍ਰਾਪਤ ਕਰ ਲਵੇ। ਪਰ ਇਹ ਵਰਤਾਰਾ ਹੁਣ ਖਤਮ ਹੋ ਚੁੱਕਾ ਹੈ।

ਬਾਊ ਜੀ ਕੋਠੀ ਵਾਲਿਆਂ ਦੇ ਪਰਿਵਾਰ ਵਿਚੋਂ ਸਨ ਜਿਨ੍ਹਾਂ ਦੀ ਕਿਸੇ ਸਮੇਂ ਸਰਕਾਰੇ-ਦਰਬਾਰੇ ਬਹੁਤ ਚਲਦੀ ਸੀ। ਪਿੰਡ ਵਿਚ ਸਭ ਤੋਂ ਪਹਿਲੀ ਕੋਠੀ ਉਨ੍ਹਾਂ ਦੀ ਹੀ ਹੁੰਦੀ ਸੀ ਤਾਂ ਹੀ ਉਸ ਪਰਿਵਾਰ ਨੂੰ ਕੋਠੀ ਵਾਲੇ ਕਹਿੰਦੇ ਸਨ। ਉਨ੍ਹਾਂ ਦੀ ਜ਼ਮੀਨ ਵੀ ਵਾਹਵਾ ਸੀ। ਕੇਰਾਂ ਬਾਊ ਜੀ ਨੇ ਅੱਠਵੀਂ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਕੱਲ੍ਹ ਨੂੰ ਘਰੋਂ ਦਾਤਰੀਆਂ ਲੈ ਕੇ ਆਉਣਾ, ਖੇਤਾਂ ਵਿਚ ਲੇਹ ਜਾਂ ਪੋਹਲੀ ਨੂੰ ਵੱਢਣਾ ਹੈ ਅਤੇ ਸਾਰਾ ਦਿਨ ਆਪਣੇ ਖੇਤਾਂ ਵਿਚ ਕੰਮ ਕਰਵਾ ਕੇ ਸ਼ਾਮ ਨੂੰ ਵਿਹਲਾ ਕੀਤਾ। ਸਾਨੂੰ ਵੀ ਚੰਗਾ ਲੱਗਾ ਸੀ ਕਿ ਇਕ ਦਿਨ ਪੜ੍ਹਨਾ ਨਹੀਂ ਪਿਆ ਸਗੋਂ ਸਾਰਾ ਦਿਨ ਖੇਤਾਂ ਵਿਚ ਹੀ ਲੰਘ ਗਿਆ।

ਮਾਸਟਰਾਂ ਵਲੋਂ ਵਿਦਿਆਰਥੀਆਂ ਨੂੰ ਵਗਾਰ ਪਾਉਣਾ ਆਮ ਵਤੀਰਾ ਸੀ ਭਾਵੇਂ ਕਿਸੇ ਘਰੋਂ ਦੁੱਧ ਜਾਂ ਚਾਹ ਮੰਗਵਾਉਣਾ ਹੋਵੇ, ਸਾਗ ਲਿਆਉਣ ਲਈ ਕਹਿਣਾ ਹੋਵੇ ਜਾਂ ਕਿਸੇ ਚਲਦੇ ਵੇਲਣੇ ਤੋਂ ਗੰਨਿਆਂ ਦਾ ਰਸ ਅਤੇ ਗੰਡ ਤੋਂ ਤੱਤਾ ਤੱਤਾ ਗੁੜ ਲਿਆਉਣਾ ਹੋਵੇ। ਵਿਦਿਆਰਥੀ ਹੱਸ ਕੇ ਇਹ ਕੰਮ ਕਰਦੇ ਸਨ। ਘਰ ਵਾਲੇ ਵੀ ਸਮਝਦੇ ਸਨ ਕਿ ਇਸ ਨਾਲ ਸਾਡਾ ਬੱਚਾ ਪਾਸ ਕਰ ਦੇਣਗੇ। ਨੰਬਰਾਂ ਬਾਰੇ ਤਾਂ ਘਰਦਿਆਂ ਨੂੰ ਕੋਈ ਇਲਮ ਨਹੀਂ ਸੀ ਹੁੰਦਾ। ਉਨ੍ਹਾਂ ਲਈ ਪਾਸ ਹੋਣ 'ਤੇ ਪਤਾਸੇ ਵੰਡਣਾ ਹੀ ਸਭ ਤੋਂ ਵੱਡੀ ਖ਼ੁਸ਼ੀ ਹੁੰਦੀ ਸੀ। ਮਾਪਿਆਂ ਲਈ ਪਾਸ ਕੀਤੀਆਂ ਜਮਾਤਾਂ ਦੀ ਗਿਣਤੀ ਹੀ ਸੱਭ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਸੀ।

ਬਾਊ ਜੀ ਬਹੁਤ ਹੀ ਸਾਊ ਵਿਅਕਤੀਤਵ ਦੇ ਮਾਲਕ ਸਨ। ਉਨ੍ਹਾਂ ਦੇ ਸਾਊਪੁਣੇ ਕਰਕੇ ਪਤਾ ਨਹੀਂ ਕਿੰਨੇ ਵਿਦਿਆਰਥੀਆਂ ਦਾ ਪਾਰ-ਉਤਾਰਾ ਹੋਇਆ ਹੋਵੇਗਾ ਜਿਹੜੇ ਫੇਲ੍ਹ ਹੁੰਦਿਆਂ ਵੀ ਪਾਸ ਕਰ ਦਿੱਤੇ ਗਏ ਹੋਣਗੇ। ਭਾਵੇਂ ਅਜੇਹੇ ਪਾਸ ਹੋਇਆਂ ਨੇ ਬਾਅਦ ਵਿਚ ਕੁਝ ਵੀ ਨਾ ਕੀਤਾ ਹੋਵੇ ਪਰ ਉਹ ਸਾਰੀ ਉਮਰ ਇਹ ਸਮਝਦੇ ਰਹੇ ਕਿ ਉਨ੍ਹਾਂ ਨੇ ਅੱਠ ਜਮਾਤਾਂ ਪਾਸ ਕਰ ਲਈਆਂ ਸਨ।

ਬਾਊ ਜੀ ਨੇ ਅਕਸਰ ਹੀ ਕਹਿਣਾ ਕਿ ਬੱਚਿਓ! ਪੜ੍ਹ ਲਵੋ। ਚੰਗੇ ਰਹੋਗੇ। ਨਹੀਂ ਤਾਂ ਸਾਰੀ ਉਮਰ ਆਪਣੇ ਪਿਉਆਂ ਵਾਗੂੰ ਖੇਤਾਂ ਵਿਚ ਹੀ ਕੰਮ ਕਰਨਾ ਪੈਣਾ। ਕਿਸੇ ਚੱਜ ਦੀ ਨੌਕਰੀ 'ਤੇ ਲੱਗ ਗਏ ਤਾਂ ਤੁਹਾਡੀ ਵੀ ਜੂਨ ਸੁਧਰ ਜਾਊ ਅਤੇ ਤੁਸੀਂ ਆਪਣੇ ਮਾਪਿਆਂ ਦੀ ਜ਼ਿੰਦਗੀ ਵੀ ਬਦਲ ਦੇਵੋਗੇ। ਭਾਵੇਂ ਕਿ ਬਾਊ ਜੀ ਦੀ ਖ਼ੁਦ ਪੜ੍ਹਾਉਣ ਵਿਚ ਕੋਈ ਬਹੁਤੀ ਰੁਚੀ ਨਹੀਂ ਸੀ ਹੁੰਦੀ ਅਤੇ ਨਾ ਹੀ ਕਦੇ ਉਹ ਉਚੇਚ ਕਰਦੇ ਸਨ। ਸਕੂਲ ਵਿਚ ਪੜ੍ਹਾਉਣ ਨਾਲੋਂ ਪਰਿਵਾਰਕ ਰੁਝੇਵਿਆਂ ਜਾਂ ਪਿੰਡ ਦੇ ਹੋਰ ਕੰਮਾਂ-ਕਾਰਾਂ ਵਿਚ ਰੁੱਝੇ ਰਹਿਣਾ, ਉਨ੍ਹਾਂ ਦੀ ਫਿਤਰਤ ਸੀ।

ਬਾਊ ਜੀ ਨੂੰ ਯਾਦ ਕਰਦਿਆਂ ਸੋਚਦਾਂ ਕਿ ਉਹ ਕੇਹੇ ਫੱਕਰ ਲੋਕ ਸਨ ਜਿਨ੍ਹਾਂ ਦੇ ਮਨਾਂ ਵਿਚ ਕੋਈ ਮੁਲੰਮਾ ਨਹੀਂ ਸੀ। ਉਹ ਅੰਦਰੋਂ-ਬਾਹਰੋਂ ਇਕਸਾਰ। ਕਿਸੇ ਨੂੰ ਵੀ ਘੂਰ ਸਕਦੇ, ਕਿਸੇ ਦੀ ਸ਼ਿਕਾਇਤ ਉਸਦੇ ਪਿਉ ਨੂੰ ਕਰ ਸਕਦੇ ਕਿਉਂਕਿ ਉਹ ਜਾਣਦੇ ਸਨ ਕਿ ਮਾਂ ਨਾਲੋਂ ਪਿਉ ਆਪਣੇ ਬੱਚਿਆਂ ਪ੍ਰਤੀ ਜ਼ਿਆਦਾ ਸਖ਼ਤ ਹੁੰਦਾ ਅਤੇ ਬੱਚਿਆਂ ਨੂੰ ਸਿੱਧੇ ਰਾਹ ਪਾਉਣ ਤੇ ਸਮਝਾਉਣ ਦੇ ਨਾਲ-ਨਾਲ ਕੰਨਾਂ 'ਤੇ ਲਾ ਵੀ ਸਕਦਾ।

ਬਾਊ ਜੀ ਕਦੇ ਵੀ ਕਿਸੇ ਵੀ ਵਿਦਿਆਰਥੀ ਦਾ ਮਾੜਾ ਨਹੀਂ ਸੀ ਸੋਚਦੇ ਸਗੋਂ ਉਨ੍ਹਾਂ ਦੇ ਮਨ ਵਿਚ ਪਿੰਡ ਦੇ ਜਵਾਕਾਂ ਨੂੰ ਉਚੇ ਅਹੁਦਿਆਂ 'ਤੇ ਦੇਖਣ ਦੀ ਤਮੰਨਾ ਹੁੰਦੀ ਸੀ। ਤਾਂ ਹੀ ਉਸਨੇ ਮੇਰੇ ਫੇਲ੍ਹ ਹੋਣ 'ਤੇ ਧੀਰਜ ਵੀ ਬੰਨ੍ਹਾਇਆ ਅਤੇ ਫਿਰ ਐਮਐਸਸੀ ਕਰਨ 'ਤੇ ਮੁਬਾਰਕ ਵੀ ਦਿੱਤੀ। ਦਰਅਸਲ ਅਜੇਹੀ ਬਿਰਤੀ ਵਾਲੇ ਬੀਤੇ ਦੀ ਗੱਲ ਹੋ ਗਏ ਹਨ। ਹੁਣ ਤਾਂ ਪਿੰਡਾਂ ਵਿਚ ਆਪਸੀ ਖਹਿਬਾਜ਼ੀ ਅਤੇ ਰੰਜਸ਼ ਕਾਰਨ ਇਕ ਦੂਜੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਣ ਦੀ ਰੀਤ ਹੈ। ਤਾਂ ਹੀ ਪਿੰਡ ਵਿਚੋਂ ਪਾੜ੍ਹੇ ਅਤੇ ਪਾੜ੍ਹਿਆਂ ਦੇ ਘਰ ਪਰਵਾਸ ਕਰ ਗਏ ਹਨ। ਪਿੰਡਾਂ ਦੀ ਜਰਖ਼ੇਜ਼ ਧਰਾਤਲ ਵਿਚ ਜਨਮ ਲੈ ਕੇ, ਫੱਟੀ ਵਾਲੇ ਸਕੂਲਾਂ ਵਿਚ ਬੋਰੀਆਂ 'ਤੇ ਬਹਿ ਕੇ ਵਿਦਿਆ ਪ੍ਰਾਪਤ ਕਰ, ਉਚੇ ਅਹੁਦਿਆਂ ਦਾ ਮਾਣ ਬਣਨ ਵਾਲੇ ਪੇਂਡੂਆਂ ਦੀ ਨਸਲ ਹੀ ਖ਼ਤਮ ਹੁੰਦੀ ਜਾ ਰਹੀ ਹੈ। ਨਾਲ ਹੀ ਮਾਸਟਰਾਂ ਵਿਚ ਆਪਣੇ ਕਿੱਤੇ ਪ੍ਰਤੀ ਪ੍ਰਤੀਬੱਧਤਾ ਦੀ ਘਾਟ, ਸਕੂਲਾਂ ਵਿਚ ਗਰੁੱਪਬਾਜ਼ੀ, ਪਿੰਡ ਦੇ ਮੁਹਤਬਰਾਂ ਦੀ ਦਖ਼ਲਅੰਦਾਜ਼ੀ ਅਤੇ ਨਕਲ ਦੇ ਕੋਹੜ ਨੇ ਵਿਦਿਅਕ ਢਾਂਚੇ ਨੂੰ ਤਹਿਸ-ਨਹਿਸ ਕਰ ਦਿਤਾ ਹੈ। ਸਾਡੇ ਸਮਿਆਂ ਵਿਚ ਨਕਲ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਫਸਟ ਡਿਵੀਜ਼ਨ ਲੈ ਕੇ ਪਾਸ ਹੋਣ ਵਾਲਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਮੰਨਿਆ ਜਾਂਦਾ ਸੀ। ਇਸਦੇ ਬਲਬੂਤੇ 'ਤੇ ਅਜੇਹੇ ਵਿਦਿਆਰਥੀ ਜੀਵਨ ਵਿਚ ਉਚੀਆਂ ਉਪਲੱਬਧੀਆਂ ਦਾ ਮਾਣ ਬਣੇ।

ਉਨ੍ਹਾਂ ਸਮਿਆਂ ਵਿਚ ਪਿੰਡ ਦੇ ਮਿਡਲ ਸਕੂਲ ਦੀ ਪੜ੍ਹੀ-ਲਿਖੀ ਪੀੜ੍ਹੀ ਨੂੰ ਹੋਰ ਤਾਂ ਕੁਝ ਭਾਵੇਂ ਯਾਦ ਨਾ ਹੋਵੇ ਪਰ ਉਨ੍ਹਾਂ ਦੇ ਚੇਤਿਆਂ ਵਿਚ ਬਾਊ ਜੀ ਦਾ ਬਿੰਬ ਬੀਤੇ ਸਮੇਂ ਨੂੰ ਸਾਹਵੇਂ ਲਿਆ ਖਲਿਆਰਦਾ ਹੈ। ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ, ਕਿੰਨੇ ਵੀ ਵੱਡੇ ਰੁਤਬੇ ਜਾਂ ਮਲਕੀਅਤ ਦੇ ਮਾਲਕ ਹੋਣ ਕਿਉਂਕਿ ਬਾਊ ਜੀ ਦੀ ਸ਼ਖ਼ਸੀਅਤ ਦੀ ਵਿਲੱਖਣਤਾ ਵਿਚ ਉਨ੍ਹਾਂ ਦੀ ਚਾਲ-ਢਾਲ, ਬੋਲਣ-ਅੰਦਾਜ਼ ਅਤੇ ਵਿਦਿਆਰਥੀ ਨੂੰ ਬੁਲਾਉਣ ਦਾ ਅਪਣੱਤੀ ਤਰੀਕਾ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਬਾਊ ਜੀ ਦੀ ਸ਼ਖ਼ਸੀਅਤ ਦਾ ਇਕ ਹੋਰ ਪੱਖ ਇਹ ਸੀ ਕਿ ਜੇਕਰ ਬੋਰਡ ਦੇ ਪੇਪਰ ਦੇਖਦਿਆਂ ਕੋਲ ਬੈਠੇ ਕਿਸੇ ਵਿਦਿਆਰਥੀ ਨੇ ਕਹਿ ਦੇਣਾ ਕਿ ਇਸ ਵਿਦਿਆਰਥੀ ਨੂੰ ਦੋ-ਚਾਰ ਨੰਬਰ ਹੋਰ ਦੇ ਕੇ ਪਾਸ ਕਰ ਦਿਓ ਤਾਂ ਉਨ੍ਹਾਂ ਝੱਟ ਕਹਿਣਾ ਕਿ ਜੇ ਤੂੰ ਕਹਿੰਦਾ ਤਾਂ ਮੈਂ ਕਰ ਦਿੰਦਾ ਹਾਂ। ਅਸਲ ਵਿਚ ਬਾਊ ਜੀ ਉਨ੍ਹਾਂ ਸਮਿਆਂ ਦੇ ਮਾਸਟਰ ਵਰਗ ਦੇ ਇਕ ਅਜੇਹੀ ਪ੍ਰਤੀਨਿਧ ਸਨ ਜੋ ਪੜ੍ਹਾਉਂਦੇ ਵੀ ਸਨ, ਝਿੜਕਦੇ ਵੀ ਸਨ, ਕੰਨ ਵੀ ਪੁੱਟਦੇ ਸਨ, ਪਿਆਰ ਵੀ ਕਰਦੇ, ਵਗਾਰ ਵੀ ਕਰਵਾਉਂਦੇ ਪਰ ਉਨ੍ਹਾਂ ਦੇ ਮਨ ਦੀ ਇੱਛਾ ਆਪਣੇ ਵਿਦਿਆਰਥੀਆਂ ਦਾ ਰੌਸ਼ਨ ਭਵਿੱਖ ਹੀ ਹੁੰਦਾ ਸੀ।

ਬਾਊ ਜੀ ਨੂੰ ਉਨ੍ਹਾਂ ਦੀਆਂ ਅਚੇਤ ਰੂਪ ਵਿਚ ਦਿੱਤੀਆਂ ਸਮੱਤਾਂ, ਸੇਧ ਅਤੇ ਸੁਪਨਿਆਂ ਲਈ ਯਾਦ ਕਰਨਾ ਤਾਂ ਬਣਦਾ ਹੀ ਹੈ, ਜਿਨ੍ਹਾਂ ਨੇ ਸਿੱਧੇ-ਸਾਦੇ ਪੇਂਡੂ ਜਵਾਕਾਂ ਦੇ ਸੁਪਨਿਆਂ ਨੂੰ ਪ੍ਰਵਾਜ਼ ਦਿੱਤੀ।

# ਮੁੱਕਦੀਆਂ ਜਾਂਦੀਆਂ ਪੰਜਾਬੀ ਰੀਤਾਂ ਰਸਮਾਂ ਤੇ ਸਾਡੀ ਜ਼ਿੰਮੇਵਾਰੀ

ਪੰਜਾਬ ਦੀ ਪਛਾਣ ਸਿਰਫ਼ ਉਹਦੇ ਖੇਤਾਂ, ਦਰਿਆਵਾਂ ਤੇ ਸ਼ਹਿਰਾਂ ਨਾਲ ਨਹੀਂ, ਸਗੋਂ ਉਹਦੀਆਂ ਰੀਤਾਂ ਰਸਮਾਂ, ਲੋਕ ਰਿਵਾਜਾਂ ਤੇ ਸੱਭਿਆਚਾਰਕ ਕਦਰਾਂ ਨਾਲ ਵੀ ਹੈ। ਸਮੇਂ ਦੇ ਨਾਲ ਆਧੁਨਿਕਤਾ ਤੇ ਬਦਲਦੇ ਸਮਾਜਿਕ ਰੁਝਾਨਾਂ ਨੇ ਇਨ੍ਹਾਂ ਰਿਵਾਜਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪੰਜਾਬੀ ਸੱਭਿਆਚਾਰ ਦੇ ਕਈ ਖੂਬਸੂਰਤ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਇਹ ਸਥਿਤੀ ਸਿਰਫ਼ ਸੱਭਿਆਚਾਰਕ ਨੁਕਸਾਨ ਨਹੀਂ, ਸਗੋਂ ਸਾਡੀ ਸਮੂਹਕ ਪਛਾਣ, ਪਰਿਵਾਰਕ ਪ੍ਰਣਾਲੀ ਤੇ ਸਮਾਜਿਕ



**ਪ੍ਰੋ: ਅਮਾਨਤ ਗਿੱਲ ਲਾਹੌਰ**
**ਫੋਨ: +923004969513**

ਸਾਂਝ ਲਈ ਵੀ ਇੱਕ ਚੁਣੌਤੀ ਹੈ। ਇਸ ਲਈ ਪੰਜਾਬੀ ਰੀਤਾਂ-ਰਸਮਾਂ ਦੀ ਅਹਿਮੀਅਤ ਤੇ ਉਨ੍ਹਾਂ ਦੇ ਸੰਭਾਲ ਦੀ ਲੋੜ ਉੱਤੇ ਵਿਚਾਰ ਕਰਨਾ ਸਮੇਂ ਦੀ ਵੱਡੀ ਲੋੜ ਹੈ।

ਪੰਜਾਬ ਦੀ ਧਰਤੀ ਇੱਕ ਅਜਿਹੀ ਤਹਿਜ਼ੀਬ ਦਾ ਕੇਂਦਰ ਵੀ ਹੈ ਜਿਸ ਦੀ ਪਛਾਣ ਉਹਦੀਆਂ ਰੀਤਾਂ ਰਸਮਾਂ, ਲੋਕ ਰਿਵਾਜਾਂ ਤੇ ਸੱਭਿਆਚਾਰਕ ਕਦਰਾਂ ਨਾਲ ਜੁੜੀ ਹੋਈ ਹੈ। ਸਦੀਆਂ ਤੋਂ ਪੰਜਾਬੀ ਸਮਾਜ ਇਨ੍ਹਾਂ ਰਿਵਾਜਾਂ ਦੀ ਬਦੌਲਤ ਆਪਣੀ ਵਿਲੱਖਣ ਪਛਾਣ ਕਾਇਮ ਰੱਖਦਾ ਆਇਆ ਹੈ। ਪਰ ਅਫ਼ਸੋਸ ਕਿ ਆਧੁਨਿਕ ਦੌਰ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਟੈਕਨੋਲੋਜੀ ਦੇ ਵਧਦੇ ਪ੍ਰਭਾਵ ਤੇ ਪੱਛਮੀ ਸੱਭਿਆਚਾਰ ਦੀ ਯਲਗਾਰ ਨੇ ਸਾਡੇ ਸੱਭਿਆਚਾਰਕ ਵਿਰਸੇ ਨੂੰ ਗੰਭੀਰ ਖ਼ਤਰਿਆਂ ਨਾਲ ਦੋ-ਚਾਰ ਕਰ ਦਿੱਤਾ ਹੈ।

ਇੱਕ ਸਮਾਂ ਸੀ ਜਦੋਂ ਵਿਸਾਖੀ ਦੀਆਂ ਰੌਣਕਾਂ, ਲੋਹੜੀ ਦੇ ਅਲਾਵੇ, ਸਾਵਣ ਦੇ ਗੀਤ, ਜੱਗੋ, ਮਹਿੰਦੀ ਦੀਆਂ ਰਸਮਾਂ ਤੇ ਪਿੰਡ ਦੀਆਂ ਬੈਠਕਾਂ ਪੰਜਾਬੀ ਜੀਵਨ ਦਾ ਲਾਜ਼ਮੀ ਹਿੱਸਾ ਸਨ। ਖ਼ੁਸ਼ੀ ਤੇ ਗ਼ਮੀ ਦੇ ਮੌਕਿਆਂ ਉੱਤੇ ਸਾਰਾ ਪਿੰਡ ਇੱਕ ਪਰਿਵਾਰ ਵਾਂਗ ਇਕੱਠਾ ਹੋ ਜਾਂਦਾ ਸੀ। ਰਿਸ਼ਤਿਆਂ ਵਿਚ ਖ਼ਲੂਸ, ਪਿਆਰ ਤੇ ਆਪਣਾਪਣ ਦੀ ਖ਼ੁਸ਼ਬੂ ਮਹਿਸੂਸ ਹੁੰਦੀ ਸੀ। ਅੱਜ ਇਹ ਮੰਜ਼ਰ ਘੱਟ ਹੀ ਵੇਖਣ ਨੂੰ ਮਿਲਦੇ ਹਨ। ਆਧੁਨਿਕ ਰੁਝਾਨਾਂ ਨੇ ਇਨਸਾਨ ਨੂੰ ਆਪਣੇ ਹੀ ਸਮਾਜ ਤੋਂ ਦੂਰ ਕਰ ਦਿੱਤਾ ਹੈ।

ਪੰਜਾਬੀ ਰੀਤਾਂ ਰਸਮਾਂ ਦੇ ਖ਼ਤਮ ਹੋਣ ਦਾ ਸਭ ਤੋਂ ਵੱਡਾ ਨੁਕਸਾਨ ਸਾਡੀ ਸੱਭਿਆਚਾਰਕ ਪਛਾਣ ਨੂੰ ਪਹੁੰਚ ਰਿਹਾ ਹੈ। ਨਵੀਂ ਪੀੜ੍ਹੀ ਜੇ ਆਪਣੀ ਭਾਸ਼ਾ, ਰਸਮੋ-ਰਿਵਾਜ ਤੇ ਤਹਿਜ਼ੀਬ ਤੋਂ ਦੂਰ ਹੋ ਜਾਵੇ ਤਾਂ ਉਹ ਆਪਣੀਆਂ ਜੜ੍ਹਾਂ ਨਾਲੋਂ ਵੀ ਟੁੱਟ ਜਾਂਦੀ ਹੈ। ਜਦੋਂ ਕੋਈ ਕੌਮ ਆਪਣੀ ਪਛਾਣ ਭੁੱਲ ਜਾਂਦੀ ਹੈ ਤਾਂ ਉਹਦੀ ਤਹਿਜ਼ੀਬੀ ਤਾਕਤ ਕਮਜ਼ੋਰ ਹੋ ਜਾਂਦੀ ਹੈ। ਵਿਸਾਖੀ ਤੇ ਲੋਹੜੀ ਸਿਰਫ਼ ਤਿਉਹਾਰ ਨਹੀਂ, ਸਗੋਂ ਸਮੂਹਕ ਚੇਤਨਾ, ਖ਼ੁਸ਼ੀ ਤੇ ਏਕਤਾ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਦੀ ਅਹਿਮੀਅਤ ਘਟਣ ਨਾਲ ਸਮਾਜਿਕ ਸਾਂਝ ਵੀ ਪ੍ਰਭਾਵਿਤ ਹੋ ਰਹੀ ਹੈ।

ਇਸ ਤਬਦੀਲੀ ਦਾ ਇੱਕ ਅਸਰ ਪਰਿਵਾਰਕ ਪ੍ਰਣਾਲੀ ਉੱਤੇ ਵੀ ਨਜ਼ਰ ਆ ਰਿਹਾ ਹੈ। ਮਾਜ਼ੀ ਵਿਚ ਵਿਆਹ, ਅਕੀਕਾ, ਸੁੰਨਤ ਜਾਂ ਹੋਰ ਸਮਾਗਮ ਸਿਰਫ਼ ਇੱਕ ਪਰਿਵਾਰ ਦੀ ਨਹੀਂ ਸਗੋਂ ਸਾਰੇ ਇਲਾਕੇ ਦੀ ਖ਼ੁਸ਼ੀ ਹੁੰਦੇ ਸਨ। ਵੱਡਿਆਂ ਦੀ ਰਾਏ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ ਤੇ ਨੌਜਵਾਨ ਉਨ੍ਹਾਂ ਤੋਂ ਸਿੱਖਦੇ ਸਨ। ਅੱਜ ਵਿਖਾਵੇ, ਮੁਕਾਬਲੇਬਾਜ਼ੀ ਤੇ ਸੀਮਤ ਮੇਲ-ਜੋਲ ਨੇ ਉਹ ਮਾਹੌਲ ਲਗਭਗ ਖ਼ਤਮ ਕਰ ਦਿੱਤਾ ਹੈ। ਨਤੀਜੇ ਵਜੋਂ ਰਿਸ਼ਤਿਆਂ ਦੀ ਮਜ਼ਬੂਤੀ ਤੇ ਪਰਿਵਾਰਕ ਏਕਤਾ ਪ੍ਰਭਾਵਿਤ ਹੋ ਰਹੀ ਹੈ।

ਸਾਡਾ ਸਾਹਿਤਕ ਤੇ ਲੋਕ ਵਿਰਸਾ ਵੀ ਇਸ ਤਬਦੀਲੀ ਦਾ ਸ਼ਿਕਾਰ ਹੈ। ਪੰਜਾਬੀ ਕਵਿਤਾ, ਲੋਕ ਗੀਤ ਤੇ ਦਾਸਤਾਨਾਂ ਇਨ੍ਹਾਂ ਰਿਵਾਜਾਂ ਨਾਲ ਜੁੜੀਆਂ ਹੋਈਆਂ ਹਨ। ਵਾਰਸ ਦੀ 'ਹੀਰ' ਤੋਂ ਲੈ ਕੇ ਦੀ ਕਵਿਤਾ ਤੱਕ ਪੰਜਾਬੀ ਸਮਾਜ ਦੀਆਂ



ਰੀਤਾਂ, ਰਿਵਾਜਾਂ ਤੇ ਮਨੁੱਖੀ ਕਦਰਾਂ ਦਾ ਅਕਸ ਮਿਲਦਾ ਹੈ। ਜੇ ਇਹ ਰਸਮੋ-ਰਿਵਾਜ ਅਮਲੀ ਜ਼ਿੰਦਗੀ ਤੋਂ ਖ਼ਤਮ ਹੋ ਗਏ ਤਾਂ ਸਾਡਾ ਲੋਕ ਸਾਹਿਤ ਸਿਰਫ਼ ਕਿਤਾਬਾਂ ਦੇ ਸਫ਼ਿਆਂ ਤੱਕ ਸੀਮਤ ਹੋ ਕੇ ਰਹਿ ਜਾਵੇਗਾ।

ਇਸ ਦੇ ਨਾਲ ਨਾਲ ਨੈਤਿਕ ਕਦਰਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਪੁਰਾਣੀ ਪੰਜਾਬੀ ਰਿਵਾਇਤ ਵਿਚ ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ, ਮਹਿਮਾਨਨਵਾਜ਼ੀ, ਭਾਈਚਾਰਾ ਤੇ ਸਮੂਹਕ ਜ਼ਿੰਮੇਵਾਰੀ ਪ੍ਰਮੁੱਖ ਗੁਣ ਸਨ। ਜਦੋਂ ਇਹ ਰਿਵਾਜ ਕਮਜ਼ੋਰ ਹੁੰਦੇ ਹਨ ਤਾਂ ਸਮਾਜ ਵਿਚ ਖ਼ੁਦਗਰਜ਼ੀ, ਇਕੱਲਾਪਣ ਤੇ ਪਦਾਰਥਵਾਦ ਦਾ ਰੁਝਾਨ ਵਧ ਜਾਂਦਾ ਹੈ, ਜੋ ਸਮਾਜਿਕ ਸੰਤੁਲਨ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਆਧੁਨਿਕਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਆਪਣੀਆਂ ਸੱਭਿਆਚਾਰਕ ਬੁਨਿਆਦਾਂ ਨੂੰ ਨਾ ਭੁੱਲੀਏ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ। ਘਰਾਂ ਵਿਚ ਪੰਜਾਬੀ ਬੋਲੀ ਨੂੰ ਸਨਮਾਨ ਦਿੱਤਾ ਜਾਵੇ ਤੇ ਬੱਚਿਆਂ ਨੂੰ ਆਪਣੇ ਇਤਿਹਾਸ ਤੇ ਲੋਕ ਵਿਰਸੇ ਨਾਲ ਜਾਣੂ ਕਰਵਾਇਆ ਜਾਵੇ। ਮੀਡੀਆ ਵੀ ਪੰਜਾਬੀ ਤਹਿਜ਼ੀਬ ਦੇ ਪ੍ਰਚਾਰ ਵਿਚ ਸਕਾਰਾਤਮਕ ਭੂਮਿਕਾ ਨਿਭਾ ਸਕਦਾ ਹੈ।

ਸਰਕਾਰ, ਸਾਹਿਤਕ ਸੰਸਥਾਵਾਂ ਤੇ ਸਮਾਜਿਕ ਸੰਗਠਨ ਲੋਕ ਮੇਲੇ, ਸੱਭਿਆਚਾਰਕ ਕਾਨਫਰੰਸਾਂ ਤੇ ਵਿਰਸਾ ਪ੍ਰੋਗਰਾਮ ਨਿਯਮਿਤ ਤੌਰ ਉੱਤੇ ਕਰਵਾਉਣ ਤਾਂ ਜੋ ਨੌਜਵਾਨ ਪੀੜ੍ਹੀ ਆਪਣੀਆਂ ਤਹਿਜ਼ੀਬੀ ਜੜ੍ਹਾਂ ਨਾਲ ਜੁੜੀ ਰਹੇ। ਲੋਹੜੀ, ਵਿਸਾਖੀ ਤੇ ਹੋਰ ਰਵਾਇਤੀ ਤਿਉਹਾਰਾਂ ਨੂੰ ਸਾਦਗੀ ਪਰ ਖ਼ਲੂਸ ਨਾਲ ਮਨਾਉਣਾ ਵੀ ਸਮੇਂ ਦੀ ਵੱਡੀ ਲੋੜ ਹੈ।

ਅਖ਼ੀਰ ਵਿਚ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਿਹੜੀ ਕੌਮ ਆਪਣੀ ਸੱਭਿਆਚਾਰ ਨੂੰ ਭੁੱਲ ਜਾਂਦੀ ਹੈ, ਉਹ ਆਪਣੀ ਪਛਾਣ ਵੀ ਗਵਾ ਬੈਠਦੀ ਹੈ। ਪੰਜਾਬੀ ਰੀਤਾਂ ਰਸਮਾਂ ਸਾਡੀਆਂ ਤਹਿਜ਼ੀਬੀ ਜੜ੍ਹਾਂ ਹਨ। ਇਨ੍ਹਾਂ ਦੀ ਰੱਖਿਆ ਸਿਰਫ਼ ਮਾਜ਼ੀ ਨੂੰ ਸੰਭਾਲਣਾ ਨਹੀਂ, ਸਗੋਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਇੱਕ ਮਜ਼ਬੂਤ ਸੱਭਿਆਚਾਰਕ ਪਛਾਣ ਦੇਣਾ ਵੀ ਹੈ। ਜੇ ਅਸੀਂ ਅੱਜ ਸੁਚੇਤ ਕੋਸ਼ਿਸ਼ ਨਾ ਕੀਤੀ ਤਾਂ ਕੱਲ੍ਹ ਸਾਡੀਆਂ ਰਿਵਾਇਤਾਂ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਵਿਚ ਹੀ ਬਾਕੀ ਰਹਿ ਜਾਣਗੀਆਂ।

# ਮੁੱਲਵਾਨ ਗੀਤਾਂ ਦਾ ਸਿਰਜਕ ਜਸਬੀਰ ਗੁਣਾਚੌਰੀਆ



ਜਸਬੀਰ ਗੁਣਾਚੌਰੀਆ 'ਆਪਣੀਆਂ ਕਲਮ ਸਿਰਜਣਾਵਾਂ ਸਦਕਾ ਤਿੰਨ ਦਹਾਕਿਆਂ ਤੋਂ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲਿਆਂ ਦੇ ਜ਼ਿਹਨ ਵਿਚ ਵਸਿਆ ਹੋਇਆ ਨਾਂ ਹੈ। ਉਸ ਦਾ ਜ਼ਿਕਰ ਮਨਮੋਹਨ ਵਾਰਿਸ ਦਾ ਦੂਜਾ ਨਾਂ ਬਣ ਚੁੱਕੇ ਗੀਤ 'ਕੱਲੀ ਬਹਿ ਕੇ ਸੋਚੀਂ ਨੀਂ'

**ਅਜੀਤਪਾਲ ਜੀਤੀ**

ਅਤੇ ਸਰਦੂਲ ਸਿਕੰਦਰ ਦੇ ਗੀਤ 'ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ ਤੋਂ ਸ਼ੁਰੂ ਕਰਨਾ ਬਣਦਾ ਹੈ। ਇਹ ਦੋ ਗੀਤ ਅਜਿਹੇ ਹਨ, ਜਿਨ੍ਹਾਂ ਦੀ ਹਰਮਨਪਿਆਰਤਾ ਕਿਸੇ ਤੋਂ ਗੁੱਝੀ ਨਹੀਂ ਹੈ। ਜਿਥੇ ਮਨਮੋਹਨ ਵਾਰਿਸ ਦੀ ਕੋਈ ਵੀ ਸਟੇਜ 'ਕੱਲੀ ਬਹਿ ਕੇ – ਤੋਂ ਬਿਨਾਂ ਸੰਪੂਰਨ ਨਹੀਂ



ਹੁੰਦੀ, ਉਥੇ ਸਰਦੂਲ ਸਿਕੰਦਰ ਦਾ ਤਾਂ ਸਿਰਨਾਵਾਂ ਹੀ ਬਣਿਆ ਰਿਹਾ ਹੈ 'ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ' ਹੈ। ਕਮਾਲ ਦੀ ਗੱਲ ਇਹ ਹੈ ਕਿ ਇਹ ਗੀਤ ਬਜ਼ੁਰਗਾਂ, ਅੱਧਖੜ੍ਹਾਂ ਅਤੇ ਨਵੀਂ ਪੀੜ੍ਹੀ ਵਿਚ ਬਰਾਬਰ ਹਰਮਨਪਿਆਰੇ ਚੱਲੇ ਆ ਰਹੇ ਹਨ। ਜੇਕਰ ਇਹ ਆਖ ਦੇਈਏ ਕਿ ਇਹ ਗੀਤ ਲੋਕ ਗੀਤ ਬਣਨ ਦੇ ਨੇੜੇ ਪੁੱਜ ਗਏ ਹਨ ਤਾਂ ਵੀ ਅੱਤਕਥਨੀ ਨਹੀਂ ਹੋਵੇਗੀ।

## ਸੁਲਝਿਆ ਹੋਇਆ ਗੀਤਕਾਰ

ਜਸਬੀਰ ਦੀ ਸੋਚ ਐਨੀ ਕੁ ਪਰਪੱਕ ਹੈ ਕਿ ਉਸ ਦੇ ਇਕ ਵੀ ਸ਼ਬਦ 'ਤੇ ਉਂਗਲ ਨਹੀਂ ਰੱਖੀ ਜਾ ਸਕਦੀ। ਜਸਵੀਰ ਦੇ ਸੁਲਝਿਆ ਹੋਇਆ ਗੀਤਕਾਰ ਹੋਣ ਪਿੱਛੇ ਬੰਗਾ ਨੇੜੇ ਵਸਦੇ ਪਿੰਡ ਗੁਣਾਚੌਰ ਦੀ ਮਿੱਟੀ ਦੀ ਮਹਿਕ ਵੀ ਹੈ, ਜਿਥੇ ਢਾਡੀ ਦੀਦਾਰ ਸਿੰਘ ਰਟੈਂਡਾ ਵਰਗਿਆਂ ਦਾ ਜੀਵਨ ਲੰਘਿਆ ਹੈ। ਜਸਬੀਰ ਦੀ ਖ਼ਾਸੀਅਤ ਹੈ ਕਿ ਉਹ ਹਰ ਤਰ੍ਹਾਂ ਦੇ ਗੀਤਾਂ ਦਾ ਨਿਭਾਅ ਬੜੇ ਪੁਖਤਾਪਣ ਨਾਲ-ਕਰਦਾ ਹੈ। ਉਸ ਦੇ ਗੀਤਾਂ ਦੇ ਮੁੱਖੜੇ ਆਮ ਤੌਰ 'ਤੇ ਮੂੰਹ 'ਤੇ ਚੜ੍ਹਨ ਵਾਲੇ ਹੁੰਦੇ ਹਨ ਪਰ ਕਈ ਵਾਰ ਸਾਹਿਤਕ ਭਾਸ਼ਾ ਦੀਆਂ ਛੋਹਾਂ ਇਨ੍ਹਾਂ ਦਾ ਰੂਪ ਹੋਰ ਵੀ ਨਿਖ਼ਾਰ ਦਿੰਦੀਆਂ ਹਨ।



## ਪਹਿਲਾ ਗੀਤ 'ਪੱਟ ਤੇ ਸ਼ੌਕੀਨ ਗੱਭਰੂ'

ਜਸਬੀਰ ਬੇਸ਼ੱਕ ਵਪਾਰਕ 'ਗੀਤਕਾਰ ਵੀ ਰਿਹਾ ਹੈ ਪਰ ਨਾਲ ਦੀ ਨਾਲ ਉਹ ਸਮੇਂ ਦੀਆਂ ਚੁਣੌਤੀਆਂ' ਨੂੰ ਵੀ ਗੀਤਾਂ ਦਾ ਵਿਸ਼ਾ ਬਣਾਉਂਦਾ ਰਹਿੰਦਾ ਹੈ। ਉਸ ਦਾ ਸਭ ਤੋਂ ਪਹਿਲਾ ਗੀਤ ਕੁਲਬੀਰ ਚੰਡੀਗੜ੍ਹੀਏ ਦੀ -ਆਵਾਜ਼ ਵਿਚ ਰਿਕਾਰਡ ਹੋਇਆ 'ਪੱਟ ਤੇ ਸ਼ੌਕੀਨ ਗੱਭਰੂ'। ਇਸ ਤੋਂ ਬਾਅਦ ਸੁਖਵਿੰਦਰ ਪੰਛੀ ਨੇਕਈ ਗੀਤ ਗਾਏ। 1991 ਵਿਚ ਜਦੋਂ ਸਰਦੂਲ ਸਿਕੰਦਰ ਦਾ ਗੀਤ 'ਟਿਕਟ ਕਰਾ ਲਈ ਚੋਰੀ-ਚੋਰੀ ਤੂੰ ਤੁਰ ਗਈ ਜਹਾਜ਼ ਚੜ੍ਹ ਕੇ ਰਿਲੀਜ਼ ਹੋਇਆ ਤਾਂ ਚਾਰੇ ਪਾਸੇ ਜਸਬੀਰ ਦੇ ਚਰਚੇ ਹੋ ਗਏ। ਫੇਰ ਕਹਿੰਦੇ ਕਹਾਉਂਦੇ ਕਲਾਕਾਰ ਜਸਬੀਰ ਦੀ ਗੀਤਾਂ ਲਈ ਗੇੜੇ ਲਗਾਉਣ ਲੱਗ ਪਏ।

## ਸਾਧਾਰਨ ਹੈ ਗੀਤਾਂ ਦੀ ਭਾਸ਼ਾ ਤੇ ਸ਼ੈਲੀ

ਬਾਬੂ ਸਿੰਘ ਮਾਨ ਤੇ ਦੀਦਾਰ ਸੰਧੂ ਦਾ ਅਸਰ ਜਸਬੀਰ ਦੀਆਂ ਲਿਖਤਾਂ ਵਿੱਚੋਂ ਸਾਫ਼ ਨਜ਼ਰ ਆਉਂਦਾ ਹੈ। ਉਸ ਦੇ ਗੀਤ ਦੇ ਹਰ ਅੰਤਰੇ ਵਿਚ ਨਿਭਾਅ ਬਰਾਬਰ ਦਰਜੇ ਦਾ ਬਰਕਰਾਰ ਰਹਿੰਦਾ ਹੈ। ਕਈ ਵਾਰ ਲੱਗਦਾ ਹੈ ਕਿ ਜਸਬੀਰ ਦਾ ਤੀਜਾ ਨੇਤਰ ਅਕਸਰ ਹੀ ਖੁੱਲ੍ਹਾ ਰਹਿੰਦਾ ਹੈ ਕਿਉਂਕਿ ਉਹ ਬਹੁਤ ਸਾਰੇ ਅਜਿਹੇ ਹਾਲਾਤ ਨੂੰ ਵਿਸ਼ਾ ਬਣਾ ਲੈਂਦਾ ਹੈ, ਜਿਨ੍ਹਾਂ ਵੱਲ ਕਿਸੇ ਸ਼ਾਇਰ ਦੀ ਨਜ਼ਰ ਹੀ ਨਹੀਂ ਗਈ ਹੁੰਦੀ। ਦੋਆਬੀਆਂ ਹੋਣ। ਕਰ ਕੇ ਜਸਬੀਰ ਦੀ ਸ਼ੈਲੀ ਤੇ ਭਾਸ਼ਾ ਠੇਠ ਨਹੀਂ ਹੈ ਪਰ ਫਿਰ ਵੀ ਸਾਧਾਰਨ ਤੋਂ ਸਾਧਾਰਨ ਲੋਕ ਉਸ ਦੇ ਪ੍ਰਸ਼ੰਸਕ ਹਨ।

## ਸੁੱਤੇ-ਸਿੱਧ ਲਿਖ ਦਿੰਦਾ ਹੈ ਗੀਤ

ਚੇਤੇ ਰਹੇ ਕਿ ਜਸਬੀਰ ਦੇ ਬਹੁਤੇ ਗੀਤ ਉੱਘੇ ਪੇਸ਼ਕਾਰ ਤੇ ਗੀਤਕਾਰ, ਸ਼ਮਸ਼ੇਰ ਸੰਧੂ ਦੀ ਬਦੌਲਤ ਹੀ ਸੁਰਜੀਤ ਬਿੰਦਰਖੀਆ ਦੀ ਆਵਾਜ਼ ਵਿਚ ਪੌਣਾਂ ਦੇ ਘਨੇੜੇ ਚੜ੍ਹੇ ਸਨ। ਜਸਬੀਰ ਨੇ ਕਦੇ ਸੋਚ-ਸਮਝ ਕੇ ਇਕ ਸਤਰ ਨਹੀਂ ਲਿਖੀ ਸਗੋਂ ਸੁੱਤੇ-ਸਿੱਧ ਹੀ ਉਹ ਗੀਤ ਲਿਖਦਾ ਰਹਿੰਦਾ ਹੈ। ਦਹਾਕਿਆਂਬੱਧੀ ਤੋਂ ਕੈਨੇਡਾ ਰਹਿਣ ਦੇ ਬਾਵਜੂਦ ਉਹ 'ਲਗਪਗ ਹਰੇਕ ਸਾਲ ਪੰਜਾਬ ਦਾ ਗੇੜਾ ਲਗਾਉਂਦਾ ਹੈ। ਇਸ ਦੌਰਾਨ ਉਹ ਇਥੋਂ ਦੀ ਬਦਲ ਰਹੀ ਜੀਵਨਸ਼ੈਲੀ ਤੇ ਹਾਲਾਤ ਨੂੰ ਅਛੋਪਲੇ ਜਿਹੇ ਜਜ਼ਬ ਕਰ ਜਾਂਦਾ ਹੈ, ਜਿਸ ਕਾਰਨ ਉਸ ਦੇ ਗੀਤ 'ਅੱਪ ਟੂ ਡੇਟ' ਰਹਿੰਦੇ ਹਨ।

## ਵਾਰਿਸ ਭਰਾਵਾਂ ਨਾਲ ਬੇਹੱਦ ਪੀਡਾ ਰਿਸ਼ਤਾ

ਜਸਬੀਰ ਨਵੀਂ ਪੀੜ੍ਹੀ ਦੇ ਕੁਰਾਹੇ ਪੈਣ . ਤੋਂ ਡਾਢਾ ਚਿੰਤਤ ਹੈ, ਜਿਸ ਦੇ ਹੱਲ ਲਈ ਉਹ 'ਜਵਾਨੀਆਂ ਸੰਭਾਲੋਂ ਵਰਗੇ ਗੀਤ ਲਿਖਦਾ ਹੈ। ਅੱਜ ਦੀ ਗੀਤਕਾਰੀ ਤੇ. ਗਾਇਕੀ ਉਸ ਨੂੰ ਉਦਾਸ ਕਰ ਦਿੰਦੀ ਹੈ ਪਰ ਉਸ ਨੇ ਉਮੀਦ ਕਦੇ ਨਹੀਂ ਛੱਡੀ।

ਵਾਰਿਸ ਭਰਾਵਾਂ ਨਾਲ ਬੇਹੱਦ ਪੀਡਾ ਰਿਸ਼ਤਾ ਹੋਣ ਕਾਰਨ ਜਸਬੀਰ ਵਿਚ ਸਾਕਾਰਾਤਮਕਤਾ ਬਹੁਤ ਜ਼ਿਆਦਾ ਹੈ। ਉਹ ਮਾੜੀਆਂ ਗੱਲਾਂ ਵਿੱਚੋਂ ਵੀ ਚੰਗੇ ਅੰਸ਼ ਲੱਭ ਕੇ ਅੱਗੇ ਤੁਰ ਪੈਂਦਾ ਹੈ। .ਉਸ ਦੇ ਗੀਤਾਂ ਦਾ ਅੰਤ ਵੀ ਉਸ ਦੇ ਸੁਭਾਅ ਮੁਤਾਬਕ ਸੁਖਾਂਤਕ ਹੁੰਦਾ ਹੈ। ਜੇਕਰ ਮੁਹੱਬਤ ਦੇ ਗੀਤ ਉਸ ਨੇ ਲਿਖੇ ਹਨ, ਤਾਂ ਅਖ਼ਰੀਲੇ ਅੰਤਰੇ ਵਿਚ ਉਹ ਪਿਆਰ ਨੂੰ ਕੋਈ ਸਾਰਥਕ ਦਿਸ਼ਾ ਦਿੰਦਾ ਪ੍ਰਤੀਤ ਹੁੰਦਾ ਹੈ। 'ਤਾਅਨਿਆਂ' ਵਰਗੇ ਗੀਤਾਂ ਵਿਚ ਵੀ ਉਹ ਛੱਡ ਜਾਣ ਵਾਲੇ ਦੇ ਸੱਜਰੇ ਸੁਰਖ ਸਵੇਰਿਆਂ ਦੀ ਦੁਆ ਕਰਦਾ

**ਕਲਾ ਪਰਿਕਰਮਾ**

ਹੈ। ਰੁਮਾਂਟਿਕ ਗੀਤਾਂ ਵਿਚ ਉਹ ਹਮੇਸ਼ਾ ਮਰਿਆਦਾ ਨੂੰ ਬਰਕਰਾਰ ਰੱਖਦਾ ਹੈ। ਨਾਜ਼ੁਕ ਤੋਂ ਨਾਜ਼ੁਕ ਸਥਿਤੀ ਦਾ ਵਰਨਣ ਵੀ ਉਹ ਹਮੇਸ਼ਾ ਸਹਿਜ ਨਾਲ ਹੀ ਕਰਦਾ ਹੈ। ਆਪਣੇ ਆਪ



ਬਾਰੇ ਉਸ ਨੇ ਕਦੇ ਕੋਈ ਭੁਲੇਖਾ ਨਹੀਂ ਪਾਲਿਆ ਸਗੋਂ ਉਹ ਆਖਦਾ ਹੈ ਕਿ ਸਾਰੇ ਗੀਤਕਾਰ ਹੀ ਮੇਰੇ ਤੋਂ ਵਧੀਆ ਲਿਖਦੇ ਹਨ। ਜਸਬੀਰ ਨੂੰ ਲੱਗਦਾ ਹੈ। ਕਿ ਪੰਜਾਬੀ ਗੀਤਕਾਰੀ ਵਿਚ ਹਾਲੇ ਇਕ ਹੋਰ ਪਾਰੀ ਖੇਡਣ ਦੀ ਸਮਰੱਥਾ ਉਸ ਦੇ ਅੰਦਰ ਹੈ। ਉਹ ਪੰਜਾਬ ਦੇ ਸੁਰੀਲੇ ਫ਼ਨਕਾਰਾਂ ਦੀਆਂ ਸਾਂਝੀਆਂ, ਐਲਬਮਜ਼ ਅਕਸਰ ਰਿਕਾਰਡ ਕਰਦਾ ਰਹਿੰਦਾ ਹੈ ਅਤੇ 'ਕੱਲੀ ਬਹਿ ਕੇ ਸੋਚੀਂ ਨੀਂ' ਵੀ ਉਸ ਦੀ ਅਜਿਹੀ ਐਲਬਮ ਦਾ ਹੀ ਟਾਈਟਲ ਗੀਤ ਸੀ। 'ਸ਼ਹੀਦ ਊਧਮ ਸਿੰਘ', 'ਜ਼ਿੱਦ ਜੱਟਾਂ ਦੀ ਤੇ 'ਸੁੱਖਾ' ਵਰਗੀਆਂ ਪੰਜਾਬੀ ਫਿਲਮਾਂ ਦੇ ਗੀਤ ਲਿਖਣ ਦਾ ਮਾਣ ਵੀ ਜਸਬੀਰ ਨੂੰ ਹਾਸਲ ਹੈ। 'ਵੱਡਾ ਘਰ' ਫਿਲਮ ਕੁਝ ਅਰਸਾ ਪਹਿਲਾਂ ਉਸ ਨੇ ਸ਼ਿੱਦਤ ਨਾਲ ਨੇਪਰੇ ਚਾੜ੍ਹੀ ਸੀ। ਜੇਕਰ ਇਮਾਨਦਾਰੀ ਨਾਲ ਜਸਬੀਰ ਦੀ ਕਲਮ ਦੀ ਮੁਲਾਂਕਣ ਕਰਨ ਹੋਵੇ ਤਾਂ ਇੰਜ ਜਾਪਦਾ ਹੈ, ਜਿਵੇਂ ਉਸ ਦੇ ਗੀਤ ਸੁਰੀਲੇ ਕਲਾਕਾਰਾਂ ਲਈ ਹੀ ਬਣੇ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੁਲਾਈ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-749



*ਧੀਆਂ ਜਾਣੋ ਪੁੱਤਰਾਂ ਬਰਾਬਰ, ਖੇਡਣ ਵਿਚ ਖੁੱਲ੍ਹੇ ਮੈਦਾਨਾਂ,*
*ਹੱਸਣ ਟੱਪਣ ਨੱਚਣ ਗਾਵਣ, ਸ਼ਾਲਾ! ਭਰ ਹੋਣ ਜਵਾਨਾਂ।*
*ਮਾਪਿਆਂ ਦਾ ਨਾਂ ਚਮਕਾਵਣ, ਬਣ ਚੰਡੀ ਲੜਨ ਸ਼ੈਤਾਨਾਂ,*
*ਵਿਚ ਅਕਾਸ਼ ਉਡਾਰੀ ਲਾ ਕੇ, ਬਣਨ ਪੁਲਾੜ ਮਹਿਮਾਨਾਂ।*

## ਕੈਪਸ਼ਨ ਮੁਕਾਬਲਾ-747



ਵੇਖੋ ਕਿੱਦਾਂ ਦੂਹਰਾ ਹੋ ਕੇ,
ਝੋਨੇ ਦੀ ਪੌਧ ਲਗਾਉਂਦਾ।
ਆਪ ਵੀ ਕਰੇ ਪਰਵਾਸੀ ਹਥੋਂ,
ਨੇਪਰੇ ਕੰਮ ਚੜ੍ਹਾਉਂਦਾ।
ਨਾ ਉੱਤੋਂ ਜੇ ਵਰਸੇ ਪਾਣੀ,
ਕੱਢ ਧਰਤੀ ਥੱਲੋਂ ਲਿਆਉਂਦਾ।
ਪੰਜਾਬ ਨਾ ਖਾਵੇ ਚੌਲ ਉਗਾਵੇ,
ਭਾਰਤ ਦੀ ਝੋਲੀ ਪਾਉਂਦਾ।
ਧਾਨ ਦੀ ਖੇਤੀ ਜੋਕ ਨਿਆਈਂ,
ਹੋਏ ਜੰਗਲ ਬੇਲੇ ਰੁੱਖੇ।
ਪਾਣੀ ਜਿੰਦ-ਜਾਨ ਪੰਜਾਬ ਦੀ,
ਬਿਨ ਪਾਣੀ ਓਹ ਸੁੱਕੇ।
ਹਾੜਾ! ਹੋਸ਼ ਕਰੋ ਪੰਜਾਬੀਓ!
ਨਿੱਤ ਬਾਰ-ਬਾਰ ਉਹ ਕੂਕੇ।
ਛੱਡੋ ਚਲਦਾ ਫ਼ਸਲੀ ਚੱਕਰ,
ਮਤਾਂ ਪਾਣੀ ਆਪਣਾ ਮੁੱਕੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਯੂਪੀ ਬਿਹਾਰੀ ਭਈਆਂ ਦੀ,
ਪਹਿਲੀ ਪਸੰਦ ਹੈ ਪੰਜਾਬ।
ਕਿਰਤੀਆਂ ਮੇਲ-ਜੋਲ ਬਣਾ ਰੱਖਿਆ ਹੈ,
ਖਾਣ-ਪੀਣ ਨੂੰ ਖੁੱਲ੍ਹਾ ਮਿਲਦਾ,
ਨਾਲੇ ਦਿਹਾੜੀ ਦਾ ਹਿਸਾਬ।
ਜੀ ਆਇਆਂ ਨੂੰ ਕਹਿੰਦੇ ਨੇ,
ਸਾਡੇ ਧੰਨਭਾਗ।
ਕਿਰਤੀ ਹੱਥਾਂ ਦੀ,
ਬਹੁਤ ਕਦਰ ਕਰਦੇ ਨੇ।
ਅਸੀਂ ਉਨ੍ਹਾਂ ਉੱਤੇ,
ਉਹ ਸਾਡੇ ਲਈ ਬਹੁਤ ਮਰਦੇ ਨੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਮਾਰੇ ਭੁੱਖਾਂ ਦੁੱਖਾਂ ਦੇ ਬਿਚਾਰੇ,
ਪੰਜਾਬ ਪੂਰਬੀਏ ਨੇ ਆਉਂਦੇ,
ਸੜਦੀ ਧੁੱਪੇ ਖੁਦ ਕੋਡੇ ਹੋ ਕੇ,
ਝੋਨੇ ਦੀਆਂ ਪੱਛੀਆਂ ਲਾਉਂਦੇ।
ਕਰਨ ਕਮਾਈਆਂ ਔਖੇ ਹੁੰਦੇ,
ਪਰਿਵਾਰ ਮੂੰਹ ਚੋਗੇ ਪਾਉਂਦੇ,
ਮਹਿੰਗਾਈ ਨੇ ਲੱਕ ਤੋੜਿਆ,
ਇੰਝ ਮਾੜੇ ਵਕਤ ਲੰਘਾਉਂਦੇ।
***-ਸੇਵਾ ਸਿੰਘ "ਨੂਰਪੁਰੀ "***

---

ਜਿਸ ਤਨ ਲਾਗੈ ਸੋਈ ਜਾਣੈ
ਖਾਣਾ ਸੁਖਾਲਾ ਤਕਲੀਫ ਨਹੀਂ ਭਾਂਪਦਾ
ਮਿਲ ਜਾਂਦਾ ਜਦੋਂ ਥਾਲੀ 'ਚ ਪਰੋਸਿਆ
ਕੀ ਜਾਣੇ ਕਾਸ਼ਤ ਕਿਵੇਂ ਵਧੀ ਫੁੱਲੀ
ਵੇਲੇ 'ਤੇ ਕਾਮਾ ਨਹੀਂ ਲਭਦਾ।
ਕੋਈ ਪੰਜਾਬੀ ਹੀ ਖੁਦ ਹੋਊ ਲਾਉਂਦਾ
ਬਿਹਾਰ ਯੂਪੀ ਜਾ ਕੇ ਜਿਸ ਨੂੰ ਜਾਣਦੇ
ਕੰਮ ਧੰਦਾ ਉਹਨੂੰ ਸੌਂਪਿਆ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

**************************************

# ਟੁੱਟ ਪਓ ਖੁਰਲੀਆਂ 'ਤੇ

## ਵਿਅੰਗ

***ਅਸੀਂ ਜਦ ਕਿਸੇ ਸ਼ਾਦੀ 'ਤੇ ਜਾਈਏ ਤਾਂ 3 ਲਿਫਾਫੇ ਲੈ ਕੇ ਜਾਂਦੇ ਹਾਂ। ਜੇ ਤਾਂ ਖਾਣਾ ਸਿਰਫ ਸ਼ਾਕਾਹਾਰੀ ਹੋਵੇ ਤਾਂ ਨੰਬਰ 3 ਲਿਫਾਫਾ ਸ਼ਗਨ ਵਜੋਂ ਦਈਦੈ। ਇਸ ਵਿਚ ਸਭ ਤੋਂ ਘਟ ਰੁਪਏ ਹੁੰਦੇ ਹਨ! ਜੇ ਖਾਣਾ ਮਾਸਾਹਾਰੀ ਹੈ ਪਰ ਨਾਲ ਲਾਲਪਰੀ ਨਹੀਂ ਤਾਂ 2 ਨੰਬਰ ਦਾ ਲਿਫਾਫਾ ਪੇਸ਼ ਕਰੀਦੈ। ਇਸ ਵਿਚ 3 ਨੰਬਰ ਨਾਲੋਂ ਕੁਝ ਵਧ ਰੁਪਏ ਹੁੰਦੇ ਹਨ। ਪਰ ਜੇ ਮੁਰਗ-ਮੁਸੱਲਮ ਨਾਲ ਲਾਲਪਰੀ ਵੀ ਹੈ ਤਾਂ ਇਕ ਨੰਬਰ ਵਾਲਾ ਲਿਫਾਫਾ ਬੜੇ ਚੌੜੇ ਹੋ ਕੇ ਪਕੜਾਈਦੈ। ਇਸ ਵਿਚ ਬਨਦਾ-ਸਰਦਾ ਸ਼ਗਨ ਹੁੰਦੈ। ਵੈਸੇ ਇਕ ਚੌਥਾ ਲਿਫਾਫਾ ਵੀ ਰਖੀਦੈ, ਜੋ ਖਾਲੀ ਹੁੰਦੈ। ਪਰ ਅਜੇ ਅਸੀਂ ਐਨੇ ਕਮੀਨੇ ਵੀ ਨਹੀਂ ਹੋਏ ਕਿ ਚੌਥਾ ਲਿਫਾਫਾ ਹੀ ਦੇ ਦਈਏ ਅਤੇ ਅਗਲੇ ਦਾ ਮਾਲ ਖਾ-ਖਾ ਆਪਣੇ ਚਾਟੀ ਜਿਡੇ ਢਿੱਡ ਦਾ ਭਾਰ ਢੋਂਦੇ ਫਿਰੀਏ। ਆਖਿਰ ਸਾਡੀ ਵੀ ਕੋਈ ਇੱਜ਼ਤ ਹੈ!***

ਸਾਡੀ ਇਕ ਜਾਣਕਾਰ ਪ੍ਰਦੇਸਣ ਪੰਜਾਬਣ ਹੈ। ਉਹ ਜਦ ਕਦੀ ਵੀ ਐਧਰ ਕੋਈ ਵਿਆਹ-ਸ਼ਾਦੀ 'ਅਟੈਂਡ' ਕਰਨ ਆਉਂਦੀ ਹੈ ਤਾਂ ਇਕ ਬੜਾ ਸਖਤ ਗਿਲਾ ਕਰਦੀ ਹੈ। ਉਹ ਇਹ ਕਿ ਅਸੀਂ ਅਜਿਹੇ ਮੌਕੇ ਆਪਸ ਵਿਚ ਮਿਲਣ-ਗਿਲਣ ਅਤੇ ਗੱਲ-ਬਾਤ ਕਰਨ ਦੀ ਬਜਾਏ ਸਾਰਾ ਧਿਆਨ ਖਾਣਾ ਖਾਣ ਉਪਰ ਕੇਂਦਰਤ ਕਰਦੇ ਹਾਂ। ਉਪਚਾਰਕਤਾ ਵਸ ਓਪਰੀ-ਓਪਰੀ ਸਾਹਬ-ਸਲਾਮ ਉਪਰੰਤ ਸਿੱਧੇ ਖਾਣੇ ਦੇ ਸਟਾਲਾਂ ਉਪਰ ਧਾਵਾ ਬੋਲ ਦਿੰਦੇ ਹਾਂ। ਉਸ ਅਨੁਸਾਰ ਅਸੀਂ ਆਉਂਦੇ ਸਾਰ ਸ਼ਗਨ ਦਾ ਲਿਫਾਫਾ ਘਰ ਵਾਲਿਆਂ ਦੇ ਹੱਥ ਵਿਚ ਥਮਾ ਕੇ ਸਟਾਲਾਂ ਵਲ ਇਉਂ ਅਹੁਲਦੇ ਹਾਂ, ਜਿਵੇਂ ਰੱਸਾ ਖੋਲ੍ਹੇ ਜਾਣ 'ਤੇ ਮੱਝ ਦਾ ਕਟੜੂ ਆਪਣੀ ਮਾਂ ਵਲ ਦੁੱਧ ਲਈ ਭੱਜਦਾ ਹੈ! ਉਹ ਲਿਫਾਫੇ ਨੂੰ 'ਰਾਹਦਾਰੀ'



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਸਦਦੀ ਹੈ ਅਤੇ ਇਸ ਵਿਚਲੀ ਰਿਸ਼ਤੇ ਦੀ 'ਰੂਹਦਾਰੀ' ਨੂੰ ਗਾਇਬ ਹੋਇਆ ਸਮਝਦੀ ਹੈ। ਉਹ ਬੜੇ ਵਿਅੰਗਮਈ ਪਰ ਬੜਬੋਲੇ ਲਹਿਜ਼ੇ ਵਿਚ ਕਹੇਗੀ, 'ਰਾਹਦਾਰੀ ਤਾਂ ਹੋ ਗਈ, ਹੁਣ ਟੁੱਟ ਪਓ ਖੁਰਲੀਆਂ 'ਤੇ'!

ਉਸ ਦਾ ਲਹਿਜ਼ਾ ਬੇਸ਼ਕ ਚੁੱਭਵਾਂ ਲਗੇ ਪਰ ਗੱਲਾਂ ਉਹਦੀਆਂ ਸੱਚ ਹਨ। ਸੱਚ ਦਾ ਸੇਕ ਤਾਂ ਫਿਰ ਲਗਣਾ ਹੀ ਹੁੰਦੈ।

ਅਜੇ ਕੋਈ ਬਹੁਤਾ ਲੰਮਾ ਸਮਾਂ ਨਹੀਂ ਹੋਇਆ ਜਦ ਧੀ-ਧਿਆਣੀ ਦੀ ਸ਼ਾਦੀ ਦੇ ਕਾਰਜ ਵਿਚ ਸਾਰਾ ਪਿੰਡ ਹੀ ਸ਼ਾਮਿਲ ਹੁੰਦਾ ਸੀ; ਉਹ ਵੀ ਜਿਨ੍ਹਾਂ ਦੀ ਕਿਸੇ ਕਹਾ-ਸੁਣੀ ਕਾਰਨ ਅਣਬਣ ਹੁੰਦੀ ਸੀ। ਹਰ ਘਰੋਂ ਵਿਆਹ ਵਾਲੇ ਘਰ ਦੁੱਧ ਭੇਜਿਆ ਜਾਂਦਾ ਸੀ ਤਾਂ ਕਿ ਮਿਠਾ ਅਤੇ ਮਠਿਆਈ ਲਈ ਖੋਆ ਬਣਾਇਆ ਜਾ ਸਕੇ। ਆਂਢ-ਗੁਆਂਢ ਨੂੰ ਤਾਂ ਚੁੱਲ੍ਹੇ ਨੇਂਦ ਹੁੰਦੀ ਸੀ ਤੇ ਉਹ ਤਾਂ ਆਉਂਦੇ ਹੀ ਸਨ, ਹੋਰ ਵੀ 10-12 ਘਰਾਂ ਦੀਆਂ ਸੁਆਣੀਆਂ ਘਰ ਦਿਆਂ ਨਾਲ ਕੰਮ 'ਚ ਹੱਥ ਵਟਾਉਂਦੀਆਂ ਸਨ। ਧੀ ਪਿੰਡ ਦੀ ਧੀ ਸਮਝੀ ਜਾਂਦੀ ਸੀ (ਥੋੜੇ ਬਹੁਤੇ ਫਰਕ ਨਾਲ ਇਹ ਭਾਵਨਾ ਅਜੇ ਵੀ ਕਾਇਮ ਹੈ)।

ਬਰਾਤ ਲਈ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ ਸਨ। ਅਸੀਂ ਆਪ ਇਹ ਕੰਮ ਕਰਦੇ ਰਹੇ ਹਾਂ। ਮੇਰੀ ਮਾਂ ਤਾਂ ਬਿਸਤਰੇ ਦਾ ਇਕ ਨਵਾਂ ਸੈੱਟ ਵਖਰਾ ਹੀ ਰਖਦੀ ਸੀ ਜੋ ਘਰ ਨਹੀਂ ਸੀ ਵਰਤਿਆ ਜਾਂਦਾ। ਜਿਵੇਂ ਵਾਂਢੇ ਜਾਣ ਲਈ ਨਵੇਂ ਕਪੜੇ ਘਰ ਨਹੀਂ ਸਨ ਪਾਏ ਜਾਂਦੇ, ਉਵੇਂ ਹੀ ਬਰਾਤ ਵਾਲਾ ਬਿਸਤਰਾ ਬਰਾਤੀਆਂ ਲਈ ਹੀ ਰਖਿਆ ਜਾਂਦਾ ਸੀ। ਬਾਕੀ ਘਰ ਵੀ ਤਕਰੀਬਨ ਏਦਾਂ ਹੀ ਕਰਦੇ ਸਨ।

ਜਲੇਬੀਆਂ ਲਈ ਹਲਵਾਈ ਬਿਠਾਇਆ ਜਾਂਦਾ ਸੀ, ਲੱਡੂ ਆਦਿ ਸਭ ਆਪ ਹੀ ਵਟ ਲਈਦੇ ਸੀ। ਬਰਾਤ ਨੂੰ ਖਾਣਾ ਵੀ ਪਿੰਡ ਦੇ ਸੁਝਵਾਨ ਨੌਜਵਾਨ ਵਰਤਾਉਂਦੇ ਸਨ (ਮੈਂ ਵੀ ਇਹ ਕੰਮ ਕਰਦਾ ਰਿਹਾ ਹਾਂ-ਸ਼ਾਇਦ ਉਦੋਂ ਮੈਨੂੰ ਪਿੰਡ ਵਾਲੇ ਸੁਝਵਾਨਾਂ ਦੀ ਸ਼੍ਰੇਣੀ ਵਿਚ ਰਖਦੇ ਸਨ)।

ਸਾਰਾ ਪਿੰਡ, ਪੰਚਾਇਤ ਅਤੇ ਮੇਲ ਇਕ ਪਾਸੇ ਬੈਠ ਜਾਂਦੇ ਸਨ। ਬਰਾਤੀਆਂ ਦੇ ਖਾਣਾ ਖਾਣ ਅਤੇ ਆਪਣੇ ਉਤਾਰੇ ਵਾਲੇ ਟਿਕਾਣੇ ਵਲ ਤੁਰਨ ਮਗਰੋਂ ਆਪ ਖਾਣਾ ਖਾਂਦੇ ਸਨ। ਇਹ ਦੋ ਕਾਰਨਾਂ ਕਰਕੇ ਕੀਤਾ ਜਾਂਦਾ ਸੀ। ਪਹਿਲਾ, ਮਹਿਮਾਨਾਂ ਲਈ ਸਮੁੱਚੇ ਰੂਪ 'ਚ ਮਾਣ-ਸਤਿਕਾਰ ਪ੍ਰਗਟ ਕਰਨ ਲਈ। ਦੂਸਰਾ, ਖੁਦਾ ਨਾ ਖਾਸਤਾ, ਜੇ ਕੁਝ ਘਟ-ਥੁੜ ਜਾਵੇ ਤਾਂ ਘਰ ਵਾਲਿਆਂ ਨੂੰ ਮਹਿਮਾਨਾਂ ਅਗੇ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ ਤੇ ਘਰ ਦੀ ਘਰ 'ਚ ਹੀ ਰਹਿ ਜਾਵੇ, ਕਿਉਂਕਿ ਧੀ ਵਾਲੇ ਘਰ ਦੀ ਇੱਜ਼ਤ ਸਾਰੇ ਪਿੰਡ ਦੀ ਇੱਜ਼ਤ ਸਮਝੀ ਜਾਂਦੀ ਸੀ! (ਉਂਜ ਧੀਆਂ ਦੇ ਕਾਰਜਾਂ ਵਿਚ ਦਾਤਾ ਕਦੀ ਥੋੜ ਪੈਣ ਨਹੀਂ ਦਿੰਦਾ!)

ਹੁਣ ਤਾਂ ਬਰਾਤ ਮਗਰੋਂ ਆਉਂਦੀ ਹੈ ਤੇ ਮੇਲੀ ਪਹਿਲਾਂ ਹੀ ਆਪਣਾ ਖਾਣਾ-ਪੀਣਾ ਬੜੇ ਤਪਾਕ ਨਾਲ ਸ਼ੁਰੂ ਕਰ ਦਿੰਦੇ ਹਨ। 'ਅਸੀਂ ਕਿਸੇ ਦੀ ਨੂੰਹ-ਧੀ ਨਾਲੋਂ ਘਟ ਹਾਂ' ਵਾਲਾ ਰਵੱਈਆ ਹੋ ਗਿਆ ਹੈ। ਬਰਾਤ ਲਈ ਲਗਾਈ ਗਈ 'ਲੇਅ-ਆਊਟ' (ਸੱਜ-ਫੱਬ) ਸਭ ਧਰੀ ਧਰਾਈ ਰਹਿ ਜਾਂਦੀ ਹੈ। ਅਸੀਂ ਕਈ ਥਾਂ ਖਾਣ-ਪੀਣ ਦੇ ਪ੍ਰਬੰਧ ਵਿਚ ਬੇਸੁਆਦੀ ਹੁੰਦੀ ਵੀ ਦੇਖੀ ਹੈ ਜੋ ਮੇਜ਼ਬਾਨਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੈ।

ਸਾਨੂੰ ਚੱਜ ਨਾਲ ਖਾਣਾ ਵੀ ਨਹੀਂ ਆਉਂਦਾ। ਬਹੁਤੇ ਤਾਂ ਆਪਣੀਆਂ ਪਲੇਟਾਂ ਏਦਾਂ ਠੂਸ ਲੈਂਦੇ ਹਨ ਜਿਵੇਂ ਆਮਿਰ ਖਾਨ ਦੀ ਮਸ਼ਹੂਰ ਫਿਲਮ 'ਥਰੀ ਈਡੀਅਟਸ' (ਤਿੰਨ ਮੂਰਖ) ਦੇ ਕਿਰਦਾਰ ਇਕ 'ਬੇਗਾਨੀ ਸ਼ਾਦੀ ਵਿਚ ਅਬਦੁਲਾ ਦੀਵਾਨਾ' ਵਾਂਗ ਘੁਸ ਕੇ ਆਪਣੀਆਂ ਪਲੇਟਾਂ ਇੰਜ ਭਰਦੇ ਹਨ ਕਿ ਟੀਸੀ-ਕੱਢੀਆਂ ਪਲੇਟਾਂ ਇਕ ਛੋਟੀ-ਮੋਟੀ ਪਹਾੜੀ ਦਾ ਰੂਪ ਲਗਦੀਆਂ ਹਨ! ਅਜਿਹੇ ਲੋਕਾਂ ਨੂੰ ਦੇਖ ਕੇ ਇੰਜ ਲੱਗੂ ਜਿਵੇਂ ਅਜਿਹੇ ਸਮਾਗਮ ਵਿਚ ਲੇੜ੍ਹ-ਲੇੜ੍ਹ ਖਾਣ ਲਈ ਇਨ੍ਹਾਂ ਨੇ ਕਮ-ਅਜ਼-ਕਮ ਇਕ-ਦੋ ਦਿਨ ਦੀ ਭੁੱਖ ਤਾਂ ਜ਼ਰੂਰ ਰਖੀ ਹੋਊ!

ਮਾਸਾਹਾਰੀ ਖਾਣੇ ਵਾਲੇ ਖੇਤਰ ਵਿਚ ਜੋ ਘਮਸਾਣ ਮਚਦੈ ਉਹ ਦੇਖਣ ਵਾਲਾ ਹੁੰਦੈ। 'ਲੈੱਗ-ਪੀਸ' (ਮੁਰਗੇ ਦੀ ਟੰਗੜੀ) ਦੇ ਦੀਵਾਨੇ ਤਾਂ ਤੰਦੂਰ/ਭੱਠੀ ਜਾਂ ਜੋ ਵੀ ਸਾਜ਼ੋ-ਸਾਮਾਨ ਇਸ ਨੂੰ ਤਿਆਰ ਕਰਨ ਲਈ ਵਰਤਿਆ ਜਾਂਦੈ, ਉਸ ਕੋਲ ਹੀ ਖੜ੍ਹ ਜਾਣਗੇ। ਵੇਟਰ ਵਲੋਂ ਟਰੇਅ ਵਿਚ ਰਖਣ/ਪਰੋਸਣ ਤੋਂ ਪਹਿਲਾਂ ਹੀ ਟੰਗੜੀਆਂ ਟੁੱਕਣ ਲਗ ਪੈਣਗੇ। ਫਿਰ ਉਹ ਬਰਬਾਦੀ ਕਰਨਗੇ ਕਿ ਅੱਧੀ ਟੰਗੜੀ ਟੁੱਕ ਕੇ ਬਾਕੀ ਬੜੀ ਬੇਰਹਿਮੀ ਨਾਲ ਥੱਲੇ ਸੁਟ ਦੇਣਗੇ ਤੇ ਦੂਸਰੀ 'ਤੇ ਝਪਟ ਪੈਣਗੇ। ਜਿਵੇਂ ਕਿਸੇ ਬਾਗ ਵਿਚ ਤੋਤੇ ਫਲ ਅੱਧੇ ਠੂੰਗ-ਠੂੰਗ ਕੇ ਭੁੰਜੇ ਸੁਟ ਰਹੇ ਹੋਣ! ਪੰਜਾਬੀਆਂ ਨੂੰ ਅੱਡੀ ਚੁਕ ਕੇ ਫਾਹਾ ਲੈਣ ਦੀ ਤਾਂ ਆਦਤ ਹੈ। ਮੱਧ-ਵਰਗੀ ਜਾਂ ਨਿਮਨ ਮੱਧ-ਵਰਗੀ ਪਰਿਵਾਰਾਂ ਵਲੋਂ ਵਿੱਤੋਂ ਵੱਧ ਖਰਚ ਕੇ ਕੀਤੇ ਗਏ ਖਾਣੇ ਦੇ ਪ੍ਰਬੰਧਾਂ ਨੂੰ 'ਫ੍ਰੀ' ਦਾ ਮਾਲ ਸਮਝ ਕੇ ਲੁੱਟ ਮਚਾ ਦੇਣਗੇ। ਬਸ ਘਰ ਦੀ ਮੁਰਗੀ ਦਾਲ ਬਰੋਬਰ ਵਾਲਾ ਹਾਲ ਹੁੰਦੈ! ਅਜਿਹੇ ਮੌਕਿਆਂ ਉਪਰ ਲਗਭਗ 25-30% ਖਾਣਾ ਜ਼ਾਇਆ ਕੀਤਾ ਜਾਂਦੈ (ਜਦ ਕਿ ਸਾਡੇ ਦੇਸ਼ ਵਿਚ ਕਰੋੜਾਂ ਲੋਕ ਭੁੱਖੇ ਪੇਟ ਜਾਂ ਅੱਧ-ਭੁੱਖੇ ਸੌਂਦੇ ਹਨ)।

ਕਤਾਰ ਵਿਚ ਖੜ੍ਹਨਾ ਸਾਡੇ ਸੁਭਾਅ ਵਿਚ ਨਹੀਂ। ਜਿਹੜੇ ਕਰਮਾਂ ਮਾਰੇ ਖੜ੍ਹ ਜਾਂਦੇ ਹਨ ਉਨ੍ਹਾਂ ਦੇ ਅਗੋਂ-ਪਿਛੋਂ, ਹੇਠੋਂ-ਉਤੋਂ, ਅੱਧ-ਵਿਚੋਂ ਤੇ ਪਤਾ ਨਹੀਂ ਕਿਥੋਂ-ਕਿਥੋਂ ਪਲੇਟਾਂ ਵਾਲੇ ਹੱਥ ਉਠਦੇ ਦਿਸਣਗੇ ਤੇ ਕਈ ਤਾਂ ਤੁਹਾਡੇ ਕੱਪੜਿਆਂ ਨਾਲ ਵੀ ਖਹਿੰਦੇ ਅਗੇ ਲੰਘਦੇ ਜਾਣਗੇ। ਪਤਾ ਨਹੀਂ ਕਤਾਰ-ਤੋੜ ਬ੍ਰਿਗੇਡ ਨੂੰ ਲਾਈਨ 'ਚ ਖੜ੍ਹਨਾ ਰੁਤਬਾ-ਘਟਾਈ ਵਰਗਾ ਲਗਦੈ ਜਾਂ ਉਨ੍ਹਾਂ ਨੂੰ ਡਰ ਰਹਿੰਦੈ ਕਿ ਕਿਧਰੇ



ਮਨ-ਪਸੰਦ ਪੀਸ, ਸੰਖੀਆਂ ਜਾਂ ਹੋਰ ਪਕਵਾਨ ਥੁੜ੍ਹ ਹੀ ਨਾ ਜਾਣ।

ਕਈ ਅਗੇ ਖੜ੍ਹੇ ਪੈਰ ਮਲੀ ਜਾਣਗੇ-ਇਹ ਸੋਚਦਿਆਂ ਕਿ ਮੁਰਗੇ ਦਾ ਲੈੱਗ-ਪੀਸ ਜਾਂ ਬੋਨ-ਲੈੱਸ ਟੁਕੜਾ ਚੁੱਕਾਂ ਕਿ ਬੱਕਰੇ ਦੀਆਂ ਚਾਂਪਾਂ ਵਾਲਾ ਭਾਗ ਛਕਾਂ, ਉਹ ਇਕ ਥਾਂ ਦੁਚਿੱਤੀ 'ਚ ਖੜ੍ਹੇ ਤੁਹਾਡੇ ਲਈ ਸਿਰ-ਦਰਦੀ ਦਾ ਕਾਰਨ ਬਣਨਗੇ। ਕਈ ਵਾਰ ਤਾਂ ਅਖੀਰ ਵਿਚ ਖੜ੍ਹੇ ਚੰਦ ਕੁ ਲਾਈਨ-ਪ੍ਰਸਤਾਂ ਲਈ ਤਰੀ ਵਿਚ ਅਠਖੇਲੀਆਂ ਲੈਂਦੇ ਹੱਡੀਆਂ ਦੇ ਟੁਕੜੇ ਹੀ ਨਸੀਬ ਹੋਣਗੇ!

ਲੈੱਗ ਨਾਲ ਫਿਰ ਪੈੱਗ ਤਾਂ ਲਾਜ਼ਮੀ ਚਾਹੀਦੈ। ਅਖੇ 'ਸ਼ਰਾਬ, ਕਬਾਬ, ਸ਼ਬਾਬ, ਤਿੰਨ ਸ਼ੌਕ ਚੋਬਰਾਂ ਦੇ'!

ਤੇ ਸ਼ਰਾਬ ਵਾਲੀ ਤਾਂ ਗੱਲ ਹੀ ਛਡੋ। ਮੁਹਾਵਰਾ ਹੈ ਕਿ ਮੁਫਤ ਦੀ ਸ਼ਰਾਬ ਤਾਂ ਕਾਜ਼ੀ ਨੂੰ ਵੀ ਹਲਾਲ। ਨਸ਼ੇੜੀ ਬੋਤਲ ਬੋਤਲ ਚਾੜ੍ਹ ਕੇ ਬਹੁਤੇ ਤਾਂ ਵੇਟਰਾਂ ਉਪਰ ਰੋਹਬ ਝਾੜੀ ਜਾਣਗੇ। ਅਸੀਂ ਮੇਜ਼ਾਂ ਹੇਠਾਂ ਅੱਧੀਆਂ-ਅੱਧੀਆਂ ਬੋਤਲਾਂ ਸ਼ਰਾਬ ਦੀਆਂ ਪਈਆਂ ਅਤੇ ਮੇਜ਼ਾਂ ਉਪਰ ਗਲਾਸ ਭਰੇ ਜਾਂ ਥੋੜ੍ਹੇ ਖਾਲੀ ਛਡੇ ਪਏ ਅਕਸਰ ਦੇਖੇ ਹਨ। ਅਸੀਂ ਤਾਂ ਕੁਝ ਟੱਲੀ ਹੋਏ ਨਸ਼ੇੜੀ ਬੋਤਲ ਡੱਬ ਵਿਚ ਦੇ ਕੇ ਨਾਲ ਲਿਜਾਂਦੇ ਵੀ ਦੇਖੇ ਹਨ। ਸੱਦਾ-ਪੱਤਰ ਤੋਂ ਬਿਨਾਂ ਵੀ ਹੋਰ ਕਈ ਜਣੇ ਮਹਿਮਾਨਾਂ ਦੀ ਲਿਸਟ ਵਿਚ ਆਣ ਸ਼ਾਮਿਲ ਹੁੰਦੇ ਹਨ। ਇਨ੍ਹਾਂ ਵਿਚ ਬੈਂਡ-ਵਾਜੇ ਤੇ ਡੀ.ਜੇ. ਵਾਲੇ, ਡਰਾਈਵਰ, ਵੇਟਰ ਆਦਿ ਆਉਂਦੇ ਹਨ। ਮਹਿੰਗੇ ਭਾਅ 'ਚ ਕੀਤੀ 'ਪਰ ਪਲੇਟ' ਦਾ ਖਰਚਾ ਹਿਲਾ ਕੇ ਰਖ ਦਿੰਦੈ।

ਇਕ ਆ ਹੋਰ ਸ਼ੈਅ ਆ ਗਈ ਹੈ-'ਬੁਫੇ'। (ਇਸ ਫਰੈਂਚ ਸ਼ਬਦ ਦਾ ਅੰਗਰੇਜ਼ੀ ਉਚਾਰਨ 'ਬਫੇ' ਹੈ ਪਰ ਬੋਲ-ਚਾਲ ਦੀ ਭਾਸ਼ਾ ਵਿਚ ਬੁਫੇ ਪ੍ਰਚੱਲਤ ਹੋ ਗਿਐ)।

ਇਹ ਐਡੀ ਨਵੀਂ ਵੀ ਨਹੀਂ ਪਰ ਸਾਡੇ ਵਰਗੇ ਪੇਂਡੂ ਪਿਛੋਕੜ ਵਾਲਿਆਂ ਨੂੰ ਨਵੀਂ ਲਗਦੀ ਹੈ। ਇਥੇ ਤਾਂ ਸੱਚੀਂ-ਮੁੱਚੀਂ ਖੁਰਲੀਆਂ ਵਾਲਾ ਹਾਲ ਹੀ ਹੁੰਦੈ। ਖਾਣੇ 'ਤੇ ਧਾਵਾ ਹੀ ਬੋਲਿਆ ਜਾਂਦੈ। ਇਥੇ ਮਨ-ਇੱਛਤ ਪਦਾਰਥਾਂ ਨੂੰ ਝਪਟਣ ਦੀ ਕਾਹਲ ਹੁੰਦੀ ਹੈ। ਲੰਮੀਆਂ- ਲੰਮੀਆਂ ਲਾਈਨਾਂ ਤੇ ਸਵਾਦਲੇ ਪਕਵਾਨ ਪਲੇਟ 'ਚ ਪਾਉਣ ਦੀ ਤਲਬ। ਹਿੰਦੀ ਕਵੀ ਆਸ਼ ਕਰਨ 'ਅਟਲ' ਦੀ ਇਕ ਹਾਸ-ਕਵਿਤਾ ਹੈ- 'ਮੇਰੀ ਪਹਿਲੀ ਬੁਫੇ ਦਾਅਵਤ'। ਇਸ ਵਿਚ ਕਵੀ ਬੁਫੇ ਦਾ ਬੜਾ ਮਜ਼ਾਹੀਆ ਦ੍ਰਿਸ਼ ਪੇਸ਼ ਕਰਦਾ ਹੈ। ਉਸ ਅਨੁਸਾਰ ਬੁਫੇ ਖਾਣਾ ਐਵਰੇਸਟ 'ਤੇ ਚੜ੍ਹਨ ਬਰਾਬਰ ਹੈ! ਉਹ ਨਵੇਂ ਤੇ ਪੁਰਾਣੇ ਬੁਫੇਬਾਜ਼ਾਂ ਬਾਰੇ ਬੜਾ ਵਧੀਆ ਬਿਰਤਾਂਤ ਉਸਾਰਦਾ ਹੈ। ਉਸ ਅਨੁਸਾਰ ਨਵਾਂ ਬੁਫੇਬਾਜ਼ ਆਪਣੀ ਪਲੇਟ ਵਿਚ ਹਰ ਡਿਸ਼ ਇੰਜ ਭਰ ਲੈਂਦਾ ਜਿਦਾਂ ਕੋਈ ਭਿਖਾਰੀ ਦਸ ਘਰਾਂ ਤੋਂ ਭਿਖਿਆ ਮੰਗ ਕੇ ਲਿਆਇਐ ਹੋਵੇ! ਪਰ ਪੁਰਾਣਾ ਖੁਰਾਟ ਬੁਫੇਬਾਜ਼ ਹਰ ਸ਼ੈਅ ਦੇ ਬਸ ਇਕ ਦੋ ਚਮਚੇ ਇੰਜ ਪਲੇਟ 'ਤੇ ਰਖੇਗਾ ਜਿਵੇਂ ਕੋਈ 'ਸਤਿਆਨਰੈਣ ਦਾ ਪ੍ਰਸਾਦ' ਲੈ ਕੇ ਆਇਆ ਹੋਵੇ! ਸ਼ਾਇਰ ਬੁਫੇ ਵਾਲੇ ਸਥਾਨ ਨੂੰ ਯੁੱਧ ਖੇਤਰ ਨਾਲ ਤੁਲਨਾ ਦਿੰਦਿਆਂ ਪਲੇਟਾਂ ਅਤੇ ਚਮਚਿਆਂ ਦੇ ਖੜਾਕ ਨੂੰ ਢਾਲ ਅਤੇ ਤਲਵਾਰ ਦੇ ਖੜਾਕ ਦੀ ਸੰਗਿਆ ਦਿੰਦਾ ਹੈ। ਉਹ ਕੂਪਨ ਨੂੰ 'ਖਾਣੇ ਦਾ ਲਾਇਸੈਂਸ' ਕਹਿੰਦੈ!

ਪਹਿਲੀ ਵਾਰ ਗਿਆ ਹੋਣ ਕਾਰਨ ਕਵੀ ਜਦ ਪਲੇਟ ਵਿਚ ਕਟੋਰੀਆਂ ਰਖਦੈ ਤਾਂ ਖਾਣਾ ਪਾਉਣ ਲਈ ਥਾਂ ਨਹੀਂ ਬਚਦੀ ਅਤੇ ਜਦ ਕਟੋਰੀਆਂ ਤੋਂ ਬਿਨਾਂ ਖਾਣਾ ਪਾਉਂਦੈ ਤਾਂ 'ਦਾਲ ਮੇਂ ਰਸਗੁਲਾ ਔਰ ਰਾਇਤੇ ਮੇਂ ਸਬਜ਼ੀ ਮਿਲ ਗਈ'! ਜਦ ਕਿਸੇ ਨੇ ਪੁੱਛਿਆ ਕਿ ਤੁਸੀਂ ਰਸਗੁਲਾ ਕਿਉਂ ਨਹੀਂ ਲਿਆ ਤਾਂ ਕਵੀ ਬਿਨ ਕਹੇ ਕਹਿੰਦੈ 'ਯੇ ਜੋ ਦਾਲ ਔਰ ਚਟਨੀ ਮੇਂ ਡੂਬਾ ਪੜਾ ਹੈ ਵੋ ਰਸਗੁਲਾ ਹੀ ਹੈ'! ਪਲੇਟ ਦਾ ਹਾਲ ਇਹ ਹੋ ਗਿਆ ਕਿ 'ਪਤਾ ਨਹੀਂ ਮੈਂ ਪਤਾ ਨਹੀਂ ਕਯਾ ਮਿਲ ਕਰ, ਪਤਾ ਨਹੀਂ ਕੌਨ ਸੀ ਡਿਸ਼ ਬਨ ਗਈ'! ਲੰਮੀ ਕਤਾਰ ਕਾਰਨ ਉਹ ਬਾਕੀ ਪਕਵਾਨਾਂ ਨੂੰ ਨਿਹਾਰਦਾ ਰਿਹਾ ਤੇ ਆਪਣੇ-ਆਪ ਨੂੰ ਕਹਿੰਦਾ ਰਿਹਾ, 'ਸਕਲ ਪਦਾਰਥ ਯਾ ਜਗ ਮਾਹੀ/ਕਰਮਹੀਣ ਨਰ ਪਾਵਤ ਨਾਹੀਂ'!

ਅਮਰੀਕਨ ਕਵਿਤਰੀ ਮੈਰੀਲਿਨ ਲੌਟ ਨੇ ਵੀ 'ਏ ਬੁਫੇ ਟੂ ਰਿਮੈਂਬਰ' (ਯਾਦਗਾਰੀ ਬੁਫੇ) ਨਾਮ ਦੀ ਵਿਅੰਗਮਈ ਕਵਿਤਾ ਲਿਖੀ ਹੈ ਜਿਸ ਵਿਚ ਉਹ ਤਾਜ਼ਾ ਤੇ ਜ਼ਾਇਕੇਦਾਰ ਖਾਣੇ (ਸ਼ਰਿੰਪ ਤੇ ਸੂਰ) ਦੀ ਸਿਫਤ ਕਰਦਿਆਂ ਕਹਿੰਦੀ ਹੈ ਕਿ 'ਅਸੀਂ ਇੰਤਜ਼ਾਰ ਨਾ ਕਰ ਸਕੇ ਤੇ ਝਪਟ ਕੇ ਪਲੇਟ ਫੜੀ, ਉਸ ਉਪਰ ਖਾਣਾ ਭਰਿਆ/ਸਾਡੀ ਪਲੇਟ ਉਪਰ ਐਨਾ ਸਾਰਾ ਭੋਜਨ ਪੈ ਗਿਆ ਕਿ ਆਪਣੀ ਸੀਟ ਤਕ ਇਸ ਨੂੰ ਲਿਜਾਣਾ ਔਖਾ ਹੋ ਗਿਆ'!

ਬੁਫੇ ਬਾਰੇ ਕਈ ਕਾਰਟੂਨ ਵੀ ਹਨ। ਇਕ ਅਨੁਸਾਰ-'ਤੁਸੀਂ ਸਭ ਬੁਫੇ ਛਕ ਸਕਦੇ ਹੋ ਪਰ ਸਪੀਡ ਸੀਮਾ ਇਕ ਮਿੰਟ ਵਿਚ 750 ਕੈਲੋਰੀਆਂ ਦਾ ਭੋਜਨ ਖਾਣਾ ਹੋਵੇ! ਦੂਸਰਾ ਕਹਿੰਦੈ, 'ਬੁਫੇ ਦੀ ਦਾਵਤ/ਸਭ ਤੋਂ ਵਢੀ ਆਫਤ'! ਕਈ ਤਾਂ ਇਸ ਨੂੰ 'ਸੇਲਾਂ ਵਾਲਾ ਖਾਣਾ' ਸਦਦੇ ਹਨ।

ਸ਼ਬਦ-ਵਿਗਿਆਨ ਅਨੁਸਾਰ ਬਫੇ/ਬੁਫੇ ਦਾ ਅਰਥ ਸਟੂਲ, ਬੈਂਚ, ਸਾਈਡ ਟੇਬਲ, ਸਾਈਡਬੋਰਡ, ਕੱਪਬੋਰਡ ਆਦਿ ਹੈ ਅਤੇ ਇਸ ਸ਼ਬਦ ਦਾ ਮੂਲ ਫਰਾਂਸੀਸੀ ਭਾਸ਼ਾ ਅਤੇ ਮਿਡਲ ਇੰਗਲਿਸ਼ ਹਨ। ਕਿਰਿਆ ਦੇ ਤੌਰ 'ਤੇ ਇਸ ਦਾ ਅਰਥ ਘਸੁੰਨ ਜਾਂ ਥੱਪੜ ਮਾਰਨਾ ਹੈ। ਬਹੁਤ ਬਾਅਦ ਵਿਚ ਇਸ ਦਾ ਮੌਜੂਦਾ ਅਰਥ ਪ੍ਰਚੱਲਤ ਹੋਇਆ। ਰਿਫਰੈਸ਼ਮੈਂਟ ਬਾਰ ਤੋਂ ਰੈਸਟੋਰੈਂਟ/ਹੋਟਲ ਵਿਚ ਅਜਿਹੀ ਜਗ੍ਹਾ, ਜੋ ਜਨਤਕ ਤੌਰ 'ਤੇ ਰਿਫਰੈਸ਼ਮੈਂਟ ਦੇਣ ਲਈ ਇਕ ਪਾਸੇ ਰਾਖਵੀਂ ਰਖੀ ਜਾਏ ਤੋਂ ਹੁੰਦਾ ਹੋਇਆ ਇਹ ਬਫੇ ਲੰਚ ਰਾਹੀਂ 'ਮੇਜ਼ 'ਤੇ ਰਖਿਆ ਖਾਣਾ ਜਿਥੋਂ ਆਪਣੀ ਮਰਜ਼ੀ ਨਾਲ ਖਾਣਾ ਲਿਆ ਜਾਂਦੈ' ਤਕ ਪੁਜਾ।

ਆਪਾਂ ਬਾਹਰ ਰਹਿੰਦੇ ਰਿਸ਼ਤੇਦਾਰਾਂ ਅਤੇ ਯਾਰਾਂ-ਮਿੱਤਰਾਂ ਦੀਆਂ ਬਹੁਤ ਰੀਸਾਂ ਕਰਦੇ ਹਾਂ। ਪਰ ਇਕ ਰੀਸ ਜੇ ਹੋਰ ਵੀ ਕਰ ਲਈਏ ਤਾਂ ਫਾਇਦੇ 'ਚ ਰਹਾਂਗੇ। ਮੇਰੀ ਘਰਵਾਲੀ ਕੈਨੇਡਾ ਵਿਚ ਵੱਖ-ਵੱਖ ਵੇਲੇ ਦੋ ਵਿਆਹ ਅਟੈਂਡ ਕਰਕੇ ਆਈ ਹੈ। ਉਹ ਦਸਦੀ ਹੈ ਕਿ ਓਥੇ ਬਰਾਤ ਗੁਰਦਵਾਰਾ ਸਾਹਿਬ ਢੁਕਦੀ ਹੈ। ਆਨੰਦ ਕਾਰਜ ਉਪਰੰਤ ਪ੍ਰਸ਼ਾਦਾ-ਪਾਣੀ (ਲੰਗਰ) ਵੀ ਓਥੇ ਹੀ ਛਕਿਆ ਜਾਂਦਾ ਹੈ। ਰਾਤ ਨੂੰ ਕਿਸੇ ਹੋਟਲ ਵਿਚ ਦੋਵੇਂ ਪਰਿਵਾਰ ਰਲ ਕੇ ਇਕ ਪਾਰਟੀ ਕਰਦੇ ਹਨ, ਜਿਸ ਵਿਚ ਦੋਵਾਂ ਸਾਈਡਾਂ ਦੇ ਰਿਸ਼ਤੇਦਾਰ ਅਤੇ ਮਿੱਤਰ-ਸਨੇਹੀ ਸ਼ਾਮਿਲ ਹੁੰਦੇ ਹਨ। ਇਸ ਪਾਰਟੀ ਦਾ ਖਰਚਾ ਦੋਵੇਂ ਪਰਿਵਾਰ ਸਾਂਝੇ ਤੌਰ 'ਤੇ ਚੁਕਦੇ ਹਨ, ਸਾਡੇ ਵਾਂਗ ਨਹੀਂ ਕਿ ਸਾਰਾ ਬੋਝ ਲੜਕੀ ਵਾਲਿਆਂ ਉਪਰ ਲੱਦ ਮਾਰਦੇ ਹਨ।

ਰਾਹਦਾਰੀ ਦੀ ਇਕ ਬਾ-ਕਮਾਲ ਮਿਸਾਲ ਨਾਲ ਗੱਲ ਖਤਮ ਕਰਾਂਗੇ।

ਅਸੀਂ ਜਦ ਕਿਸੇ ਸ਼ਾਦੀ 'ਤੇ ਜਾਈਏ ਤਾਂ 3 ਲਿਫਾਫੇ ਲੈ ਕੇ ਜਾਂਦੇ ਹਾਂ। ਜੇ ਤਾਂ ਖਾਣਾ ਸਿਰਫ ਸ਼ਾਕਾਹਾਰੀ ਹੋਵੇ ਤਾਂ ਨੰਬਰ 3 ਲਿਫਾਫਾ ਸ਼ਗਨ ਵਜੋਂ ਦਈਦੈ। ਇਸ ਵਿਚ ਸਭ ਤੋਂ ਘਟ ਰੁਪਏ ਹੁੰਦੇ ਹਨ! ਜੇ ਖਾਣਾ ਮਾਸਾਹਾਰੀ ਹੈ ਪਰ ਨਾਲ ਲਾਲਪਰੀ ਨਹੀਂ ਤਾਂ 2 ਨੰਬਰ ਦਾ ਲਿਫਾਫਾ ਪੇਸ਼ ਕਰੀਦੈ। ਇਸ ਵਿਚ 3 ਨੰਬਰ ਨਾਲੋਂ ਕੁਝ ਵਧ ਰੁਪਏ ਹੁੰਦੇ ਹਨ। ਪਰ ਜੇ ਮੁਰਗ-ਮੁਸੱਲਮ ਨਾਲ ਲਾਲਪਰੀ ਵੀ ਹੈ ਤਾਂ ਇਕ ਨੰਬਰ ਵਾਲਾ ਲਿਫਾਫਾ ਬੜੇ ਚੌੜ ਹੋ ਕੇ ਪਕੜਾਈਦੈ। ਇਸ ਵਿਚ ਬਨਦਾ-ਸਰਦਾ ਸ਼ਗਨ ਹੁੰਦੈ। ਵੈਸੇ ਇਕ ਚੌਥਾ ਲਿਫਾਫਾ ਵੀ ਰਖੀਦੈ, ਜੋ ਖਾਲੀ ਹੁੰਦੈ। ਪਰ ਅਜੇ ਅਸੀਂ ਐਨੇ ਕਮੀਨੇ ਵੀ ਨਹੀਂ ਹੋਏ ਕਿ ਚੌਥਾ ਲਿਫਾਫਾ ਹੀ ਦੇ ਦਈਏ ਅਤੇ ਅਗਲੇ ਦਾ ਮਾਲ ਖਾ-ਖਾ ਆਪਣੇ ਚਾਟੀ ਜਿਡੇ ਢਿੱਡ ਦਾ ਭਾਰ ਢੋਂਦੇ ਫਿਰੀਏ। ਆਖਿਰ ਸਾਡੀ ਵੀ ਕੋਈ ਇੱਜ਼ਤ ਹੈ!

---

# ਵਿਅੰਗ : ਗੋਲ ਗੱਪਿਆਂ ਦਾ ਪਾਣੀ

ਕਮਲ ਕੁਮਾਰ ਕੇਜਰੀਵਾਲ ਜੀ ਇਲਾਕੇ ਦੇ ਮੰਨੇ ਪ੍ਰਮੰਨੇ ਆੜ੍ਹਤੀ ਸਨ। ਉਨ੍ਹਾਂ ਨੇ ਪੋਤੇ ਦੇ ਜਨਮ ਦਿਨ 'ਤੇ ਚਾਰ-ਪੰਜ ਜੱਟ ਯਾਰ ਸੱਦ ਲਏ, ਪਰ ਕੰਮ ਸੀ ਵੈਸ਼ਣੋ...ਖਾ-ਖਾ ਚਾਟ ਪਾਪੜੀ ਤੇ ਪੀ-ਪੀ ਫੈਂਟਾ ਯਾਰ ਆਫਰ ਗਏ। ਜਨਮ ਦਿਨ ਦੀ ਪਾਰਟੀ ਵਿਚ



**ਹਰਦੀਪ ਸਿੰਘ ਸੋਢੀ, ਨਡਾਲਾ**
**ਫੋਨ: 480-794-0325**

ਆਏ ਹੋਏ ਸਾਰੇ ਮਹਿਮਾਨਾਂ ਨੇ ਸਨੈਕਸ ਦਾ ਆਨੰਦ ਮਾਣਿਆ...ਹਸਬ ਜ਼ਰੂਰਤ ਸਭ ਨੇ ਖਾਧਾ...।

ਡੀ ਜੇ ਵਾਲੇ ਨੇ ਗੀਤ ਚਲਾਏ-ਹੈਪੀ ਬਰਥਡੇ ਟੂ ਯੂ...ਤੁਮ ਜੀਓ ਹਜ਼ਾਰੋਂ ਸਾਲ ਸਾਲ ਕੇ ਦਿਨ ਹੋਂ ਪਚਾਸ ਹਜ਼ਾਰ ਵਗੈਰਾ-ਵਗੈਰਾ। ਮਹਿਮਾਨਾਂ ਵਿਚੋਂ ਕਿਸੇ ਨੇ ਫਰਮਾਇਸ਼ ਕੀਤੀ ਅਤੇ ਗੀਤ ਸ਼ੁਰੂ ਹੋਇਆ- ਪਰ੍ਹੇ ਹੋ ਜਾ ਸੋਹਣੀਏ ਸਾਡੀ ਰੇਲ ਗੱਡੀ ਆਈ...। ਸਾਰਾ ਟੱਬਰ ਛੁਕ-ਛੁਕ ਕਰਕੇ ਰੇਲ ਚਲਾਉਣ ਲੱਗਾ...। ਲਾਲਾ ਕਮਲ ਕੇਜਰੀਵਾਲ ਜੀ ਇੰਜਣ ਬਣ ਗਏ ਅਤੇ ਪਰਿਵਾਰ ਸਮੇਤ ਮਹਿਮਾਨ ਡੱਬੇ ਬਣ ਗਏ...ਸਾਰੇ ਵਿਹੜੇ ਵਿਚ ਰੇਲ ਦੀ ਭੁਤਨੀ ਘੁਮਾਉਣ ਲੱਗੇ। ਲਾਲਾ ਜੀ...ਪਰ੍ਹੇ ਬੈਠੇ ਦੋਸਤਾਂ ਨੂੰ ਬੁਲਾਉਣ...ਆ ਜਾਓ ਬਾਈ ਜੀ ਆ ਜਾਓ...ਆਪਾਂ ਗਾਣੇ ਦਾ ਆਨੰਦ ਮਾਣ ਕੇ ਕੇਕ ਕੱਟਾਂਗੇ ਅਤੇ ਫਿਰ ਡਿਨਰ ਕਰਾਂਗੇ...ਆ ਜਾਓ ਰੇਲ ਚਲਾਈਏ...। ਬਾਬਾ ਬਖਤੌਰਾ ਕਹਿੰਦਾ, ਯਾਰਾਂ ਦੀ ਰੇਲ ਗੋਲ-ਗੱਪਿਆਂ ਦੇ ਪਾਣੀ ਨਾਲ ਨਹੀਂ ਚੱਲਦੀ...ਇਹਨੂੰ ਚਲਾਉਣਾ ਹੈ ਤਾਂ ਰੰਮ-ਰੂੰਮ ਦਾ ਇੰਤਜ਼ਾਮ ਕਰ, ਲਾਲਾ ਜੀ ਕਹਿੰਦੇ ਰਾਮ ਰਾਮ ਰਾਮ ਰਾਮ...ਉਏ ਪਤੰਦਰੋ ਅਸੀਂ ਤਾਂ ਗੰਢੇ-ਲਸਣ ਵੀ ਨਹੀਂ ਖਾਂਦੇ ਤੁਸੀਂ ਦਾਰੂ ਭਾਲਦੇ ਓ।



# ਚੀਫ ਖਾਲਸਾ ਦੀਵਾਨ ਦਾ ਵਿਦਿਅਕ ਪੱਖ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com


ਏਸ ਮਹੀਨੇ ਦੀ ਵੱਡੀ ਵਿਦਿਅਕ ਖਬਰ ਚੀਫ ਖਾਲਸਾ ਦੀਵਾਨ ਦੇ ਵਿਦਿਅਕ ਕਾਂਡ ਦਾ ਪੁਨਰਗਠਨ ਹੈ। ਡਾ. ਸਰਬਜੀਤ ਸਿੰਘ ਛੀਨਾ ਨੂੰ ਦੂਜੀ ਵਾਰ ਆਨਰੇਰੀ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹ ਫੈਸਲਾ ਦੀਵਾਨ ਦੇ ਮੱਖੀਆਂ ਨੇ ਸਰਬਸੰਮਤੀ ਨਾਲ ਲਿਆ ਹੈ।

1902 ਵਿਚ ਸਥਾਪਤ ਹੋਇਆ ਚੀਫ ਖਾਲਸਾ ਕਈ ਵਿਦਿਅਕ ਸੰਸਥਾਵਾਂ ਤੇ ਯਤੀਮਖਾਨਾ ਆਦਿ ਲੋਕ ਭਲਾਈ ਦੇ ਕੰਮਾਂ ਨੂੰ ਪਰਣਾਇਆ ਹੋਇਆ ਹੈ। ਸ਼ਹੀਦ ਊਧਮ ਸਿੰਘ 12 ਸਾਲ ਏਥੇ ਰਹਿ ਕੇ ਵਿਦਿਆ ਪ੍ਰਾਪਤ ਕਰਦਾ ਰਿਹਾ ਸੀ।

ਚੀਫ ਖਾਲਸਾ ਦੀਵਾਨ ਯਤੀਮਖਾਨੇ ਤੋਂ ਬਿਨਾ ਕਈ ਹਸਪਤਾਲਾਂ, ਹੋਮਿਓਪੈਥਕ ਸੰਸਥਾਵਾਂ, ਦੰਦ ਪੀੜਤਾਂ ਦੀ ਵੀ ਸਹਾਇਤਾ ਕਰਦਾ ਹੈ। ਗੁਰੂ ਅਮਰਦਾਸ ਬਿਰਧ ਆਸ਼ਰਮ ਤੇ ਸੂਰਮਾ ਸਿੰਘ ਆਸ਼ਰਮ ਵੀ ਇਸਦੀ ਸਹਾਇਤਾ ਨਾਲ ਹੀ ਚਲ ਰਹੇ ਹਨ। ਚੇਤੇ ਰਹੇ ਕਿ ਦੀਵਾਨ ਦੀ ਸਥਾਪਨਾ ਦੇ ਮੁਢਲੇ ਸਾਲਾਂ ਵਿਚ ਸੁੰਦਰ ਸਿੰਘ ਮਜੀਠੀਆ ਤੇ ਸੁਰਜੀਤ ਸਿੰਘ ਮਜੀਠੀਆ ਦਾ ਯੋਗਦਾਨ ਵੀ ਮਹੱਤਵਪੂਰਨ ਸੀ।

ਬੀਤੇ ਕੁਝ ਸਾਲਾਂ ਵਿਚ ਭਾਗ ਸਿੰਘ ਅਣਖੀ, ਮਨਜੀਤ ਤਰਨਤਾਰਨੀ, ਡਾ. ਮਹਿੰਦਰ ਸਿੰਘ ਢਿੱਲੋਂ, ਡਾ. ਜਸਵਿੰਦਰ ਸਿੰਘ ਢਿੱਲੋਂ, ਸਰਬਜੀਤ ਸਿੰਘ ਛੀਨਾ ਤੇ ਡਾ. ਅਮਰਜੀਤ ਸਿੰਘ ਦੂਆ ਇਸਦੀ ਵਿਦਿਅਕ ਕਮੇਟੀ ਦੇ ਆਨਰੇਰੀ ਸੈਕਟਰੀ ਰਹਿ ਚੁੱਕੇ ਹਨ। ਡਾਕਟਰ ਛੀਨਾ ਇੱਕੋ ਇਕ ਵਿਅਕਤੀ ਹੈ ਜਿਹੜਾ ਦੂਜੀ ਵਾਰ ਆਨਰੇਰੀ ਸਕੱਤਰ ਚੁਣਿਆ ਗਿਆ ਹੈ।

ਡਾ. (ਪ੍ਰੋਫੈਸਰ) ਸਰਬਜੀਤ ਸਿੰਘ ਛੀਨਾ ਕੋਲ ਖੇਤੀ ਆਰਥਕਤਾ ਦੀ ਡਾਕਟਰੇਟ ਹੈ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸੇਵਾਮੁਕਤ ਹੋਣ ਉਪ੍ਰੰਤ ਸਮਾਜ ਵਿਗਿਆਨ ਸੰਸਥਾ ਨਵੀਂ ਦਿੱਲੀ ਦੇ ਫੈਲੋ ਸਨਮਾਨਿਤ ਹਨ। ਉਹ ਗੁਰੂ ਨਾਨਕ ਦੇਵ ਯੂਨੀਵਰਸਟੀ ਦੀ ਸਿੰਡੀਕੇਟ ਤੇ ਸੈਨੇਟ ਦਾ ਮੈਂਬਰ ਵੀ ਰਹਿ ਚੁੱਕਿਆ ਹੈ। ਚੀਫ ਖਾਲਸਾ ਦੀਵਾਨ ਵਲੋਂ ਉਸਨੂੰ ਦੂਜੀ ਵਾਰ ਆਨਰੇਰੀ ਸਕੱਤਰ ਬਣਾਏ ਜਾਣ ਨਾਲ ਉਸਦੀ ਕਲਗੀ ਨੂੰ ਵਡੇਰਾ ਖੰਭ



ਲੱਗਿਆ ਹੈ।

ਚੀਫ ਖਾਲਸਾ ਦੀਵਾਨ ਵਿਸ਼ਵ ਪਧਰ ਦੀਆਂ ਕਾਨਫਰੰਸਾਂ ਆਯੋਜਤ ਕਰਨ ਲਈ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਕਾਨਫਰੰਸਾਂ ਵਿਚ ਭਾਰਤ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ, ਜ਼ਾਕਿਰ ਹੁਸੈਨ, ਫਖਰ ਉਲਦੀਨ ਅਲੀ ਅਹਿਮਦ, ਗਿਆਨੀ ਜ਼ੈਲ ਸਿੰਘ ਮੁਖ ਮਹਿਮਾਨਾਂ ਵਜੋਂ ਸ਼ਿਰਕਤ ਕਰਦੇ ਰਹੇ ਹਨ। ਇਨ੍ਹਾਂ ਤੋਂ ਬਿਨਾ ਦੇਸ ਪ੍ਰਦੇਸ਼ ਦੇ ਹੋਰ ਪਤਵੰਤੇ ਵੀ ਹਾਜ਼ਰੀ ਭਰਦੇ ਰਹੇ ਹਨ। ਆਪਣੇ ਵਿਹੜੇ ਨੂੰ ਵੱਧ ਤੋਂ ਵੱਧ ਪ੍ਰਭਾਵੀ ਬਣਾਉਣ ਲਈ ਚੀਫ ਖਾਲਸਾ ਦੀਵਾਨ ਦੀ ਪ੍ਰਮੁੱਖ ਸੰਸਥਾ ਹੀ ਨਹੀਂ ਇਸਦੀ ਵਿਦਿਅਕ ਸ਼ਾਖਾ ਵੀ ਆਪਣੀ ਕਾਰਜ-ਕਾਰਨੀ ਵਿਚ ਸੋਧਾਂ ਕਰਦੀ ਰਹੀ ਹੈ। 1907 ਵਿਚ ਹਰਬੰਸ ਸਿੰਘ ਅਟਾਰੀ ਸਮੇਤ ਕਈ ਅਹੁਦੇਦਾਰ ਮੁਸਲਿਮ ਐਜੂਕੇਸ਼ਨ ਸੰਸਥਾ ਦੀ ਕਾਰਜਕਾਰਨੀ ਦਾ ਜਾਇਜ਼ਾ ਲੈਣ ਕਰਾਚੀ ਗਏ ਤੇ ਉੱਥੋਂ ਐਨੇ ਪ੍ਰਭਾਵਤ ਹੋਏ ਕਿ ਆਪਣੀ ਸੰਸਥਾ ਵਿਚ ਵੀ ਲੋੜੀਂਦੇ ਸੁਧਾਰ ਕੀਤੇ। ਵਰਤਮਾਨ ਸਮੇਂ ਡਾ. ਛੀਨਾ ਨੂੰ ਆਪਣੇ ਵਿਦਿਅਕ ਪਖ ਦੀ ਜ਼ਿੰਮੇਵਾਰੀ ਦੁਬਾਰਾ ਸੌਂਪਣਾ ਵੀ ਉੱਤਮ ਹੈ।

**ਅੰਤਿਕਾ**

ਮੈਂ ਅਕੇਲਾ ਹੀ ਚਲਾ ਥਾ
ਜਾਨਣੇ ਮੰਜ਼ਿਲ ਮਗਰ
ਲੋਗ ਸਾਥ ਆਤੇ ਗਏ
ਕਾਰਵਾਂ ਬਨਤਾ ਗਿਆ।




## ਕੀ ਦੱਸਾਂ ਕਰਤਾਰ ਸਿਹਾਂ

*ਚਾਵਾਂ ਨੂੰ ਜੰਗਾਲ ਪਏ ਨੇ ਹੌਂਕਿਆਂ ਦੀ ਅੱਗ ਸੇਕ ਰਹੇ ਹਾਂ।*
*ਜੋ ਕਦੇ ਵੀ ਸੋਚਿਆ ਨਹੀਂ ਸੀ ਦਿਨ ਚੜ੍ਹਦੇ ਨੂੰ ਵੇਖ ਰਹੇ ਹਾਂ।*

*ਭੇਡਾਂ ਵਰਗੇ ਲੋਕ ਬਣਾ'ਤੇ ਇੱਕ ਪਾਸੇ ਨੂੰ ਭੱਜੀ ਜਾਣ।*
*ਵੇਖ ਨਜਾਰੇ ਬਚਨ ਸਿਹਾਂ ਸਭ ਇੱਕ ਦੂਜੀ ਵਿਚ ਵੱਜੀ ਜਾਣ।*

*ਬਾਂਦਰ ਹੁਣ ਨਚਾਉਣ ਲੱਗ ਪਏ ਤਮਾਸ਼ੇ ਵਿਚ ਮਦਾਰੀ ਨੂੰ।*
*ਸਪੇਰਿਆਂ ਤੋਂ ਸੱਪ ਕੀਲ ਨੀ ਹੁੰਦੇ ਸੁੱਟ'ਤਾ ਪਰਾਂ ਪਟਾਰੀ ਨੂੰ।*

*ਲੱਛੇ ਵਰਗਾ ਭਾਸ਼ਣ ਸੁਣ ਕੇ ਪੈਂਦਾ ਰੋਜ ਅਫਾਰਾ ਜੀ।*
*ਵੋਟਾਂ ਦੀ ਰੁੱਤ ਚੜ੍ਹੀ ਸਿਰਾਂ ਨੂੰ ਨਵਾਂ ਮਿਲੂਗਾ ਨਾਅਰਾ ਜੀ।*

*ਨਸ਼ਿਆਂ ਨੇ ਦੋ ਪੁੱਤ ਖਾ ਲਏ ਜੜ੍ਹ ਧੁਰੋਂ ਹੀ ਪੁੱਟੀ ਗਈ।*
*ਕੰਨ ਪਾੜ ਕੇ ਬਾਲ਼ੀਆਂ ਖੋਹੀਆਂ ਬਚਦੀ-ਖੁਚਦੀ ਲੁੱਟੀ ਗਈ।*

*ਕਿਸ ਮੋਰੀ ਵਿਚ ਸਿਰ ਫਸਾਈਏ ਤੂੰ ਹੀ ਦੱਸ ਕਰਤਾਰ ਸਿਹਾਂ।*
*ਟਿੰਡ ਘੜਾ ਕੇ ਬੋਦੀ ਰੱਖੀਏ? ਕੀ ਖਿਆਲ ਮੁਖਤਾਰ ਸਿਹਾਂ!*

*ਹੱਥੀ ਤੀਰ ਕਮਾਨ ਤੋੜ ਕੇ ਆਪੇ ਦੁੱਖ ਸਹੇੜੇ ਨੇ।*
*ਵੱਡਿਆਂ ਵੱਡਿਆਂ ਮਹਿਲਾਂ ਦੇ ਵੀ ਉਜੜੇ ਉਜੜੇ ਵਿਹੜੇ ਨੇ।*

*ਕਿਥੇ ਕਾਬੂ ਆਉਣੇ ਜਦ ਕਿਤੇ ਲੋਕ ਹੋ ਗਏ ਅਹੁਰੇ ਨੇ।*
*ਫੁੱਲਾਂ ਦਾ ਤਾਂ ਰਸ ਚੂਸ ਕੇ ਉੱਡ ਜਾਣਾ ਏ 'ਭੌਰੇ' ਨੇ।*

# ਗੀਤਾਂ ਰਾਹੀਂ ਡਿੱਠਾ - ਸਤਿੰਦਰ ਸਰਤਾਜ

## ਜਿਨ੍ਹਾਂ ਗ਼ਲਿਆਂ 'ਤੇ ਦਿਮਾਗ ਰਾਜ ਕਰਦੇ ਨੇ ਉਹ ਵਪਾਰੀ ਹੋ ਜਾਂਦੇ ਨੇ, ਤੇ ਜਿਨ੍ਹਾਂ ਗ਼ਲਿਆਂ ਉੱਤੇ ਦਿਲ ਦਾ ਰਾਜ ਹੁੰਦੈ, ਉਹ ਸਿਰਤਾਜ ਹੋ ਜਾਂਦੇ ਨੇ।

ਦੁਨੀਆਂ ਦੇ ਲੱਗਭਗ ਸਭ ਧਰਮ, ਇਸ ਦਲੀਲ ਉੱਤੇ ਸਹਿਮਤੀ ਪ੍ਰਗਟ ਕਰਦੇ ਨੇ ਕਿ ਇਸ ਸੰਸਾਰ ਦੀ ਉਤਪਤੀ, ਸ਼ਬਦ ਦੇ ਜਾਂ ਲਫ਼ਜ ਦੇ, 'ਆਵਾਜ਼ ਰੂਪ' ਵਿਚ ਆਉਣ ਨਾਲ ਹੋਈ ਹੈ। ਸੋ ਇਸ ਸੰਸਾਰ ਦੀ ਸਿਰਜਣਾ ਵਿਚ ਦੋ ਅੰਗ ਬੜੇ ਅਹਿਮ ਹਨ, ਇੱਕ ਸ਼ਬਦ ਤੇ ਦੂਜੀ ਆਵਾਜ਼, ਭਾਵ ਸੁਰ।

ਕੁਦਰਤ ਜਦੋਂ ਵੀ ਆਪਣਾ ਕੋਈ ਅਦੁੱਤੀ ਸੁਨੇਹਾ, ਇਸ ਸੰਸਾਰ ਅੰਦਰ ਭੇਜਦੀ ਹੈ ਤਾਂ ਉਹ ਸਦਾ ਹੀ, ਸ਼ਬਦ ਅਤੇ ਸੁਰ ਦੇ ਜ਼ਰੀਏ, ਇਸ ਧਰਤ ਉੱਤੇ ਪ੍ਰਗਟ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਬਾਬੇ ਨਾਨਕ ਨੇ, ਜਦੋਂ ਵੀ ਇਸ ਸੁਨੇਹੇ ਨੂੰ ਮਹਿਸੂਸ ਕੀਤਾ ਤਾਂ ਸਾਥੀ ਮਰਦਾਨੇ ਤਾਈਂ ਆਵਾਜ਼ ਲਾਈ, 'ਮਰਦਾਨਿਆਂ ਛੇੜ ਰਬਾਬ, ਬਾਣੀ ਆਈ ਹੈ...'

ਰੂਹਾਨੀ ਸ਼ਬਦਾਂ ਦੇ ਧਰਤੀ ਉੱਤੇ ਪ੍ਰਗਟ ਹੋਣ ਲਈ, ਰਸਤਾ ਹਮੇਸ਼ਾਂ ਹੀ ਸੁਰ ਬੱਧ ਤਿਆਰ ਕੀਤਾ ਗਿਆ।



**ਰਜਿੰਦਰ ਟਾਂਡਾ**
**ਫੋਨ:** 510-557-6988

ਸੂਫ਼ੀ ਬਾਬਿਆਂ ਜ਼ਰੀਏ ਵੀ, ਜਦੋਂ ਇਹ ਰੂਹਾਨੀ ਸ਼ਬਦ ਧਰਤ ਉੱਤੇ ਆਏ ਤਾਂ ਸੁਰ ਦੇ ਰੂਪ ਵਿਚ ਆਏ, ਕਿਸੇ ਤਾਲ ਅੰਦਰ ਬੱਝੇ ਹੋਏ, ਕਿਸੇ 'ਕਾਫੀ' ਵਰਗੇ ਰਾਗ ਅੰਦਰ ਢਲ ਕੇ ਆਏ। ਕਿਉਂਕਿ ਪਰਮਾਤਮਾ ਨੇ ਕਦੇ ਕੁੱਝ ਵੀ ਬੇਤਾਲਾ ਜਾਂ ਬੇਸੁਰਾ ਨਹੀਂ ਸਿਰਜਿਆ। ਇਸ ਬ੍ਰਹਿਮੰਡ ਦੀ ਹਰ ਹਰਕਤ, ਕਿਸੇ ਤੀਨ ਤਾਲ, ਦੀਪ ਚੰਦੀ, ਸੂਲਫ਼ਾਕ, ਝਪਤਾਲ ਜਾਂ ਰੂਪਕ ਦੇ ਰੂਪ ਵਿਚ ਹੀ ਹੁੰਦੀ ਹੈ। ਇੱਥੇ ਕੋਈ ਬੱਦਲ, ਰਾਗ ਮੇਘ ਵਿਚ ਗਰਜਦਾ ਹੈ, ਮੀਂਹ ਸਦਾ, ਕਿਸੇ ਮਲਹਾਰ ਅੰਦਰ ਬੱਝਿਆ ਹੋਇਆ ਵਰਸਦਾ ਹੈ ਤੇ ਡੋਡੀਆਂ, ਬਸੰਤ ਬਹਾਰ ਦਾ ਅਲਾਪ ਕਰਦਿਆਂ, ਹੀ ਫੁੱਲ ਬਣ ਜਾਂਦੀਆਂ ਹਨ।

ਦੁਨਿਆਵੀ ਰੂਪ ਵਿਚ ਵੀ, ਪਰਮਾਤਮਾ ਜਦੋਂ ਕਿਸੇ ਉੱਤੇ ਤਰੁੱਠਦਾ ਹੈ ਤਾਂ ਵੱਡੀ ਮਿਹਰਾਮਤਿ, 'ਸ਼ਬਦ' ਜਾਂ 'ਲਫ਼ਜ' ਦੇ ਰੂਪ ਵਿਚ ਬਖਸ਼ਦਾ ਹੈ ਜਾਂ ਫਿਰ ਪਰਮਾਤਮਾ ਜਦੋਂ ਕਦੇ ਮਿਹਰ ਦੇ ਘਰ ਅੰਦਰ ਆਵੇ, ਤਾਂ ਸੁਰ ਬਖਸ਼ ਦੇਂਦਾ ਹੈ, ਸੁਰੀਲਾ ਗ਼ਲਾ ਬਖਸ਼ ਦੇਂਦਾ ਹੈ। ਪਰ ਕਰੋੜਾਂ ਵਿਚੋਂ ਕੋਈ ਇੱਕ ਐਸੀ ਰੂਹ ਹੁੰਦੀ ਹੈ, ਜਿਸਨੂੰ ਉਹ ਖਾਸ ਗਲਵੱਕੜੀ ਅੰਦਰ ਲੈਂਦਾ ਹੋਇਆ ਸ਼ਬਦ ਅਤੇ ਸੁਰ, ਦੋਵਾਂ ਨਾਲ ਸਰਸ਼ਾਰ ਕਰ ਦੇਂਦਾ ਹੈ। ਸ਼ਬਦ ਅਤੇ ਸੁਰ ਦਾ ਆਹਲਾ ਸੁਮੇਲ, ਪਰਮਾਤਮਾ ਦੀਆਂ ਬਹੁਤ ਉੱਤਮ ਮਿਹਰਾਂ ਵਿਚੋਂ ਇੱਕ ਹੁੰਦੀ ਹੈ।

ਗੁਰੂ ਬਾਬਿਆਂ ਅਤੇ ਸੂਫ਼ੀ ਸੰਤਾਂ ਤੋਂ ਬਾਅਦ, ਆਮ ਦੁਨਿਆਵੀ ਲੋਕਾਂ ਉੱਤੇ ਵੀ, ਕਿਤੇ ਕਿਤੇ ਪਰਮਾਤਮਾ ਇਹ ਕ੍ਰਿਪਾ ਕਰਦਾ ਹੈ, ਜਿੱਥੇ ਉਹ ਰੱਬ ਸੱਚਾ, ਤਰੁੱਠ ਕੇ ਸ਼ਬਦਾਂ ਦਾ ਖਜ਼ਾਨਾ ਤੇ ਸੁਰ ਦੀ ਬਖਸ਼ਿਸ਼, ਇੱਕੋ ਸਰੀਰ ਨੂੰ ਕਰ ਦਿੰਦਾ।

ਅੱਜ ਜਿਹੜੀ ਸਖਸ਼ੀਅਤ ਦੀ ਬਾਤ ਪਾਉਣ ਲੱਗਿਆਂ ਹਾਂ, ਉਸਦੇ ਉੱਤੇ ਵੀ ਸੋਹਣੇ ਰੱਬ ਨੇ ਕੋਈ ਅਦੁੱਤੀ ਕਿਰਪਾ ਕਰ ਦਿੱਤੀ ਕਿ ਜਦੋਂ ਉਸਦੀ ਝੋਲ਼ੀ ਸ਼ਬਦ ਪਾਇਆ ਤੇ ਗੁਰੂ ਬਾਬਿਆਂ, ਸੂਫ਼ੀ ਸੰਤਾਂ ਤੇ ਆਲ਼ਮ ਫਾਜ਼ਿਲ ਲੋਕਾਂ ਦਾ ਅਸ਼ੀਰਵਾਦ ਵੀ ਨਾਲ ਭੇਜਿਆ ਤੇ ਜਦੋਂ ਸੁਰ ਬਖਸ਼ੀ ਤੇ ਬਾਬੇ ਮਰਦਾਨੇ ਅਤੇ ਅਮੀਰ ਖੁਸਰੋ ਵਰਗੇ ਸੁਰ ਅਮੀਰਾਂ ਦੀ, ਚਰਨ ਧੂੜ ਵੀ ਬਖਸ਼ ਦਿੱਤੀ। ਉਹ ਸ਼ਖ਼ਸੀਅਤ ਹੈ,

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ, ਅੰਬਾਂ, ਸਰਕੜੇ ਤੇ ਚੋਆਂ ਦੀ ਧਰਤੀ ਦਾ ਪਲ਼ਿਆ, ਖੇਡਿਆ, ਸੁਰ ਅਤੇ ਸ਼ਬਦ ਦਾ ਅਨੋਖਾ ਸੁਮੇਲ, 'ਸਤਿੰਦਰ ਸਰਤਾਜ' ਜੋ ਸਤਿੰਦਰ ਤੋਂ ਸਰਤਾਜ ਦੀ ਮੰਜ਼ਿਲ ਉੱਤੇ ਬੜੀ ਖ਼ੂਬਸੂਰਤੀ ਨਾਲ ਜਾ ਬੈਠਾ ਹੈ।

ਗੌਰਮਿੰਟ ਕਾਲਜ, ਹੁਸ਼ਿਆਰਪੁਰ, ਜਿਸਦੇ ਸਿਰ ਡਾ. ਮਨਮੋਹਨ ਸਿੰਘ ਵਰਗੀ ਸਖਸ਼ੀਅਤ ਨੂੰ ਘੜਨ ਦਾ ਸਿਹਰਾ ਬੱਝਦਾ ਹੈ, ਉਸੇ ਕਾਲਜ ਨੂੰ ਕੋਈ ਲੱਗਭੱਗ ਅੱਧੀ ਸਦੀ ਬਾਅਦ, ਇੱਕ ਹੋਰ ਹੀਰਾ, ਸਰਤਾਜ ਦੇ ਰੂਪ ਵਿਚ ਘੜ ਕੇ, ਪੰਜਾਬ ਦੀ ਝੋਲ਼ੀ ਪਾਉਣ ਦਾ ਮਾਣ ਵੀ ਹਾਸਲ ਹੈ ।

ਪੰਜਾਬੀ ਗਾਇਕੀ ਅੰਦਰ ਬੜੇ ਕਮਾਲ਼ ਦੇ ਗਵੱਈਏ ਹੋਏ ਹਨ, ਕਲਾਸੀਕਲ ਗਾਇਕੀ ਅੰਦਰ ਤਾਂ ਹੁਸ਼ਿਆਰਪੁਰ ਨੂੰ, ਸ਼ਾਮ ਚੁਰਾਸੀ ਘਰਾਣੇ ਦੇ ਸਲਾਮਤ ਅਲੀ ਖ਼ਾਨ ਵਰਗੇ ਵੱਡੇ ਗਵੱਈਏ ਤੇ ਪਟਿਆਲਾ ਘਰਾਣੇ ਨੂੰ, ਬੜੇ ਗੁਲਾਮ ਅਲੀ ਖਾਂ ਸਾਹਿਬ ਵਰਗੇ ਕਮਾਲ ਦੇ ਗਵਈਏ ਪੈਦਾ ਕਰਨ ਦਾ ਮਾਣ ਹੈ। ਲੋਕ ਗੀਤਾਂ ਅੰਦਰ ਮਾਣਕ, ਯਮਲੇ ਵਰਗੇ ਤੇ ਸੁਰਬੱਧ ਗਾਇਕੀ ਵਿਚ ਸਰਦੂਲ ਅਤੇ ਹੰਸ ਪੈਦਾ ਕਰਨ ਦਾ ਮਾਣ ਹੈ। ਪਰ ਕਦੇ ਕਿਸੇ ਗਾਇਕ ਨੂੰ, ਵਿਦਵਾਨ, ਅਦੀਬ, ਜ਼ਹੀਨ ਜਾਂ ਦਾਨਿਸ਼ਮੰਦ ਦਾ ਦਰਜਾ ਹਾਸਲ ਨਹੀਂ ਹੋ ਸਕਿਆ। ਇਹ ਮਾਣ ਕੇਵਲ ਸਰਤਾਜ ਦੀ ਝੋਲੀ ਪਿਆ ਹੈ। ਉਸਨੂੰ ਸੁਣਦਿਆਂ, ਕਦੇ ਮਹਿਸੂਸ ਹੁੰਦਾ ਕਿ ਉਹ ਮੰਡਲਾਂ ਵੱਲ ਲੈ ਤੁਰਦੀ ਹੈ ਤਾਂ ਉਹ ਪੰਜਾਬ ਦੀ ਹਰ ਮਾਂ ਨੂੰ ਆਪਣਾ ਪੁੱਤ ਮਹਿਸੂਸ ਹੁੰਦਾ ਹੈ. ਪੰਜਾਬ ਦੀ ਮਿੱਟੀ ਨੂੰ, ਪਿਆਰ ਕਰਨ ਵਾਲੇ ਹਰੇਕ ਪ੍ਰਾਣੀ ਨੂੰ ਉਹ ਆਪਣਾ-ਆਪਣਾ ਲਗਦੈ,



ਗਵੱਈਆ ਬਹੁਤ ਵੱਡਾ ਹੈ ਪਰ ਫਿਰ ਲਗਦੈ ਕਿ ਨਹੀਂ, ਇਹ ਸ਼ਾਇਰ ਉਸ ਤੋਂ ਵੀ ਵੱਡਾ ਹੈ। ਇਸੇ ਲਈ ਪੰਜਾਬ ਦਾ ਇਲਟਿਏ ਵਰਗ ਵੀ, ਉਸ ਨੂੰ ਮੂਹਰਲੀਆਂ ਸਫ਼ਾਂ ਵਿਚ ਬੈਠ ਕੇ, ਸੁਣਨ ਵਿਚ ਮਾਣ ਮਹਿਸੂਸ ਕਰਦਾ ਹੈ.

ਸਰਤਾਜ ਤੋਂ ਪਹਿਲਾਂ, ਸ਼ਿਵ ਨੂੰ ਇਹ ਮਾਣ ਹਾਸਲ ਸੀ ਕਿ ਉਸਦੀ ਹਰ ਰਚਨਾ ਨੂੰ ਪੂਰਨ ਰੂਪ ਵਿਚ, ਕਮਾਲ ਦਾ ਗਾਇਆ ਜਾ ਸਕਦਾ ਸੀ। ਕਿਉਂਕਿ ਸ਼ਿਵ ਕੁਮਾਰ ਬਟਾਲਵੀ ਦੀ ਝੋਲੀ ਵਿਚ, ਸ਼ਬਦ ਦੇ ਨਾਲ-ਨਾਲ, ਸੁਰ ਦੇ ਮੋਤੀ ਵੀ ਪਏ ਸਨ। ਇਹੀ ਕਾਰਨ ਸੀ ਕਿ ਉਸਦੇ ਸਮਕਾਲੀ, ਕਮਾਲ ਦੇ ਹੋਰ ਸ਼ਾਇਰ ਹੋਣ ਦੇ ਬਾਵਜੂਦ ਵੀ, ਸ਼ਿਵ ਨੇ ਲੋਕਪ੍ਰਿਅਤਾ ਦੇ ਸਿਖਰ ਨੂੰ ਹੱਥ ਲਾਇਆ। ਪਰ ਜਿੱਥੇ ਸ਼ਿਵ ਨੇ ਹਮੇਸ਼ਾ ਆਪਣੀ ਨਿੱਜੀ ਪੀੜ ਨੂੰ, ਆਪਣੀ ਕਵਿਤਾ ਉੱਤੇ ਭਾਰੀ ਰੱਖਿਆ, ਉੱਥੇ ਸਰਤਾਜ ਦੀ ਕਵਿਤਾ, ਆਪਣੀ ਮਿੱਟੀ ਦੇ ਦਰਦਾਂ ਦੀ, ਲੋਕਾਈ ਦੀ, ਹਵਾ-ਪਾਣੀ ਦੀ, ਵਿਰਸੇ ਅਤੇ ਰੂਹਾਨੀਅਤ ਦੀ ਗੱਲ ਕਰਦੀ ਹੋਈ, ਜਦੋਂ ਸ਼੍ਰੋਤੇ ਨੂੰ ਕਿਸੇ ਹੋਰ ਆਪਣਾ ਮੁਕਾਮ ਬਹੁਤ ਉੱਚਾ ਚੁੱਕ ਲੈਂਦਾ ਹੈ।

ਅਸਲ ਵਿਚ ਸ਼ਾਇਰ ਜਦੋਂ ਖ਼ੁਦ, ਆਪਣੇ ਗੀਤ ਨੂੰ ਕਾਗਜ਼ ਉੱਤੇ ਉਤਾਰ, ਸੁਰਾਂ ਨਾਲ ਸ਼ਿੰਗਾਰਦਾ ਹੈ ਤਾਂ ਗੀਤ ਕੰਨਾਂ ਥਾਈਂ ਨਹੀਂ, ਰੂਹ ਰਾਹੀਂ ਸੁਣਿਆ ਜਾਂਦਾ ਹੈ। ਇਸ ਲਈ ਸਰਤਾਜ ਦਾ ਹਰ ਗੀਤ ਕੰਨਾਂ ਦੀ ਬਜਾਏ, ਰੂਹ ਸੁਣਦੀ ਹੈ।

ਉਹਦੀ ਸ਼ਾਇਰੀ, ਗਾਗਰ ਵਿਚ ਸਾਗਰ ਅਖੌਤ ਨੂੰ ਪੂਰੀ ਤਰ੍ਹਾਂ ਪ੍ਰਣਾਈ ਹੋਈ ਹੈ। ਆਪਣੇ ਗੀਤਾਂ ਦੀ ਇੱਕ ਤੁਕ ਵਿਚ ਉਹ ਮੁਹੱਬਤ ਦਾ ਸਿਖਰ ਮਹਿਸੂਸ ਹੁੰਦਾ ਤੇ ਅਗਲੀ ਵਿਚ ਮਹਿਬੂਬ ਦੇ ਪੈਰਾਂ ਵਿਚ। 'ਪਾਣੀ ਪੰਜਾਂ ਦਰਿਆਵਾਂ ਵਾਲਾ' ਵਿਚ ਉਹ ਪੰਜਾਬ ਦੀ ਅਜੋਕੀ ਹਰ ਸਮੱਸਿਆ ਨੂੰ, ਇੱਕ ਇੱਕ ਸਤਰ ਅੰਦਰ ਬਿਆਨ ਕਰ ਦਿੰਦਾ ਹੈ। ਇਹ ਚਾਹੇ ਪਾਣੀਆਂ ਦੇ ਜ਼ਹਿਰੀਕਰਨ ਦੀ ਗੱਲ ਹੋਵੇ, ਅਗਲੀ ਪੀੜ੍ਹੀ ਦੇ ਆਪਣੇ ਅਮੀਰ ਵਿਰਸੇ ਤੋਂ, ਬੋਲੀ ਤੋਂ ਜਾਂ ਪਹਿਚਾਣ ਤੋਂ ਮੂੰਹ ਮੋੜਨ ਦੀ ਹੋਵੇ ਜਾਂ ਪੀੜ੍ਹੀਆਂ ਦਾ ਆਪਸੀ ਟਕਰਾਅ ਹੋਵੇ। 'ਇਹ ਵਿਰਸੇ ਦਾ ਮਸਲਾ ਮਖੌਲ ਦਾ ਨਹੀਂ ਏ' ਗਾਉਂਦਿਆਂ ਉਹ ਪੂਰੇ ਪੰਜਾਬ ਦੇ ਅਵੇਸਲੇ ਹੋ ਚੁੱਕੇ ਲੋਕਾਂ ਨੂੰ ਸਵਾਲ ਹੀ ਨਹੀਂ ਪਾਉਂਦਾ, ਸਗੋਂ ਖ਼ੂਨ ਨੂੰ, ਜ਼ਮੀਰ ਨੂੰ ਹਲੂਣਾ ਵੀ ਦਿੰਦਾ ਏ।

ਪੰਜਾਬ ਦਾ ਵੱਡਾ ਗੀਤਕਾਰ, ਦੇਵ ਥਰੀਕਿਆਂ ਵਾਲਾ ਇਸ ਗੱਲ ਦਾ ਗਿਲਾ ਕਰਦਿਆਂ ਸੰਸਾਰ ਉੱਤੋਂ ਤੁਰ ਗਿਆ ਕਿ ਸਾਨੂੰ ਗੀਤਕਾਰਾਂ ਨੂੰ, ਸਾਹਿਤਕਾਰ ਨਹੀਂ ਮੰਨਿਆ ਗਿਆ ਤੇ ਸਾਡੇ ਗੀਤਾਂ ਨੂੰ ਸਾਹਿਤ ਨਹੀਂ ਮੰਨਿਆ। ਪਰ ਸਰਤਾਜ ਨੇ ਇਸ ਗਿ਼ਲੇ ਨੂੰ ਵਗਾਹ ਕੇ ਪਰ੍ਹੇ ਮਾਰਿਆ। ਉਹਦੇ ਗੀਤ ਕੇਵਲ ਅਵੱਲ ਦਰਜੇ ਦੇ ਸਾਹਿਤ ਵਜੋਂ ਹੀ ਪ੍ਰਵਾਨ ਨਹੀਂ ਹੋਏ ਬਲਕਿ ਇਨ੍ਹਾਂ ਉੱਤੇ, ਆਉਣ ਵਾਲੇ ਸਮੇਂ ਵਿਦਿਆਰਥੀ ਐਮ ਫਿਲ, ਪੀਐਚ ਡੀ ਦੇ ਥੀਸਿਜ ਲਿਖਦਿਆਂ ਮਾਣ ਮਹਿਸੂਸ ਕਰਨਗੇ। ਜੇਕਰ ਮੈਂ ਅੱਜ ਕਿਸੇ ਯੂਨੀਵਰਸਿਟੀ ਦਾ ਵਿਦਿਆਰਥੀ ਹੁੰਦਾ ਤਾਂ ਇਹ ਬੀੜਾ ਚੁੱਕਣ ਦਾ, ਪਹਿਲਾ ਮਾਣ ਹਾਸਲ ਕਰਦਾ।

ਉਹਦੇ ਗੀਤਾਂ ਦੀ ਕਮਾਲ ਇਹ ਹੈ ਕਿ ਜਦੋਂ ਉਹ 'ਕਾਹਨ ਸਿੰਘ ਨਾਭੇ ਤੋਂ ਕੀ ਲੈਣਾ' ਗਾਉਂਦਾ ਹੈ ਤਾਂ ਪੰਜਾਬੀ ਦੇ ਮਹਾਨ ਗ੍ਰੰਥ 'ਮਹਾਨ ਕੋਸ਼' ਪ੍ਰਤੀ ਉਹਦੀ ਸ਼ਰਧਾ ਸਾਹਵੇਂ ਆਉਂਦੀ ਹੈ। 'ਨਿੱਕੀ ਜਿਹੀ ਕੁੜੀ' ਨੂੰ ਗਾਉਂਦਿਆਂ, ਉਹਦੀ ਬੱਚਿਆਂ ਪ੍ਰਤੀ ਮਾਸੂਮੀਅਤ ਸਾਫ਼ ਝਲਕਾਂ ਮਾਰਦੀ ਹੈ। 'ਮੋਤੀਆ, ਚਮੇਲੀ, ਬੇਲਾ, ਕੇਤਕੀ ਧਰੇਕ' ਗਾਉਂਦਿਆਂ ਦੇਖ ਲੱਗਦੈ, ਕਿ ਇਸ ਅਲਬੇਲੇ ਸ਼ਾਇਰ ਨੇ ਛੋਟੀ ਉਮਰੇ ਕਿਸੇ ਬੜੀ ਸੁਚੱਜੀ ਮਾਲਣ ਦੀ ਗੋਦੀ ਦਾ ਅਨੰਦ ਮਾਣਿਆ ਹੈ ਤੇ 'ਸਾਈਂ' ਗੀਤ ਗਾਉਂਦਿਆਂ ਉਹ ਬਾਬੇ ਬੁੱਲੇ ਸ਼ਾਹ ਤੇ ਬਾਬੇ ਸ਼ਾਹ ਹੁਸੈਨ ਦੇ ਹੁਜ਼ਰੇ ਅੰਦਰ, 'ਸਮਾ' ਦਾ ਅਨੰਦ ਮਾਣ ਰਿਹਾ ਮਹਿਸੂਸ ਹੁੰਦਾ ਹੈ।

'ਤਬਾਦਲੇ' ਗਾਣੇ ਨੂੰ ਸੁਣਨ ਲੱਗਿਆਂ, ਇਹ ਭੁਲੇਖਾ ਪੈ ਜਾਂਦਾ ਕਿ ਇਹ ਬੰਦਾ ਸ਼ਾਇਰ ਹੈ ਜਾਂ ਕਿਸੇ ਪਿੰਡ ਦੇ ਖੇਤਾਂ ਵਿਚ ਤੁਰਿਆ ਫਿਰਦਾ, ਗਿਰਦਵਾਰੀ ਕਰਦਾ, 'ਪਟਵਾਰੀ'। ਜਿਹੜਾ ਜਮ੍ਹਾਂਬੰਦੀਆਂ, ਗਿਰਦਵਾਰੀਆਂ, ਕਰਮਾਂ, ਮਰਲੇ, ਮੁਰੱਬੇ, ਆਦਿ ਲਫ਼ਜ਼ਾਂ ਦੇ ਲੱਠੇ, ਛਿਜਰੇ ਫਰੋਲਦਾ, ਉਹਨਾਂ ਨੂੰ ਮੁੜ ਜਿਉਂਦੇ ਕਰ ਰਿਹਾ ਹੈ। ਇੰਝ ਲਗਦੈ ਕਿ 'ਮਹਾਨ ਕੋਸ਼' ਹੁਣ ਗੀਤਾਂ ਜ਼ਰੀਏ, ਇਸ ਸ਼ਾਇਰ ਰੂਪੀ ਗਾਇਕ ਨੇ ਸਾਡੇ ਬੱਚਿਆਂ ਦੀ ਝੋਲੀ ਪਾ ਦੇਣਾ ਹੈ। ਕਦੇ-ਕਦੇ ਇੰਝ ਲਗਦੈ ਕਿ ਇਹ ਗਾਇਕ, ਸਾਡੇ ਖਿੰਡ ਪੁੰਡ ਚੁੱਕੇ ਪੁਰਾਤਨ ਸ਼ਬਦਾਂ ਦੀ ਮੁਰੱਬੇਬੰਦੀ ਕਰ, ਇਨ੍ਹਾਂ ਨੂੰ ਤਰਤੀਬ ਦੇ ਕੇ, ਸਾਡੇ ਬੱਚਿਆਂ ਦੇ ਮਨਾਂ ਵਿਚ, ਅਚੇਤ ਹੀ

***(ਬਾਕੀ ਅਗਲੇ ਸਫੇ 'ਤੇ)***

# ਲੋਹੇ ਦੀ ਲੱਠ - ਬਾਵਾ ਬਲਵੰਤ

ਜਿਨ੍ਹਾਂ ਦੇ ਅੰਤਰਮਨ ਵਿਚ ਸ਼ਬਦਾਂ ਦੇ ਦੀਵੇ ਬਲਦੇ ਹੋਣ ਉਹ ਬਾਹਰੀ ਦੁਨੀਆ ਤੋਂ ਵਿੱਥ ਥਾਪ ਕੇ ਚਲਦੇ ਹਨ। ਉਨ੍ਹਾਂ ਅੰਦਰ ਸ਼ਬਦਾਂ ਦੀ ਆਰਤੀ ਸਦਾ ਗੂੰਜਦੀ ਰਹਿੰਦੀ ਹੈ। ਯੁੱਗਾਂ ਦੇ ਲੰਬੇ ਪੈਂਡੇ ਉਨ੍ਹਾਂ ਲਈ ਚਮਕਦੀਆਂ ਆਕਾਸ਼ ਗੰਗਾਂ ਹੁੰਦੀਆਂ ਹਨ। ਸ਼ਬਦ ਤੇ ਸੰਗੀਤ ਵਿਚ ਰਮੇ ਅਜਿਹੇ ਜਿਊੜੇ ਨਿਰਾਲੀ ਚਾਲ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਸਮਝਣਾ ਅਸਲ ਵਿਚ ਸ਼ਬਦ ਦੇ ਧੁਰ ਅੰਦਰ ਯਾਤਰਾ ਕਰਨ ਦੇ ਬਰਾਬਰ ਹੁੰਦਾ ਹੈ। ਪੰਜਾਬੀ ਵਿਚ ਅਜਿਹਾ ਕਰਮਯੋਗੀ ਸੀ ਬਾਵਾ ਬਲਵੰਤ। ਉਹ ਜ਼ਿੰਦਗੀ ਨੂੰ ਆਪਣੇ ਬਣਾਏ ਅਸੂਲਾਂ ਨਾਲ ਜੀਵਿਆ। ਨਾ ਉਹਨੇ ਦੁਨੀਆ ਦੀ ਪ੍ਰਵਾਹ ਕੀਤੀ ਨਾ ਦੁਨੀਆਦਾਰਾਂ ਦੀ। ਇਸੇ ਕਰਕੇ ਉਹ ਕਹਿੰਦਾ ਹੈ: ਨਹੀਂ ਮੌਤ ਨੇ ਜਦ ਇਕ ਪਲ ਵੀ ਦੇਣਾ ਤਾਂ ਇਕ ਪਲ ਵੀ ਆਪਣਾ ਹੈ, ਕਿਉਂ ਮੌਤ ਕਰਨਾ?

ਉਨ੍ਹਾਂ ਦਾ ਜਨਮ 1915 ਵਿਚ ਠਾਕੁਰ ਦੀਨਾ

**ਪਰਮਜੀਤ ਢੀਂਗਰਾ**
**ਫੋਨ:** 94173-58120

ਨਾਥ ਦੇ ਘਰ ਪਿੰਡ ਨੇਸ਼ਟਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਵਿਚ ਹੀ ਉਨ੍ਹਾਂ ਦੇ ਪਿਤਾ ਵੈਦਗੀ ਦਾ ਧੰਦਾ ਕਰਨ ਲਈ ਅੰਮ੍ਰਿਤਸਰ ਆ ਗਏ। ਇਥੇ ਉਨ੍ਹਾਂ ਨੇ 'ਸ਼ਾਹੀ ਵੈਦਿਕ ਸ਼ਫਾਖਾਨਾ ਪੰਜਾਬ' ਨਾਂ ਹੇਠ ਹਿਕਮਤ ਸ਼ੁਰੂ ਕੀਤੀ। ਬਾਅਦ ਵਿਚ ਅੰਮ੍ਰਿਤਸਰ ਦੇ ਅੰਦਰੂਨੀ ਬਾਜ਼ਾਰ ਹੀ ਬਾਵਾ ਜੀ ਦੀ ਕਰਮ-ਭੂਮੀ ਬਣੇ। ਉਨ੍ਹਾਂ ਦੇ ਜਨਮ ਬਾਰੇ ਦੱਸਿਆ ਜਾਂਦਾ ਹੈ ਕਿ ਬਾਵਾ ਜੀ ਦਾ ਜਨਮ ਮੰਗਲਵਾਰ ਵਾਲੇ ਦਿਨ ਹੋਣ ਕਰਕੇ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦਾ ਨਾਂ ਦੀਵਾਨ ਮੰਗਲ ਸੈਨ ਰੱਖਿਆ। ਬਾਵਾ ਜੀ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਦੇ ਤਿੰਨ ਭਰਾ ਬਾਲ ਵਰੇਸ ਵਿਚ ਹੀ ਦੁਨੀਆ ਤੋਂ ਕੂਚ ਕਰ ਗਏ। ਧਾਰਮਕ ਵਿਸ਼ਵਾਸ ਅਤੇ ਲੋਕ ਮਾਨਤਾ ਅਨੁਸਾਰ ਉਨ੍ਹਾਂ ਨੂੰ ਜੰਮਦਿਆਂ ਹੀ ਰੂੜ੍ਹੀ ਦੇ ਢੇਰ 'ਤੇ ਸੁੱਟ ਦਿੱਤਾ ਗਿਆ। ਇਸ ਦਾ ਸੰਕੇਤਕ ਅਰਥ ਇਹ ਸੀ ਕਿ ਉਹ ਉਨ੍ਹਾਂ ਦੇ ਪਿਤਾ ਦੇ ਘਰ ਨਹੀਂ ਜੰਮਿਆ ਸਗੋਂ ਉਹ ਉਹਨੂੰ ਰੂੜ੍ਹੀ ਤੋਂ ਚੁੱਕ ਕੇ ਲਿਆਏ ਹਨ। ਇਸ ਕਰਕੇ ਉਨ੍ਹਾਂ ਦਾ ਨਾਂ ਵੀ ਰੂੜ੍ਹਾ ਮੱਲ ਰੱਖ ਦਿਤਾ। ਲੋਕ ਵਿਸ਼ਵਾਸ ਅਨੁਸਾਰ ਬਾਰਾਂ ਵਰ੍ਹਿਆਂ ਤੱਕ ਉਨ੍ਹਾਂ ਦੇ ਮੁੰਡਨ ਵੀ ਨਾ ਕੀਤੇ ਤਾਂ ਜੋ ਇਹ ਬਾਲਕ ਜੀਉਂਦਾ ਰਹੇ। ਉਨ੍ਹਾਂ ਦੇ ਵਾਲਾਂ ਦੀਆਂ ਜਟੂਰੀਆਂ ਬਣ ਗਈਆਂ ਤੇ ਲੋਕ ਅਕਸਰ ਇਸ ਬਾਲਕ ਨੂੰ ਬਾਵਾ ਕਹਿਣ ਲੱਗ ਪਏ।

ਬਾਵਾ ਜੀ ਅੰਦਰ ਇਕ ਕਵੀ/ਕਲਾਕਾਰ ਬੈਠਾ ਸੀ। ਜਦੋਂ ਉਹਨੇ ਸਿਰ ਚੁੱਕਿਆ ਤਾਂ ਉਨ੍ਹਾਂ ਨੂੰ ਰੂੜ੍ਹਾ ਮੱਲ ਨਾਂ ਸੁਹਜ ਸੁਆਦ ਤੋਂ ਸੱਖਣਾ ਜਾਪਿਆ ਤੇ ਉਨ੍ਹਾਂ ਨੇ ਆਪਣਾ ਨਾਂ 'ਬਲਵੰਤ ਰਾਏ ਸ਼ਰਮਾ' ਰੱਖ ਲਿਆ ਪਰ ਸਾਹਿਤਕ ਹਲਕਿਆਂ ਵਿਚ ਉਹ ਬਾਵਾ ਬਲਵੰਤ ਵਜੋਂ ਹੀ ਜਾਣੇ ਗਏ। ਪੰਜਾਬੀ ਸਾਹਿਤ ਵਿਚ ਬਾਵਾ ਬਲਵੰਤ ਦਾ ਰੂਪ ਇਕ ਜੋਗੀ ਵਾਲਾ ਹੈ ਤੇ ਇਸਦੇ ਉਲਟ ਬਲਵੰਤ ਗਾਰਗੀ ਦਾ ਰੂਪ ਭੋਗੀ ਵਾਲਾ ਹੈ। ਇਹ ਦੋਵੇਂ ਬਲਵੰਤ ਪੰਜਾਬੀ ਸਾਹਿਤ ਦੇ ਧਰੂ ਤਾਰੇ ਹਨ।

ਉਨ੍ਹਾਂ ਸਮਿਆਂ ਵਿਚ ਮੁੱਢਲੀ ਸਿੱਖਿਆ ਘਰੇ ਦੇਣ ਦਾ ਰਿਵਾਜ ਸੀ। ਉਸੇ ਪਰੰਪਰਾ 'ਤੇ ਚਲਦਿਆਂ ਬਾਵਾ ਜੀ ਨੇ ਮੁੱਢਲੀ ਸਿੱਖਿਆ ਘਰੇ ਹੀ ਪ੍ਰਾਪਤ ਕੀਤੀ। ਉਰਦੂ ਉਸ ਵੇਲੇ ਦੀ ਸਿੱਖਿਆ ਦੀ ਜ਼ਬਾਨ ਸੀ। ਫਾਰਸੀ ਸ਼ਾਹੀ ਜ਼ਬਾਨ ਸੀ ਤੇ ਹਿੰਦੂ ਘਰਾਂ ਵਿਚ ਹਿੰਦੀ ਧਰਮ ਦੀ ਜ਼ਬਾਨ ਸੀ, ਬਾਵਾ ਜੀ ਨੇ ਵੀ ਇਹ ਜ਼ਬਾਨਾਂ ਸਿੱਖੀਆਂ। ਪਰ ਉਨ੍ਹਾਂ ਨੂੰ ਅੰਗਰੇਜ਼ੀ ਤਰਜ਼ ਵਾਲੇ ਸਕੂਲਾਂ 'ਚ ਜਾਣ ਦਾ ਮੌਕਾ ਨਾ ਮਿਲਿਆ, ਨਹੀਂ ਤਾਂ ਉਹ ਅੰਗਰੇਜ਼ੀ ਜ਼ਬਾਨ ਵੀ ਸਿੱਖ ਲੈਂਦੇ। ਪੰਜਾਬੀ ਜ਼ਬਾਨ ਉਨ੍ਹਾਂ ਅੰਦਰਲੇ ਕਵੀ ਦੀ ਜ਼ਬਾਨ ਸੀ ਤੇ ਉਨ੍ਹਾਂ ਨੇ ਕਵਿਤਾ ਰਾਹੀਂ ਇਸ ਜ਼ਬਾਨ ਨੂੰ ਵੱਖਰੀ ਕਿਸਮ ਦਾ ਸੁਹਜ ਬੋਧ ਅਤੇ ਕਾਵਿ ਫਲਸਫਾ ਬਖਸ਼ਿਆ।

ਬਚਪਨ ਵਿਚ ਬਾਵਾ ਜੀ ਅਲਬੇਲੇ ਸੁਭਾਅ ਦੇ ਮਾਲਕ ਸਨ। ਦੁਨੀਆ ਨੂੰ ਦੇਖਣ/ਘੋਖਣ ਦਾ ਉਨ੍ਹਾਂ ਦਾ ਨਜ਼ਰੀਆ ਬਿਲਕੁਲ ਵੱਖਰਾ ਸੀ। ਰੋਜ਼ੀ-ਰੋਟੀ ਲਈ ਉਨ੍ਹਾਂ ਨੇ ਕਈ ਪਾਪੜ ਵੇਲੇ ਪਰ ਕਿਸੇ ਦੀ ਹੈਂਕੜ ਨਹੀਂ ਮੰਨੀ। ਉਹ ਅੰਦਰੋਂ ਸਵੈ-ਨਿਰਭਰਤਾ ਦੇ ਮਾਲਕ ਸਨ ਇਸੇ ਕਰਕੇ ਉਨ੍ਹਾਂ ਨੇ ਸਰਕਾਰਾਂ, ਧਰਮਾਂ, ਸਮਾਜਾਂ ਤੇ ਫੋਕੇ ਚੌਧਰੀਆਂ ਦੀ ਟੈਂਅ ਨਹੀਂ ਮੰਨੀ, ਸਗੋਂ ਲੋਹੇ ਦੀ ਲੱਠ ਬਣੇ ਰਹੇ। ਉਨ੍ਹਾਂ ਨੇ ਮੁਨੀਮੀ ਵੀ ਕੀਤੀ। ਉਸ ਸਮੇਂ ਆਮ ਕਰਕੇ ਹਿੰਦੂ ਭਾਈਚਾਰੇ ਵਿਚ ਮੁਨੀਮ ਬਣਨ ਦਾ ਰਿਵਾਜ ਸੀ ਤੇ ਆਮ ਮੱਧਵਰਗੀ ਪਰਿਵਾਰਾਂ ਦੇ ਬੱਚੇ ਇਸ ਕਸਬ ਵਿਚ ਬੜੇ ਪ੍ਰਬੀਨ ਹੋ ਜਾਂਦੇ ਸਨ। ਪਰ ਬਾਵਾ ਜੀ ਨੂੰ ਹਿਸਾਬ-ਕਿਤਾਬ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਗੱਤੇ ਦੇ ਡੱਬੇ ਬਣਾਏ, ਲਿਫਾਫੇ ਬਣਾਏ, ਸੂਤ ਰੰਗਣ ਦਾ ਕੰਮ ਕੀਤਾ, ਖੱਦਰ ਦੀਆਂ ਟੋਪੀਆਂ ਸੀਤੀਆਂ ਤੇ ਅੰਤ ਕੱਪੜਿਆਂ 'ਤੇ ਠੱਪੇ ਠੋਕਣ ਦਾ ਕੰਮ ਕੀਤਾ। ਇਸ ਕੰਮ ਦੀ ਉਨ੍ਹਾਂ ਸਮਿਆਂ 'ਚ ਕਾਫੀ ਮੰਗ ਸੀ।


ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੇ ਗੁਲਾਮ ਹਿੰਦੋਸਤਾਨ ਵਿਚ ਤਰਥੱਲੀ ਮਚਾ ਦਿਤੀ। ਬਾਵਾ ਜੀ ਇਸ ਸਾਕੇ ਵੇਲੇ ਅੰਮ੍ਰਿਤਸਰ ਵਿਚ ਹੀ ਸਨ। ਇਥੋਂ ਦੇ ਆਜ਼ਾਦੀ ਸੰਗਰਾਮੀਆਂ ਨਾਲ ਉਨ੍ਹਾਂ ਦੀ ਨੇੜਤਾ ਸੀ। ਉਹ ਕਾਂਗਰਸ ਪਾਰਟੀ ਦੇ ਨੇੜੇ ਸਨ ਉਨ੍ਹਾਂ ਨੇ ਪਾਰਟੀ ਦੀਆਂ ਕੁਝ ਸਰਗਰਮੀਆਂ ਵਿਚ ਹਿੱਸਾ ਲਿਆ ਜਿਸ ਕਰਕੇ ਸਰਕਾਰ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਰੰਟ ਜਾਰੀ ਕਰ ਦਿਤੇ। ਪੁਲਿਸ ਉਨ੍ਹਾਂ ਨੂੰ ਲੱਭਣ ਲਈ ਥਾਂ-ਥਾਂ ਛਾਪੇ ਮਾਰ ਰਹੀ ਸੀ ਪਰ ਉਹ ਰੂਪੋਸ਼ ਹੋ ਗਏ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਉਰਦੂ ਵਿਚ 'ਸ਼ੇਰੇ-ਹਿੰਦ' ਕਿਤਾਬ ਲਿਖੀ ਜੋ ਅੰਗਰੇਜ਼ ਸਰਕਾਰ ਨੇ ਜਬਤ ਕਰ ਲਈ। ਇਸੇ ਸਮੇਂ ਬਾਵਾ ਜੀ ਨੇ ਨਿੱਠ ਕੇ ਇਨਕਲਾਬੀ ਫਲਸਫੇ ਦਾ ਅਧਿਐਨ ਕੀਤਾ ਤੇ ਉਨ੍ਹਾਂ ਦੀ ਸੋਚ ਵਿਚ ਇਨਕਲਾਬੀ ਤਬਦੀਲੀ ਆਈ। ਗਾਂਧੀ-ਇਰਵਿਨ ਪੈਕਟ ਪਿਛੋਂ ਹੀ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਰੰਟ ਰੱਦ ਹੋਏ।

ਪਰ ਬਾਵਾ ਜੀ ਦੇ ਸਾਹਾਂ ਵਿਚ ਕਵਿਤਾ ਘੁਲੀ ਹੋਈ ਸੀ, ਅੱਖਾਂ 'ਚ ਸੁਪਨੇ ਸਨ, ਹੱਥ 'ਚ ਕਲਮ ਸੀ, ਸੋਚਾਂ ਵਿਚ ਬਗਾਵਤ ਸੀ। ਦੁਨੀਆ ਦੇ ਕੰਮ-ਧੰਦੇ ਅਜਿਹੇ ਬੰਦਿਆਂ ਲਈ ਹੇਚ ਹਨ। ਉਨ੍ਹਾਂ ਦੀ ਬਾਹਰੀ ਦਿੱਖ ਦਾ ਵਰਣਨ ਕਰਦਿਆਂ ਡਾ. ਕੁਲਬੀਰ ਸਿੰਘ ਕਾਂਗ ਨੇ ਲਿਖਿਆ ਹੈ: ਬਾਵਾ ਜੀ ਕਿਸੇ ਐਤਵਾਰ ਜਾਂ ਛੁੱਟੀ ਵਾਲੇ ਦਿਨ ਆ ਜਾਂਦੇ। ਉਹ ਦਿਨ ਉਨ੍ਹਾਂ ਦੀ ਕਲਾਸੀਕਲ ਸੰਗਤ ਵਿਚ ਗੁਜ਼ਰਦਾ। ਚੰਗਾ ਗਠਵਾਂ ਸਰੀਰ, ਪਿਛਾਂਹ ਵੱਲ ਵਾਹੇ ਹੋਏ ਵਾਲ, ਖੱਦਰ ਦਾ ਕੁੜਤਾ ਪਜਾਮਾ, ਖੱਬੇ ਹੱਥ ਖੱਦਰ ਦਾ ਥੈਲਾ, ਗਰਮੀਆਂ ਵਿਚ ਛਤਰੀ, ਥੈਲੇ ਵਿਚ ਨਿੰਬੂ, ਲੂਣ ਦੀ ਪੁੜੀ, ਛੋਟਾ ਚਾਕੂ, ਕਦੀ ਕਦੀ ਕੋਈ ਚੂਰਨ ਜਾਂ ਦਵਾਈ ਵੀ ਹੁੰਦੀ। ਸਿਆਲਾਂ ਵਿਚ ਨਹਿਰੂ ਜਾਕਟ ਪਾਈ ਹੁੰਦੀ।

'ਚੜ੍ਹਦੀ ਜਵਾਨੀ ਵਿਚ ਇਸ਼ਕ ਅੰਦਰੋਂ ਹਿਲੋਰੇ ਮਾਰਦਾ ਹੈ। ਇਸ਼ਕ ਵੱਡੇ ਵੱਡੇ ਜਣਾਂ ਨੂੰ ਲਪੇਟੇ ਵਿਚ ਲੈ ਕੇ ਜਾਂ ਤਾਂ ਬਰਬਾਦ ਕਰ ਦੇਂਦਾ ਹੈ ਜਾਂ ਫਿਰ ਅਜਿਹੀਆਂ ਰਚਨਾਵਾਂ ਲਿਖਵਾ ਲੈਂਦਾ ਹੈ ਕਿ ਉਹ ਵਾਰਸਸ਼ਾਹ ਵਾਂਗ ਅਮਰ ਹੋ ਜਾਂਦੇ ਹਨ। ਡਾ. ਕਾਂਗ ਅਨੁਸਾਰ ਜੀਵਨ ਦੇ ਇਕ ਪੜਾਅ 'ਤੇ ਬਾਵਾ ਜੀ ਨੂੰ ਇਕ ਸੋਹਣੀ ਸਿੰਧਣ ਮੁਟਿਆਰ 'ਕ੍ਰਿਸ਼ਨਾ' ਨਾਲ ਇਸ਼ਕ ਹੋ ਗਿਆ। ਇਸ਼ਕ ਦੀ ਦਾਸਤਾਂ ਰਾਮ ਲੀਲ੍ਹਾ ਵੇਖਦੇ ਸ਼ੁਰੂ ਹੋਈ। ਬਾਵਾ ਖ਼ੁਦ ਗੋਰਾ ਚਿੱਟਾ ਤੇ ਕਸਰਤੀ ਸਰੀਰ ਵਾਲਾ ਨੌਜਵਾਨ ਸੀ। ਬਾਵਾ ਜੀ ਨੂੰ ਇਸ ਇਕਤਰਫੇ ਇਸ਼ਕ ਨੇ ਨਾਗ ਵਲ ਵਾਂਗ ਵਲ ਲਿਆ। ਚੜ੍ਹਦੀ ਉਮਰੇ ਰਾਮਲੀਲ੍ਹਾ ਵੇਖਣ ਗਏ, ਇਸ਼ਕ ਵਿਚ ਘਿਰ ਗਏ। ਉਦੋਂ ਲੀਲ੍ਹਾ ਦੀ ਸਟੇਜ ਅੱਗੋਂ ਉਭਰਵੀਂ ਹੁੰਦੀ ਸੀ। ਦੇਖਣ ਵਾਲਿਆਂ ਲਈ ਅਰਧ ਗੋਲਾਕਾਰ ਦਾ ਪਿੜ ਹੁੰਦਾ ਸੀ। ਆਮ ਕਰਕੇ ਪਿੜ ਵਿਚ ਅਗਲੇ ਪਾਸੇ ਔਰਤਾਂ ਅਤੇ ਬੱਚੇ ਬੈਠਦੇ ਸਨ। ਪਿੱਛੇ ਮਰਦ ਅਤੇ ਮੁੰਡੇ ਬੈਠੇ ਸਨ।

ਇਕ ਸ਼ਾਮ ਕੁੜੀਆਂ ਦੇ ਪਿੜ ਦੇ ਪਿੱਛੇ ਬਾਵਾ ਜੀ ਖੜ੍ਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਇਕ ਕੁੜੀ ਨਾਲ ਮਿਲੀਆਂ ਤੇ ਇਹ ਅਮਰ ਗਾਥਾ ਬਣ ਗਈ। ਰਾਮ ਲੀਲ੍ਹਾ ਦੀ ਥਾਂ 'ਕ੍ਰਿਸ਼ਨਾ ਲੀਲ੍ਹਾ' ਬਣ ਗਈ। ਉਹ ਯਾਦਗਾਰੀ ਘੜੀ ਸੀ, ਜਦੋਂ ਬਾਵਾ ਜੀ ਦੇ ਕੋਮਲ ਹਿਰਦੇ ਵਿਚ ਇਸ਼ਕ ਤਰੰਗਾਂ ਦੇ ਸੰਗੀਤ ਜਾਗ ਪਏ। ਕਵਿਤਾ ਦੀਆਂ ਆਬਸ਼ਾਰਾਂ ਆਪ-ਮੁਹਾਰੀਆਂ ਹੋ ਕੇ ਗੀਤਾਂ ਦੇ ਮੁਖੜੇ ਬਣ ਗਈਆਂ।

ਅੰਮ੍ਰਿਤਸਰ ਦਾ ਬਾਜ਼ਾਰ ਮੁਨਿਆਰਾਂ, ਜਿਨ੍ਹਾਂ ਨੇ ਉਸ ਬਾਜ਼ਾਰ ਦੀ ਰੌਣਕ ਵੇਖੀ ਹੈ, ਉਹ ਉਨ੍ਹਾਂ ਦੇ ਚੇਤਿਆਂ 'ਚੋਂ ਕਦੇ ਨਹੀਂ ਗੁਆਚ ਸਕਦੀ। ਇਸ



ਬਾਜ਼ਾਰ ਨੂੰ ਹੁਸਨ ਦਾ ਬਾਜ਼ਾਰ ਕਿਹਾ ਜਾਂਦਾ ਸੀ। ਇਥੇ ਔਰਤਾਂ ਦੇ ਦੰਦਾਸੇ, ਸੁਰਮੇ, ਸੁਰਖੀ ਤੋਂ ਲੈ ਕੇ ਉਨ੍ਹਾਂ ਦੀ ਹਰ ਚੀਜ਼ ਵਿਕਦੀ ਸੀ। ਭੀੜੇ ਬਾਜ਼ਾਰ ਤੇ ਗਲੀਆਂ ਵਿਚ ਧੂਫਾਂ, ਅਗਰਬੱਤੀਆਂ ਦੀ ਮਹਿਕ ਦੇ ਨਾਲ ਹੁਸਨ ਦੀ ਮਹਿਕ, ਰੰਗਾਂ ਦੀਆਂ ਸਤਰੰਗੀਆਂ, ਦੁਕਾਨਾਂ ਦੇ ਬਾਹਰ ਲਟਕਦੇ ਸ਼ਿੰਗਾਰ ਪਰੁੱਚੇ ਪਰਾਂਦੇ/ਪਰਾਂਦੀਆਂ, ਸੁਹਾਗਣਾਂ ਦੇ ਚੂੜੇ, ਬੀੜੇ। ਇੰਜ ਜਾਪਦਾ ਸੀ ਜਿਵੇਂ ਇਹ ਕੋਈ ਇੰਦਰ ਦਾ ਅਖਾੜਾ ਹੋਵੇ। ਇਸ ਬਾਜ਼ਾਰ ਦੇ ਉਤੋਂ ਗੂੰਜਦੀ ਇਲਾਹੀ ਬਾਣੀ ਜਿਵੇਂ ਜ਼ਿੰਦਗੀ ਦੇ ਮੇਲੇ 'ਚ ਇਸ ਦੇ ਲੌਕਿਕ ਤੇ ਅਲੌਕਿਕ ਅਰਥ ਦਸ ਰਹੀ ਹੋਵੇ ਕਿਉਂਕਿ ਇਸ ਬਾਜ਼ਾਰ ਦੀ ਪਿੱਠ ਨਾਲ ਅਕਾਲ ਤਖ਼ਤ ਲਗਦਾ ਸੀ (ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਬਣੇ ਗਲਿਆਰੇ ਕਰਕੇ ਇਸ ਬਾਜ਼ਾਰ ਦੀ ਹੋਂਦ ਹੁਣ ਖ਼ਤਮ ਹੋ ਚੁੱਕੀ ਹੈ)। ਇਸੇ ਬਾਜ਼ਾਰ ਦੀ ਇਕ ਦੁਕਾਨ 'ਤੇ ਬਾਵਾ ਜੀ ਲੱਕੜ ਦੇ ਠੱਪਿਆਂ ਨਾਲ ਖੇਸ ਠੇਕ ਰਹੇ ਸਨ। ਉਦੋਂ ਕੁੜੀਆਂ-ਚਿੜੀਆਂ ਰੁਮਾਲਾਂ 'ਤੇ ਛਾਪੇ ਪੁਆ ਕੇ ਆਪਣੇ ਸੁਪਨਿਆਂ ਦੇ ਰਾਜਕੁਮਾਰਾਂ ਦੇ ਨਾਂ ਕੱਢਦੀਆਂ ਸੋਹਣੇ-ਸੋਹਣੇ ਫੁੱਲ ਕੱਢਦੀਆਂ ਸ਼ਰਮਾਉਂਦੀਆਂ ਵੀ, ਤੇ ਵਿਚੋਂ ਹੁਸਨ/ਇਸ਼ਕ ਦੀਆਂ ਤਲਬਗਾਰ, ਹਵਾ ਵਿਚ ਉਡਦੀਆਂ ਫਿਰਦੀਆਂ। ਇਥੇ ਕ੍ਰਿਸ਼ਨਾ ਰੁਮਾਲਾਂ 'ਤੇ ਛਾਪੇ ਪੁਆਉਣ ਲਈ ਬਾਵਾ ਜੀ ਕੋਲ ਆਈ। ਬਾਵਾ ਜੀ ਮੰਤਰ ਮੁਗਧ। ਇਸ਼ਕ ਵਿਚ ਡੁਲ੍ਹੇ। ਬੜੇ ਉਮਾਹ ਅਤੇ ਚਾਅ ਨਾਲ ਰੁਮਾਲ ਰੱਖ ਲਏ ਅਤੇ ਕੱਲ੍ਹ ਆਉਣ ਲਈ ਕਿਹਾ। ਉਨ੍ਹਾਂ ਰੁਮਾਲਾਂ 'ਤੇ ਆਪਣਾ ਦਿਲ ਛਾਪ ਦਿੱਤਾ। ਇਹੋ ਜਿਹੇ ਪਲਾਂ ਦੀ ਉਮਰ ਥੋੜ੍ਹੀ ਹੁੰਦੀ ਹੈ ਪਰ ਇਹ ਉਮਰ ਭਰ ਤੜਫਾਉਂਦੇ ਹਨ।

ਅਗਲੇ ਦਿਨ ਕ੍ਰਿਸ਼ਨਾ ਰੁਮਾਲ ਲੈ ਗਈ। ਖਾਮੋਸ਼ੀ ਦਾ ਇਹ ਸਫਰ ਉਮਰਾਂ ਦਾ ਪੈਂਡਾ ਬਣ ਗਿਆ। ਅਜਿਹੇ ਇਸ਼ਕ ਵਿਚ ਜਿਊਣ ਨਾਲੋਂ ਮਰਨ ਵਧੇਰੇ ਹੁੰਦਾ ਹੈ। ਇਕ ਦਿਨ ਕ੍ਰਿਸ਼ਨਾ ਦਾ ਵਿਆਹ ਹੋ ਗਿਆ। ਸੁਪਨਿਆਂ ਦੇ ਰਾਜਕੁਮਾਰ ਨਾਲੋਂ ਕੋਈ ਹੋਰ ਕੁਮਾਰ ਉਹਨੂੰ ਲੈ ਗਿਆ। ਇਹ ਪਲ ਬਾਵਾ ਜੀ ਦੀ ਕਾਵਿ ਅਨੁਭੂਤੀ ਵਿਚ ਢਲ ਗਏ:

ਮੈਂ ਮੁਹੱਬਤ ਉਸਨੂੰ ਕਰਦਾ ਹੀ ਰਿਹਾ
ਰੋਜ਼ ਜਿਉਂਦਾ ਰੋਜ਼ ਮਰਦਾ ਹੀ ਰਿਹਾ
ਪਰ ਉਸ਼ਾ ਮੇਰੀ ਨੂੰ ਨਫ਼ਰਤ ਹੀ ਰਹੀ
ਪ੍ਰੀਤ ਮੇਰੀ ਫੇਰ ਵੀ ਜੀਵਿਤ ਹੀ ਰਹੀ
ਹੇ! ਮੁਹੱਬਤ ਤੇਰੀ ਛੋਹ ਤੋਂ ਹੀ ਕਦੀ
ਆਦਮੀ ਬਣੇਗਾ ਪੂਰਨ ਆਦਮੀ
ਏਸੇ ਲਈ ਨਫ਼ਰਤ ਨੂੰ ਜਰਦਾ ਹੀ ਰਿਹਾ
ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ

ਬਾਵਾ ਜੀ ਆਪਣੀ ਦੁਨੀਆ 'ਚ ਮਗਨ ਸਨ। ਅਚਾਨਕ ਕਿਸੇ ਨੇ ਖਾਮੋਸ਼ ਪਾਣੀਆਂ 'ਚ ਕੰਕਰ ਸੁੱਟਿਆ। ਪਾਣੀਆਂ ਦੀ ਹਿੱਕ 'ਤੇ ਲਹਿਰੀਏ ਉੱਠਣ ਲੱਗੇ। ਖਾਮੋਸ਼ ਪਾਣੀਆਂ 'ਚ ਹਰਕਤ ਪੈਦਾ ਹੋ ਗਈ। ਬਾਵਾ ਜੀ ਨੂੰ ਉਨ੍ਹਾਂ ਦੇ ਦੋਸਤ ਨੇ ਦੱਸਿਆ ਕਿ ਕ੍ਰਿਸ਼ਨਾ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਘੰਟਾਘਰ ਵਾਲੇ ਪਾਸਿਓਂ ਜਾ ਰਹੀ ਹੈ। ਬਾਵਾ ਜੀ ਗੁਰਦੁਆਰਾ ਥੜ੍ਹਾ ਸਾਹਿਬ ਦੀਆਂ ਪੌੜੀਆਂ ਵੱਲੋਂ ਨੰਗੇ ਪੈਰੀਂ ਭੱਜ ਨਿਕਲੇ ਤੇ ਉਸ ਦੇ ਘੰਟਾ ਘਰ ਪਹੁੰਚਣ ਤੋਂ ਪਹਿਲਾਂ ਹੀ ਉਥੇ ਜਾ ਖਲੋਤੇ। ਉਹਦਾ ਪਤੀ ਨਾਲ ਸੀ। ਕ੍ਰਿਸ਼ਨਾ ਨੇ ਬੇਸਬਰੇ ਪ੍ਰੇਮੀ ਵੱਲ ਵੇਖ ਕੇ ਅੱਖਾਂ ਪਰੇ ਕਰ ਲਈਆਂ ਉਸ ਦੀ ਸੀਮਾ, ਉਹਦਾ ਬੰਧਨ ਨਾਲ ਸੀ। ਉਸ ਨੇ ਉਥੋਂ ਸ਼ਾਲਾਂ ਵਾਲੇ ਬਾਜ਼ਾਰ ਵਿਚੋਂ ਲੰਘ ਕੇ ਕਟੜਾ ਆਹਲੂਵਾਲੀਆ ਪਹੁੰਚਣਾ ਸੀ। ਬਾਵਾ ਜੀ ਗਲੀਆਂ ਵਿਚੋਂ ਹੁੰਦੇ ਨੰਗੇ ਪੈਰੀਂ ਓਥੇ ਪਹਿਲਾਂ ਹੀ ਜਾ ਖਲੋਤੇ। ਕ੍ਰਿਸ਼ਨਾ ਦੀਆਂ ਨਜ਼ਰਾਂ ਫਿਰ ਸੀਮਾ ਦੀ ਵਲਗਣ ਵਿਚ ਵਲੀਆਂ ਗਈਆਂ। ਬਾਵਾ ਜੀ ਫੇਰ ਪਹਿਲਾਂ ਹੀ ਗੁਰਦੁਆਰਾ ਸਾਰਾਗੜ੍ਹੀ ਦੇ ਨੇੜੇ ਮਲਿਕਾ ਦੇ ਬੁੱਤ ਕੋਲ ਜਾ ਖਲੋਤੇ। ਕ੍ਰਿਸ਼ਨਾ ਓਵੇਂ ਹੀ ਜਿਵੇਂ ਸਰਾਪੀ ਅਹਿੱਲਿਆ ਹੋਵੇ। ਰਾਮ ਦੀ ਛੋਹ ਤੋਂ ਡਰਦੀ ਹੋਵੇ। ਫਿਰ ਉਹ ਬਿਜਲੀ ਵਾਲੇ ਚੌਂਕ 'ਤੋਂ ਹੁੰਦੇ ਹੋਏ ਅਖੀਰ ਰਾਮ ਬਾਗ ਜਾ ਪਹੁੰਚੇ। ਹੁਣ ਸਿੱਲ ਪੱਥਰ ਅਹਿਲਿਆ ਵਿਚ ਹਰਕਤ ਹੋਈ ਤੇ ਉਸ ਨੇ ਡੂੰਘੀ ਨਜ਼ਰ ਨਾਲ ਆਪਣੇ ਖਾਮੋਸ਼ ਪ੍ਰੇਮੀ ਵੱਲ ਵੇਖਿਆ ਤੇ ਉਸ ਦੀਆਂ ਅੱਖਾਂ ਵਿਚ ਇਕ ਤਰਲਾ ਸੀ ਕਿ ਹੁਣ ਬਹੁਤ ਹੋ ਗਈ ਹੈ। ਸਮਾਜ ਦੀਆਂ ਕੰਧਾਂ ਉਹ ਉਲੰਘ ਨਹੀਂ ਸਕਦੀ। ਭਲਾ ਇਸੇ ਵਿਚ ਹੈ ਕਿ ਆਪਣੇ-ਆਪਣੇ ਰਾਹਾਂ ਦੇ ਹਮਸਫਰ ਬਣੇ ਰਹੀਏ। ਸ਼ਾਇਦ ਇਹੀ ਸਾਡੀ ਹੋਣੀ ਹੈ। 'ਕ੍ਰਿਸ਼ਨਾ ਦੇ ਆਉਣ 'ਤੇ' ਵਿਚ ਕਵੀ ਲਿਖਦਾ ਹੈ:

ਤੂੰ ਜਦ ਆਈ ਇਸ ਵਾਰ
ਮੇਰੇ ਸੁੰਨ ਦੀਪ ਵਿਚ ਆਈ
ਰਹਿਮਤ ਭਰੀ ਬਹਾਰ
ਤੂੰ ਆਈ ਜਦ ਇਸ ਵਾਰ
ਅੱਤ ਗਰਮੀ ਵਿਚ ਜਿਵੇਂ ਅਚਾਨਕ
ਆਏ ਮਧੁਰ ਸਮੀਰ
ਜਿਉਂ ਤੈਮੂਰ ਦੇ ਸੁਪਨੇ ਅੰਦਰ
ਜਾਗ ਪਈ ਤਕਦੀਰ
ਮੌਨ ਪਏ ਮੇਰੇ ਦਿਲ ਕਾਰਨ
ਜੀਵਨ-ਅਹਿਲਿਆ-ਸਿਲ ਕਾਰਨ
ਲੈ ਕੇ ਮੁਕਤੀ-ਛੁਹ ਪੈਰਾਂ ਵਿਚ
ਆਏ ਰਾਮ ਅਵਤਾਰ
ਤੂੰ ਇੰਜ ਆਈ ਇਸ ਵਾਰ

ਜ਼ਿੰਦਗੀ ਦੇ ਜਵਾਨ ਪੜਾਅ 'ਤੇ ਬਾਵਾ ਜੀ ਦਾ ਵਿਆਹ ਵੀ ਹੋਇਆ। ਪਰ ਇਹ ਵਿਆਹ ਤਾਂ ਇਕ ਤਰ੍ਹਾਂ ਦੀ ਠੱਗੀ ਸੀ। ਉਸ ਸਮੇਂ ਕੁੜੀਆਂ-ਮੁੰਡਿਆਂ ਦੀ ਆਪਸ ਵਿਚ ਵੇਖ-ਵਿਖਾਈ ਜਾਂ ਗੱਲਬਾਤ ਨਹੀਂ ਸੀ ਹੁੰਦੀ। ਮਾਪੇ ਖ਼ੁਦ ਹੀ ਵਰ ਲੱਭਦੇ ਤੇ ਢੁਕਾ ਹੋ ਜਾਂਦੇ। ਮਾਪਿਆਂ ਦੇ ਸਹੇੜ ਜ਼ਿੰਦਗੀਆਂ ਗਾਲ ਦੇਂਦੇ ਤੇ ਪੁਰਾਣੇ ਰਿਸ਼ਤੇ ਨਵੇਂ ਰਿਸ਼ਤਿਆਂ ਵਿਚ ਬਦਲ ਅੱਗੋਂ ਨਵੇਂ ਰਿਸ਼ਤਿਆਂ ਨੂੰ ਜਨਮ ਦੇ, ਆਪਣੇ ਅਰਮਾਨਾਂ ਤੇ ਚਾਵਾਂ ਨੂੰ ਚੁੱਲ੍ਹੇ ਦੀ ਠੰਢੀ ਰਾਖ ਵਾਂਗ ਸਹਿ ਲੈਂਦੇ। ਉਸ ਮੌਕੇ ਦੀ ਪਰੰਪਰਾ ਅਨੁਸਾਰ ਬਾਵਾ ਜੀ ਲਈ ਕੁੜੀ ਛੋਟੇ ਭਰਾ ਨੂੰ ਵਿਖਾਈ ਗਈ। ਸਿਹਰੇ ਬੰਨ੍ਹੇ ਗਏ, ਵਾਜੇ-ਵੱਜੇ, ਜਾਂਜੀਆਂ ਮਾਂਝੀਆਂ ਆਨੰਦ ਮਾਣਿਆ। ਰੀਤੀ-ਰਿਵਾਜ ਪੂਰੇ ਗਏ। ਚਾਵਾਂ ਨਾਲ ਡੋਲੀ ਘਰ ਆਈ। ਪਾਣੀ ਵਾਰਿਆ ਗਿਆ। ਪਰ ਠੱਗ ਜ਼ਮਾਨਾ ਠੱਗੀ ਚਾਲ ਚੱਲ ਗਿਆ। ਉਨ੍ਹਾਂ ਜ਼ਮਾਨਿਆਂ ਵਿਚ ਅਕਸਰ ਇੰਜ ਹੁੰਦਾ ਸੀ ਕਿ ਕੁੜੀ ਦਿਖਾਈ ਹੋਰ ਜਾਂਦੀ ਤੇ ਨਰੜ ਕੋਈ ਹੋਰ ਦਿੱਤੀ ਜਾਂਦੀ। ਬਾਵਾ ਜੀ ਨਾਲ ਵੀ ਇਹ ਭਾਣਾ ਵਾਪਰਿਆ। ਛੋਟੇ ਭਰਾ ਦੇ ਦੱਸਣ ਮੁਤਾਬਕ ਕਿ ਜਿਹੜੀ ਕੁੜੀ ਦਿਖਾਈ ਗਈ ਸੀ, ਤੋਰਨ ਵੇਲੇ ਕੋਈ ਹੋਰ ਤੋਰ ਦਿਤੀ ਗਈ। ਬਾਵਾ ਜੀ ਨੂੰ ਇਹ ਠੱਗੀ ਮਨਜ਼ੂਰ ਨਹੀਂ ਸੀ। ਉਹ ਘਰੋਂ ਭੱਜ ਕੇ ਕਿਤੇ ਜਾ ਲੁਕੇ। ਬਿਰਾਦਰੀ ਦਾ ਦਬਾਅ ਪਿਆ ਤੇ ਅੰਤ ਸਮਝੌਤਾ ਹੋਇਆ। ਉਸ ਕੁੜੀ ਤੋਂ ਖਹਿੜਾ ਛੁਟਿਆ। ਮੁੜ ਬਾਵਾ ਜੀ ਇਸ ਝਮੇਲੇ ਵਿਚ ਪਏ ਹੀ ਨਹੀਂ। ਉਨ੍ਹਾਂ ਜ਼ਿੰਦਗੀ ਨੂੰ ਆਪਣੇ ਨੇਮ ਵਾਂਗ ਗੁਜ਼ਾਰਨ ਦਾ ਫੈਸਲਾ ਕਰ ਲਿਆ। ਸੋਹਣੀ ਸਿੰਧਣ ਕ੍ਰਿਸ਼ਨਾ ਦੇ ਸੱਚੇ-ਸੁੱਚੇ ਕਮਾਲ ਇਸ਼ਕ ਅੱਗੇ ਇਹ ਠੱਗੀ ਤਾਂ ਘਿਨਾਉਣੀ ਹਰਕਤ ਸੀ, ਜੋ ਬਾਵੇ ਦੇ ਮੇਚ ਦੀ ਨਹੀਂ ਸੀ। ਉਨ੍ਹਾਂ ਦੀ ਸਥਿਤੀ ਤਾਂ ਦੋ ਪੁੜਾਂ ਵਿਚ ਪਿਸ ਰਹੀ ਸੀ। ਉਹ ਲਿਖਦੇ ਹਨ:

ਤੇਰਾ ਇਕ ਦਿਲ ਹੈ ਜਾਂ ਦੋ
ਆਪੇ ਕਹੇਂ 'ਮੈਂ ਤੇਰੀ ਤੇਰੀ'
ਆਪੇ ਕਹੇ 'ਨਾ ਛੋਹ'
ਤੇਰਾ ਇਕ ਦਿਲ ਹੈ ਜਾਂ ਦੋ?
ਰੋਵਾਂ ਜਦ ਆਖੇ 'ਹਸ ਛੇਤੀ'
ਹੱਸਾਂ ਆਖੇ 'ਰੋ'
ਤੇਰਾ ਇਕ ਦਿਲ ਹੈ ਜਾਂ ਦੋ?

ਇਕ ਘਟਨਾ ਬਾਰੇ ਤਾਂ ਡਾ. ਕਾਂਗ ਨੇ ਜ਼ਿਕਰ ਕੀਤਾ ਹੈ ਕਿ ਬਾਵਾ ਜੀ ਉਦੋਂ ਦਿੱਲੀ ਰਹਿੰਦੇ ਸਨ। ਅੰਮ੍ਰਿਤਾ ਪ੍ਰੀਤਮ ਉਦੋਂ ਰੇਡਿਓ ਦੇ ਪੰਜਾਬੀ ਪ੍ਰੋਗਰਾਮ ਦੀ ਇੰਚਾਰਜ ਸੀ। ਹਰ ਵਰ੍ਹੇ 26 ਜਨਵਰੀ ਵਾਲੇ ਦਿਨ ਰੇਡੀਓ ਤੋਂ ਕਵੀ ਦਰਬਾਰ ਦੀ ਪੇਸ਼ਕਾਰੀ ਹੁੰਦੀ ਤੇ 125 ਰੁਪਏ ਸੇਵਾ ਫਲ ਵੀ ਮਿਲਦਾ। ਅੰਮ੍ਰਿਤਾ ਨੇ ਬਾਵੇ ਨੂੰ ਕਾਨਟਰੈਕਟ ਫਾਰਮ ਭੇਜਿਆ, ਪਰ ਉਨ੍ਹਾਂ ਇਨਕਾਰ ਕਰ ਦਿਤਾ। ਫਿਰ ਡਾ. ਕਾਂਗ ਨੂੰ ਭੇਜਿਆ ਕਿ ਉਹ ਕਿਸੇ ਤਰ੍ਹਾਂ ਬਾਵੇ ਨੂੰ ਲੈ ਕੇ ਆਵੇ ਪਰ ਬਾਵਾ ਜੀ ਟਾਲੀ ਗਏ। ਅਖੀਰਲੇ ਦਿਨ ਅੰਮ੍ਰਿਤਾ ਆਪ ਸਟਾਫ ਕਾਰ ਲੈ ਕੇ ਆ ਗਈ ਪਰ ਬਾਵਾ ਜੀ ਪਿਛਲੇ ਪਾਸਿਓਂ ਭੱਜ ਗਏ, ਰੇਡੀਓ ਸਟੇਸ਼ਨ ਨਹੀਂ ਗਏ। ਉਦੋਂ ਅੰਮ੍ਰਿਤਾ ਦਾ ਵਿਹੜਾ ਵੱਡੇ ਵੱਡੇ ਲੇਖਕਾਂ, ਕਲਾਕਾਰਾਂ ਦਾ ਆਕਰਸ਼ਨ ਸੀ। ਇਕ ਵਾਰ ਡਾ. ਕਾਂਗ ਨੇ ਵੀ ਕਿਹਾ ਸੀ ਕਿ ਬਾਵਾ ਜੀ ਤੁਸੀਂ ਅੰਮ੍ਰਿਤਾ ਨੂੰ ਕਿਉਂ ਨਹੀਂ ਮਿਲਦੇ ਤਾਂ ਬਾਵਾ ਜੀ ਦਾ ਉੱਤਰ ਸੀ, 'ਗੱਲ ਇਹ ਹੈ ਕਾਂਗ ਜੀ, ਕਿ ਹਰ ਲੇਖਕ ਉਸ ਦੇ ਦਰ 'ਤੇ ਸਜਦਾ ਕਰਦਾ ਹੈ, ਪਰ ਮੈਂ ਉਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਵੀਆਂ ਵਿਚ ਕੋਈ 'ਬੰਦਾ' ਵੀ ਹੈ।'

ਇਸ ਬੰਦੇ ਦੀ ਤੋਰ ਨਿਰਾਲੀ ਹੈ/ਮੇਰੇ ਹੀ ਰੰਗ ਤੋਂ ਦੁਨੀਆ ਹੈਰਾਨ ਹੈ/ਪਰ ਕਿਉਂ/ਜਦ ਆਪਣਾ ਆਪਣਾ ਹੀ ਹੋਣਾ/ਕਿਸੇ ਕਮਾਲ 'ਤੇ ਹੈ/ਹੇ! ਹੋਸ਼ ਵਾਲੇ/ ਮੇਰੇ ਸ਼ੌਕ ਦੀ ਕਦਰ ਨਾ ਸਹੀ/ ਮੇਰਾ ਕਸੂਰ ਕੀ ਆਖਰ/ਤੇਰੇ ਖਿਆਲ 'ਚ ਹੈ ਅਜੀਬ ਪਰਦਾ/ਇਹ ਨਕਸ਼ਦਾਰ ਢੰਗ ਹੈ/ਦਿਲ ਤੂੰ ਇਸ ਦੀ ਭਾਲ 'ਚ/ਪਰ ਬੰਦਾ ਤੇਰੀ ਭਾਲ 'ਚ।

ਡਾ. ਸੁਰਜੀਤ ਸਿੰਘ ਸੇਠੀ ਨੇ ਉਹਦੇ ਬਾਰੇ ਯਾਦਾਂ ਸਾਂਝੀਆਂ ਕਰਦਿਆਂ ਲਿਖਿਆ ਹੈ ਕਿ ਬਾਵਾ ਜੀ ਨੂੰ ਮੈਂ ਲੱਖ ਯਤਨ ਕਰਨ 'ਤੇ ਵੀ ਰੇਡਿਓ 'ਤੇ ਰਿਕਾਰਡਿੰਗ ਕਰਵਾਉਣ ਲਈ ਨਾ ਮਨਾ ਸਕਿਆ।

ਉਨ੍ਹਾਂ ਦੇ ਕਾਵਿ ਦੀਆਂ ਪਰਤਾਂ ਨੂੰ ਪੰਜਾਬੀ ਜਗਤ ਨੇ ਨਹੀਂ ਸਮਝਿਆ। ਉਨ੍ਹਾਂ ਦੇ ਮਿੱਤਰ ਤੇ ਸਾਡੇ ਪਿਆਰੇ ਬਜ਼ੁਰਗ ਦੋਸਤ ਸੁਮੇਰ ਅਕਸਰ ਉਨ੍ਹਾਂ ਦੀਆਂ ਬਾਤਾਂ ਪਾਉਂਦੇ ਹੁੰਦੇ ਸਨ। ਉਨ੍ਹਾਂ ਦੀ ਮੌਤ ਤੋਂ ਚਾਰ ਸਾਲ ਬਾਅਦ ਉਨ੍ਹਾਂ ਨੇ ਲਿਖਿਆ ਸੀ ਚਾਰ ਸਾਲ ਹੋ ਚੁੱਕੇ, ਬਾਵਾ ਬਲਵੰਤ ਸਾਕਾਰ ਰੂਪ ਵਿਚ ਸਾਡੇ ਦਰਮਿਆਨ ਨਹੀਂ ਪਰ ਉਹ ਜਿੱਥੇ ਜਿੱਥੇ ਵੀ ਗਿਆ ਆਪਣੀ ਠੋਸ ਤੇ ਮਹਾਨ ਕਵਿਤਾ ਨਾਲ ਭਿੱਜਾ-ਭਿੱਜਾ ਨਿਰਾਕਾਰ ਰੂਪ ਓਥੇ ਸਦਾ ਲਈ ਛੱਡ ਗਿਆ। ਸੋ ਮਨ ਨਹੀਂ ਮੰਨਦਾ ਕਿ ਬਾਵਾ ਕਿਸੇ ਹੋਰ ਦੁਨੀਆ ਵਿਚ ਚਲਾ ਗਿਆ ਹੋਵੇ। ਅਜੇ ਵੀ ਬੂਹੇ ਉੱਤੇ ਉਹਦੇ ਪੈਰਾਂ ਦੀ ਚਾਪ 'ਤੇ ਕੋਈ ਅਜੀਬ ਜਿਹੀ ਮਹਿਕਾਰ ਖਿਲਰਦੀ ਜਾਪਦੀ ਹੈ ਤੇ ਫਿਰ ਇਹ ਹਕੀਕਤ ਵੀ ਵਿਚਾਰਵਾਨਾਂ ਵਿਚ ਮੰਨੀ ਜਾਂਦੀ ਹੈ ਕਿ 'ਮਹਾਨ ਮਨੁੱਖ' ਕਦੇ ਨਹੀਂ ਮਰਦੇ ਬਾਵਾ ਬਲਵੰਤ ਦੀ ਮਹਾਨ ਰਚਨਾ ਵੀ ਤਾਂ ਰਹਿੰਦੀ ਦੁਨੀਆ ਤੱਕ ਪੜ੍ਹੀ ਜਾਵੇਗੀ।

---

*(ਪਿਛਲੇ ਸਫੇ ਦਾ ਬਾਕੀ)*

ਇਨ੍ਹਾਂ ਸੋਹਣੇ ਸ਼ਬਦਾਂ ਦਾ, 'ਮੁੜ ਵਸੇਬਾ' ਕਰਵਾ ਦੇਵੇਗਾ।

ਆਪਣੇ ਗੀਤਾਂ ਵਿਚ 'ਗੱਭੇ' ਸ਼ਬਦ ਨੂੰ ਜਿਉਂਦਾ ਕਰਦਾ ਜਿੱਥੇ ਉਹ ਦੁਆਬੇ ਦਾ ਪੁੱਤ ਲੱਗਦੈ , ਉੱਥੇ 'ਥਿਆਇਆ' ਲਫਜ਼ ਆਪਣੇ ਗੀਤਾਂ ਅੰਦਰ ਵਰਤਦਿਆਂ ਉਹਦਾ ਮਾਲਵੇ ਨਾਲ ਪਿਆਰ ਵੀ ਸਾਫ ਝਲਕਦਾ ਹੈ। 'ਰਸੀਦ' ਗਾਣੇ ਅੰਦਰ ਉਹ ਮੁਹੱਬਤ ਦੇ ਅਸੂਲ ਸਿਖਾਉਂਦਾ ਤੇ 'ਕਿਤੇ ਨਹੀਂ ਤੇਰਾ ਰੁਤਬਾ ਘਟਦਾ' ਅੰਦਰ ਮਹਿਬੂਬ ਦੇ ਪੈਰਾਂ ਦੀ ਧੂੜ ਹੋ ਜਾਣ ਦੀ ਬਾਤ ਪਾਉਂਦਾ ਹੈ।

ਉਹਦੀ ਬਾਕੀ ਸਾਰੀ ਕਰਗੁਜ਼ਾਰੀ ਇੱਕ ਪਾਸੇ, ਤੇ ਉਹਦਾ 'ਜ਼ਫ਼ਰਨਾਮਾ' ਗਾ ਦੇਣਾ ਇੱਕ ਪਾਸੇ। ਜੋ ਕਮਾਲ ਉਸ ਨੇ, ਸਾਹਿਬੇ ਕਮਾਲ ਦੀ ਇਹ ਕਮਾਲ ਰਚਨਾ ਗਾ ਕੇ ਕੀਤਾ ਹੈ ਉਹ ਵੀ ਇੱਕ ਇਤਿਹਾਸ ਹੈ। 'ਆਰਤੀ, ਆਰਤਾ' ਗਾਉਂਦਿਆਂ ਇੰਝ ਲੱਗਦੈ ਕਿ ਉਹ ਆਪਣੇ ਪਿੰਡ ਬਜਰਾਵਰ ਦੀ ਜੂਹ ਤੋਂ ਤੁਰਿਆ, ਨੇੜਲੇ ਛੇਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਗੁਰਦਵਾਰਾ ਸਾਹਿਬ, ਪਿੰਡ 'ਹਰੀਆਂ ਵੇਲਾਂ' ਵੱਲ ਨੂੰ ਜਾਂਦੀ ਕਿਸੇ ਕੱਚੀ ਡੰਡੀ ਉੱਤੇ ਤੁਰਿਆ ਜਾਂਦਾ ਗਾ ਰਿਹਾ ਹੋਵੇ।

ਸੁਰ ਤੇ ਸ਼ਬਦ ਦੀ ਵਰਖਾ, ਕਿਸੇ ਇੱਕ ਰੂਹ ਉੱਤੇ ਹੋ ਜਾਣੀ, ਵੱਡੀ ਕਿਰਪਾ ਹੈ ਤੇ ਅਮੂਮਨ, ਉੱਥੇ ਹਉਮੈ ਟਿਕਦੀ ਨਹੀਂ। ਪਰ ਫਿਰ ਵੀ ਸੂਖ਼ਮ ਹਉਮੈ, ਬੜੀ ਬਲਵਾਨ ਹੁੰਦੀ ਹੈ। ਗੁਰੂ ਕ੍ਰਿਪਾ ਕਰੇ, ਹਰ ਸੁਣਨ ਵਾਲੇ ਦੀ ਦੁਆ ਵਿਚੋਂ, ਇਹ ਅਰਦਾਸ ਨਿਕਲੇ ਕਿ ਕਿਸੇ ਸੂਖਮ ਹਉਮੈ ਦਾ ਪਰਛਾਵਾਂ ਵੀ, ਇਸ ਸੁੱਚੀ ਰੂਹ ਉੱਤੇ ਨਾ ਪਵੇ। ਕਿਉਂਕਿ ਐਸੀਆਂ ਕਿਰਤਾਂ, ਹਮੇਸ਼ਾਂ ਸੁੱਚੀਆਂ ਰੂਹਾਂ ਹੀ ਪੈਦਾ ਕਰ ਸਕਦੀਆਂ ਨੇ ਤੇ ਅਸੀਂ ਇਨ੍ਹਾਂ ਹੋਰ ਬਹੁਤ ਸਾਰੀਆਂ ਸੁੱਚੀਆਂ ਕਿਰਤਾਂ ਦਾ ਅਨੰਦ ਮਾਣਨਾ ਹੈ। ਗੁਰੂ ਕ੍ਰਿਪਾ ਕਰਨ, ਉਹਦੀ ਕੇਵਲ, ਇਹ ਮੰਜ਼ਿਲ ਹੀ ਨਹੀਂ, ਸਗੋਂ ਉਹਦੀ ਹਰ ਅਗਲੀ ਮੰਜ਼ਿਲ, ਸਦੀਵੀ ਪੌੜੀਆਂ ਵਿਚ ਤਬਦੀਲ ਹੁੰਦੀ ਰਹੇ ਤੇ ਉਹ ਇਹ ਪੌੜੀਆਂ, ਤਾਅ ਜ਼ਿੰਦਗੀ ਚੜ੍ਹਦਾ ਰਹੇ।

ਪਰਮਾਤਮਾ ਨੇ, ਇਸ ਸਰੀਰ ਅੰਦਰ, ਗ਼ਲੇ ਤੋਂ, ਦਿਮਾਗ ਅਤੇ ਦਿਲ ਦੀ ਦੂਰੀ ਲੱਗਭੱਗ ਬਰਾਬਰ ਰੱਖੀ ਹੈ। ਇਹ ਗਾਉਣ ਵਾਲੇ ਦੀ ਕਿਸਮਤ ਹੈ ਕਿ ਉਸਨੇ ਆਪਣੇ ਗ਼ਲੇ ਉੱਤੇ ਦਿਮਾਗ ਦਾ ਰਾਜ ਕਰਵਾਉਣਾ ਜਾਂ ਦਿਲ ਦਾ...ਜਿੰਨ੍ਹਾਂ ਗ਼ਲਿਆਂ ਉੱਤੇ ਦਿਮਾਗ ਰਾਜ ਕਰਦੇ ਨੇ ਉਹ ਵਪਾਰੀ ਹੋ ਜਾਂਦੇ ਨੇ, ਤੇ ਜਿਨ੍ਹਾਂ ਗ਼ਲਿਆਂ ਉੱਤੇ ਦਿਲ ਦਾ ਰਾਜ ਹੁੰਦੈ, ਉਹ ਸਿਰਤਾਜ ਹੋ ਜਾਂਦੇ ਨੇ। ਮਹਾਰਾਜ ਸਤਿੰਦਰ ਸਿੰਘ ਦੇ ਗ਼ਲੇ ਉੱਤੇ, ਉਹਦੇ ਦਿਲ ਦਾ ਰਾਜ ਕਰਵਾਉਣ, ਤਾਂ ਕਿ ਉਹ ਸਦੀਵੀ ਸਿਰਤਾਜ ਬਣਿਆ ਰਹੇ.

# ਚਾਲ਼ੀ ਦਿਨਾਂ ਦੀ ਯਾਤਰਾ-2

***ਡਾ. ਗੁਰਪ੍ਰੀਤ ਧੁੱਗਾ ਦੀ ਕਿਤਾਬ 'ਚਾਲੀ ਦਿਨ' ਵਿਸ਼ਾਲ ਪੱਧਰ 'ਤੇ ਪਾਠਕਾਂ ਵੱਲੋਂ ਪਸੰਦ ਕੀਤੀ ਜਾ ਰਹੀ ਹੈ। ਸਾਹਿਤਕ ਹਲਕਿਆਂ 'ਚ ਸੱਚਮੁੱਚ ਹੀ ਇਸ ਦੀਆਂ ਧੁੰਮਾਂ ਪੈ ਰਹੀਆਂ ਹਨ। 19 ਜੂਨ ਤੋਂ ਇਸ ਕਿਤਾਬ ਉੱਤੇ ਆਧਾਰਿਤ ਫਿਲਮ 'ਚਾਲੀ ਦਿਨ' ਸਿਨਮਿਆਂ ਵਿਚ ਚੱਲ ਰਹੀ ਹੈ। ਇਸ ਨਾਵਲ ਬਾਰੇ ਲੇਖਕ ਨੇ ਦੋ ਸਾਲ ਪਹਿਲਾਂ ਇਕ ਲੇਖ ਲਿਖਿਆ ਸੀ, ਜਿਸ ਦੀ ਦੂਜੀ ਤੇ ਆਖਰੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਹੈ।***

ਲੇਖਕ ਦੀ ਆਪਣਾ ਲੇਖਕੀ ਨਾਂ ਰੱਖਣ ਦੀ ਜੁਗਤ ਵੀ ਵੇਖੋ। ਉਸ ਦਾ ਅਸਲੀ ਨਾਂ ਤਾਂ ਡਾ. ਗੁਰਪ੍ਰੀਤ ਸਿੰਘ ਧੁੱਗਾ ਹੈ ਪਰ ਪੁਸਤਕ ਦੇ ਟਾਈਟਲ ਉਤੇ ਲੇਖਕੀ ਨਾਂ ਡਾ. ਧੁੱਗਾ ਗੁਰਪ੍ਰੀਤ ਛਾਪਿਆ ਗਿਆ ਹੈ। ਉਹ ਐਮ.ਡੀ ਹੈ ਤੇ ਅੱਜ-ਕੱਲ੍ਹ ਚੀਫ ਮੈਡੀਕਲ ਡਾਇਰੈਕਟਰ, ਫੇਅਰਫੀਲਡ, ਕੈਲੀਫੋਰਨੀਆ ਵਿਖੇ ਕਾਰਜ ਕਰਦਾ ਹੈ। ਉਸ ਨੇ ਆਪਣੀ ਰਿਹਾਇਸ਼ ਨੇੜੇ ਉਚੀਆਂ-ਨੀਵੀਆਂ ਪਹਾੜੀਆਂ ਵਿਚਕਾਰ ਰੁੱਖਾਂ ਦੀ ਹਰਿਆਵਲ 'ਚ ਪੱਧਰੀ ਕੀਤੀ ਇਕ ਪਹਾੜੀ ਉਤੇ ਆਪਣਾ ਤਖਤ ਹਜ਼ਾਰਾ ਬਣਾਇਆ ਹੋਇਐ ਜਿਥੇ ਦੇਸੀ ਮੰਜਾ ਵੀ ਡਾਹਿਆ ਹੋਇਆ। ਉਸੇ ਮੰਜੇ 'ਤੇ ਬਹਿ ਕੇ ਉਸ ਨੇ ਇਸ ਪੁਸਤਕ ਦੀ ਰਚਨਾ ਕੀਤੀ। ਪਹਿਲਾਂ ਉਸ ਨੇ 'ਹੈਲਥ ਗਾਈਡ' ਨਾਂ ਦੀ ਕਿਤਾਬ ਲਿਖੀ ਸੀ। ਹਾਲੇ ਤਕ ਉਸ ਨੇ ਦੋ ਪੁਸਤਕਾਂ ਹੀ ਲਿਖੀਆਂ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਹਨ। 'ਚਾਲੀ ਦਿਨ' ਪੁਸਤਕ ਦਾ ਸਮਰਪਣ ਹੈ:

ਮੇਰੇ ਪਿੰਡ ਦੀ ਅਸੀਸਾਂ ਲਬਰੇਜ਼ ਮਿੱਟੀ ਨੂੰ।
ਦਾਦੀਆਂ ਦੀਆਂ ਮੋਹ ਭਰੀਆਂ ਅੱਖਾਂ ਨੂੰ,
ਬਾਬਿਆਂ ਦੇ ਅੱਟਣਾਂ ਭਰੇ ਹੱਥਾਂ ਨੂੰ।
ਰਾਹ ਤੱਕਦੀ ਉਦਾਸ ਪਿੰਡ ਦੀ ਜੂਹ ਨੂੰ,
ਸਾਂਝੇ ਘਰਾਂ ਦੇ ਉਜੜੇ ਇੱਕ ਖੂਹ ਨੂੰ।
ਘੁੱਗ ਵੱਸਦੇ ਮੇਰੇ ਗਰਾਂ ਨੂੰ... ਪਿੰਡ 'ਧੁੱਗਾ ਕਲਾਂ' ਨੂੰ।

ਸਰਲ ਵਾਰਤਕ ਵਿਚ ਲਿਖਿਆ ਉਸ ਦਾ ਮੁਖਬੰਧ ਪੜ੍ਹ ਕੇ ਪਤਾ ਲੱਗ ਜਾਂਦੈ ਕਿ ਉਸ ਦਾ ਪੁਸਤਕ ਲਿਖਣ ਦਾ ਉਦੇਸ਼ ਕੀ ਹੈ? ਮੁਖਬੰਧ ਵਿਚ ਹੀ ਉਹ ਕਹਾਣੀਆਂ, ਸਾਖੀਆਂ ਤੇ ਕਵਿਤਾਵਾਂ ਦੇ ਵਰਤਣ ਦੀ ਗੱਲ ਦੱਸ ਦਿੰਦੈ। ਲਓ ਪੜ੍ਹੋ ਤੇ ਆਪੇ ਨਿਤਾਰਾ ਕਰੋ ਕਿ ਪਿੰਡ ਧੁੱਗੇ ਦਾ ਜੰਮਪਲ ਗੁਰਪ੍ਰੀਤ ਕਿਹੋ ਜਿਹਾ ਲੇਖਕ?

'...ਜਿੱਤ ਤੇ ਹਾਰ ਦੇ ਵਿਚਕਾਰ ਸਿਰਫ਼ ਇੱਕ ਅਧੂਰੀ ਕਹਾਣੀ ਦਾ ਫ਼ਾਸਲਾ ਹੁੰਦਾ ਹੈ।

ਜਿਉਂ-ਜਿਉਂ ਦੁਨੀਆ ਵਿਚ ਲੋਕਾਂ ਦੀ ਭੀੜ ਵਧ ਰਹੀ ਹੈ, ਆਦਮੀ ਆਪਣੇ ਆਪ ਨੂੰ ਹੋਰ ਵੀ ਇਕੱਲਾ ਮਹਿਸੂਸ ਕਰ ਰਿਹਾ ਹੈ। ਆਧੁਨਿਕ ਯੁੱਗ ਦੀਆਂ ਸਹੂਲਤਾਂ ਜਿਉਂ-ਜਿਉਂ ਮਨੁੱਖ ਦੇ ਕਰੀਬ ਆਈਆਂ ਹਨ, ਮਨ ਦਾ ਸਕੂਨ ਦੂਰ ਹੋ ਗਿਆ ਹੈ। ਇਹ ਵਰਤਾਰਾ ਪਿਛਲੀ ਇੱਕ ਸਦੀ ਵਿਚ ਬਹੁਤ ਤੇਜ਼ੀ ਨਾਲ ਵਧਿਆ ਹੈ।

ਮਨੁੱਖ ਭਾਵੇਂ ਇਸ ਬ੍ਰਹਿਮੰਡ ਦਾ ਸਭ ਤੋਂ ਬੁੱਧੀਮਾਨ ਜੀਵ ਹੈ ਜੋ ਸਮਝਣ ਤੇ ਸਮਝਾਉਣ ਦੇ ਕਾਬਿਲ ਹੈ, ਪਰ ਰਹਿੰਦਾ ਦੁਖੀ ਹੈ, ਨਿਰੰਤਰ ਸੁਖ ਦੀ ਭਾਲ ਕਰਦਾ ਹੈ ਅਤੇ ਸੁਖ ਭਾਲਦਿਆਂ ਹੋਰ ਦੁਖੀ ਹੋ ਜਾਂਦਾ ਹੈ...

ਇਸ ਵਧ ਰਹੀ ਬੇਚੈਨੀ ਪਿੱਛੇ ਕੀ ਕਾਰਨ ਹੈ? ਕੁਝ ਨਿੱਜੀ ਕਾਰਨਾਂ ਤੋਂ ਇਲਾਵਾ ਇੱਕ ਮੂਲ ਕਾਰਨ ਇਹ ਵੀ ਹੈ ਕਿ ਸਾਡੇ ਅੰਦਰ ਆਪਣੇ ਮਨ ਦੀ ਸੋਚ ਤੇ ਮਨੁੱਖੀ ਵਰਤਾਰੇ ਨੂੰ ਸਮਝਣ ਦੀ ਕਮੀ ਹੈ।

ਥੋੜ੍ਹ-ਚਿਰੀ ਖੁਸ਼ੀ ਭਾਵੇਂ ਮਨੋਰੰਜਨ ਦੇ ਸਾਧਨਾਂ ਰਾਹੀਂ ਮਿਲ ਸਕਦੀ ਹੈ ਪਰ ਸਥਾਈ ਸਕੂਨ ਮਨੁੱਖੀ ਵਰਤਾਰੇ ਨੂੰ ਸਮਝਣ ਵਿਚ ਹੀ ਹੈ। ਮੁੱਢ-ਕਦੀਮ ਤੋਂ ਸਿਆਣਿਆਂ, ਗੁਰੂਆਂ, ਪੀਰਾਂ-ਫ਼ਕੀਰਾਂ ਅਤੇ ਦਾਰਸ਼ਨਿਕਾਂ ਨੇ ਸਾਨੂੰ ਇਹੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਕੋਸ਼ਿਸ਼ਾਂ ਵਿਚੋਂ ਕਈ ਧਰਮ ਉਤਪੰਨ ਹੋਏ ਜੋ ਬਾਅਦ ਵਿਚ ਸੌੜੀਆਂ ਰਹੁ-ਰੀਤਾਂ ਵਿਚ ਫਸ ਕੇ ਭਟਕਣਾ ਦਾ ਕਾਰਨ ਵੀ ਬਣੇ।

ਸਾਖੀਆਂ, ਕਹਾਣੀਆਂ ਅਤੇ ਕਵਿਤਾਵਾਂ ਜ਼ਿੰਦਗੀ ਦੀਆਂ ਸਚਾਈਆਂ ਨੂੰ ਸਮਝਣ ਦਾ ਸਾਧਨ ਰਹੀਆਂ ਹਨ। ਸਾਰੇ ਧਾਰਮਿਕ ਗ੍ਰੰਥ ਇਸ ਗੱਲ ਦਾ ਪ੍ਰਮਾਣ ਹਨ। ਕਥਾ-ਕਹਾਣੀਆਂ ਸੁਣਨ ਸੁਣਾਉਣ ਦਾ ਸਿਲਸਿਲਾ ਉਦੋਂ ਤੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਤੋਂ ਮਨੁੱਖ ਨੇ ਬੋਲਣਾ ਸ਼ੁਰੂ ਕੀਤਾ। ਕਈ ਕਹਾਣੀਆਂ ਸਪਸ਼ਟ ਤੇ ਕਈ ਸੰਕੇਤਕ ਹੁੰਦੀਆਂ ਹਨ, ਜੋ ਸਾਡੀ ਸੋਚ ਦੇ ਦਰਵਾਜ਼ੇ ਖੋਲ੍ਹਦੀਆਂ ਹਨ।

ਸੁਖ-ਦੁੱਖ ਤੇ ਜ਼ਿੰਦਗੀ ਦੇ ਤੱਥ, ਸਿਰਫ਼ ਧਾਰਮਿਕ ਅਸਥਾਨਾਂ ਦੇ ਹੀ ਵਿਸ਼ੇ ਨਹੀਂ ਹਨ-ਇਹ ਸਾਂਝ ਵਿਅਕਤੀਗਤ ਹੈ। ਇਸੇ ਲਈ ਸੱਥਾਂ ਦੀ ਵਾਰਤਾਲਾਪ ਤੇ ਦਾਦੀਆਂ ਦੀਆਂ ਕਹਾਣੀਆਂ ਕਿਸੇ ਸਤਿਸੰਗ ਤੋਂ ਘੱਟ ਨਹੀਂ ਸਨ ਹੁੰਦੀਆਂ।

ਸਾਡੇ ਇਤਿਹਾਸ ਤੇ ਮਿਥਿਹਾਸ ਵਿਚ ਚਾਲੀ ਦਿਨਾਂ ਦੀ ਬਹੁਤ ਮਹਾਨਤਾ ਹੈ। ਚਾਲੀ ਦਿਨਾਂ ਵਿਚ ਵਾਪਰੀਆਂ ਕਈ ਪ੍ਰਚੱਲਿਤ ਘਟਨਾਵਾਂ ਨੇ ਸੰਸਾਰ ਵਿਚ ਬਹੁਤ ਸਾਰੇ ਵਿਅਕਤੀਗਤ ਤੇ ਸਮਾਜਿਕ ਬਦਲਾਅ ਲਿਆਂਦੇ।

ਕੇਸਰ ਤੇ ਫ਼ਕੀਰ ਦੇ ਨਾਲ-ਨਾਲ ਇਹ ਯਾਤਰਾ ਮੇਰੀ ਵੀ ਹੈ, ਜੋ ਸ਼ਾਇਦ ਉਸ ਦਿਨ ਸ਼ੁਰੂ ਹੋਈ ਸੀ ਜਿਸ ਦਿਨ ਮੇਰੇ ਪਰਿਵਾਰ ਦੇ ਵਡੇਰੇ, ਸੰਤਾਲੀ ਦੀ ਵੰਡ ਵੇਲੇ, ਜ਼ਿਲ੍ਹਾ ਸਰਗੋਧਾ ਦੇ ਚੱਕ ਨੰ. 119 ਤੋਂ ਗੱਡਿਆਂ 'ਤੇ ਆਪਣਾ ਸਾਮਾਨ ਲੱਦ ਕੇ ਤੁਰੇ ਸਨ।

ਸਾਡੇ ਸਾਰਿਆਂ ਦੇ ਅੰਦਰ ਇੱਕ 'ਕੇਸਰ' ਹੈ ਜੋ ਆਪਣੇ ਮਕਸਦ ਤੇ ਮੰਜ਼ਿਲ ਦੀ ਭਾਲ ਵਿਚ ਭਟਕ ਰਿਹਾ ਹੈ ਪਰ ਹਰ ਇੱਕ ਨੂੰ 'ਫ਼ਕੀਰ' ਵਰਗਾ ਮਾਰਗ-ਦਰਸ਼ਕ ਨਹੀਂ ਮਿਲਦਾ।

ਇਹ ਲਿਖਤ ਇਸੇ ਕੜੀ ਵਿਚ ਜ਼ਿੰਦਗੀ ਦੇ ਤੱਥਾਂ ਨੂੰ ਸਮਝਣ ਤੇ ਸਾਂਝਾ ਕਰਨ ਦਾ ਇੱਕ ਉਪਰਾਲਾ ਹੈ... ਆਸ ਹੈ ਕਬੂਲ ਕਰੋਗੇ।'

ਪੁਸਤਕ ਪੜ੍ਹਨੀ ਸ਼ੁਰੂ ਕਰਨ ਤੋਂ ਪਹਿਲਾਂ 'ਕਵੀ-ਓ-ਵਾਚ' ਵੀ ਪੜ੍ਹ ਲੈਣਾ ਚਾਹੀਦੈ:

ਕੋਈ ਜਾਵੇ ਜੰਗਲ-ਬੇਲਿਆਂ ਵਿਚ ਬੀਨ ਬਜਾਵੇ,
ਮੇਰੇ ਦੇਸ ਨੂੰ ਜਿਹਨੇ ਡੰਗਿਆ ਲੱਭ ਨਾਗ ਲਿਆਵੇ।
ਕੋਈ ਲੱਭੇ ਜੋਗੀ ਜੋਗੜਾ ਜੋ ਕੌਡੀ ਲਾਵੇ,
ਸਹਿਕਦੇ ਦੇਸ ਪੰਜਾਬ ਨੂੰ ਕੋਈ ਆਣ ਬਚਾਵੇ।
...ਆਣ ਬਚਾਵੇ।

ਚਾਲੀ ਦਿਨਾਂ ਦੀ ਯਾਤਰਾ ਸ਼ੁਰੂ ਕਰਦਿਆਂ ਛੋਟੇ-ਛੋਟੇ ਵਾਕਾਂ ਨਾਲ ਜਗਾਈ ਉਤਸੁਕਤਾ ਵੇਖੋ:

ਕੇਸਰ ਦੀ ਅੱਖ ਇੱਕਦਮ ਖੁੱਲ੍ਹੀ। ਚਾਰੇ ਪਾਸੇ ਮੂੰਹ ਹਨ੍ਹੇਰਾ ਸੀ ਤੇ ਡਰਾਉਣੀ ਚੁੱਪ। ਉਸ ਨੂੰ ਆਪਣੇ ਸਾਹਾਂ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ। ਉਸ ਨੇ ਮੰਜੇ ਥੱਲਿਓਂ ਆਪਣਾ ਝੋਲਾ ਕੱਢਿਆ। ਝੋਲੇ ਵਿਚੋਂ ਦਾਦੀ ਲਈ, ਜਿਸ ਨੂੰ ਉਹ ਬੇਬੇ ਕਹਿੰਦਾ ਸੀ, ਰਾਤੀਂ ਲਿਖੀ ਇੱਕ ਚਿੱਠੀ ਕੱਢ ਕੇ ਉਸ ਨੇ ਸਰ੍ਹਾਣੇ 'ਤੇ ਰੱਖ ਦਿੱਤੀ। ਉਸ ਨੂੰ ਯਕੀਨ ਸੀ ਕਿ ਬੇਬੇ ਜਦੋਂ ਸਵੇਰੇ ਉਸ ਲਈ ਚਾਹ ਲੈ ਕੇ ਆਵੇਗੀ ਤਾਂ ਚਿੱਠੀ ਵੇਖ ਲਵੇਗੀ। ਕੇਸਰ ਨੂੰ ਪਤਾ ਸੀ ਕਿ ਉਸ ਨੂੰ ਮੰਜੇ 'ਤੇ ਨਾ ਵੇਖ ਕੇ ਘਬਰਾਈ ਹੋਈ ਬੇਬੇ ਚਿੱਠੀ ਲੈ ਕੇ ਗੁਆਂਢੀਆਂ ਦੀ ਨੂੰਹ ਕੋਲ ਪੜ੍ਹਾਉਣ ਲਈ ਜਾਵੇਗੀ। ਇਹ ਸੋਚ ਕੇ ਇੱਕ ਵਾਰ ਤਾਂ ਉਸ ਦਾ ਦਿਲ ਪਸੀਜ ਗਿਆ ਪਰ ਉਹ ਘਰੋਂ ਜਾਣ ਦਾ ਮਨ ਪੱਕਾ ਬਣਾ ਚੁੱਕਾ ਸੀ।

...ਥੋੜ੍ਹਾ-ਥੋੜ੍ਹਾ ਚਾਨਣ ਹੋ ਰਿਹਾ ਸੀ। ਬੇਹ ਦੀ ਝਿੜੀ ਵਾਲੇ ਦਰੱਖ਼ਤ ਉਸ ਨੂੰ ਸਾਫ਼ ਦਿਸਣ ਲੱਗ ਪਏ ਸਨ। ਚੰਨ ਤੇ ਬੱਦਲਾਂ ਦੀ ਲੁਕਣ-ਮੀਟੀ ਵਿਚ ਚੰਨ ਦੀ ਰਫ਼ਤਾਰ ਤੇਜ਼ ਹੋ ਗਈ ਜਾਪਦੀ ਸੀ ਜਿਵੇਂ ਉਸ ਨੂੰ ਵੀ ਆਉਂਦੇ ਸੂਰਜ ਦੇ ਪੈਰਾਂ ਦੀ ਬਿੜਕ ਆ ਗਈ ਹੋਵੇ।

ਮੈਨੂੰ ਇਸ ਪੁਸਤਕ 'ਚੋਂ ਇਕ ਹੋਣਹਾਰ ਲੇਖਕ ਦੀ ਵਧੀਆ ਵਾਰਤਕ ਦੇ ਦਰਸ਼ਨ ਹੋਏ ਹਨ। ਵਾਰਤਕ ਦਾ ਵੀ ਆਪਣਾ ਪਿੰਗਲ ਹੁੰਦੈ। ਅਰਥ ਅਲੰਕਾਰਾਂ ਨਾਲ ਧੁਨੀ ਅਲੰਕਾਰਾਂ ਦਾ ਵੀ ਧਿਆਨ ਰੱਖਣਾ ਪੈਂਦੈ। ਵਧੀਆ ਵਾਰਤਕ ਨਰੋਏ ਜੁੱਸੇ ਵਰਗੀ ਹੁੰਦੀ ਹੈ। ਨਰੋਏ ਜੁੱਸੇ ਨਾਲ ਕੋਈ ਵੀ ਕਾਰਜ ਕੀਤਾ ਜਾ ਸਕਦੈ ਤੇ ਕੋਈ ਵੀ ਖੇਡ ਖੇਡੀ ਜਾ ਸਕਦੀ ਹੈ। ਜਿਹੜੇ ਲੇਖਕ ਕੋਲ ਨਰੋਈ ਵਾਰਤਕ ਹੈ ਉਹ ਲੇਖਣੀ ਦੇ ਮੈਦਾਨ 'ਚ ਛੇਤੀ ਕੀਤਿਆਂ ਨਹੀਂ ਲਈਦਾ। ਲੇਖਕ, ਲੇਖਣੀ ਤੇ ਲਈਦਾ ਸ਼ਬਦਾਂ ਮੂਹਰੇ ਲੱਲੇ ਦਾ ਧੁਨੀ ਅਲੰਕਾਰ ਵਰਤਿਆ ਵੇਖੋ। ਮੁਹੰਮਦ ਅਲੀ ਬਾਰੇ ਲਿਖਣਾ ਲਫ਼ਜ਼ਾਂ ਨਾਲ ਘੁਲਣਾ ਹੈ। ਨਵਲੇਖਕ ਧੁੱਗੇ ਕੋਲ ਇਹ ਕਲਾ ਹੈ ਜਿਸ ਲਈ ਉਸ ਨੇ ਕਾਫੀ ਮਿਹਨਤ ਕੀਤੀ ਜਾਪਦੀ ਹੈ। ਉਹ ਅਜੇ ਬੂਟਾ ਹੈ ਜਿਸ ਨੇ ਬੋਹੜ ਬਣਨਾ ਹੈ। ਮੈਨੂੰ ਉਸ ਦੀ ਵਾਰਤਕ ਤੇ ਵਾਰਤਾ ਵਿਚੋਂ ਬੇਅੰਤ ਸੰਭਾਵਨਾਵਾਂ ਦਿਸ ਰਹੀਆਂ ਹਨ।

'ਚਾਲੀ ਦਿਨ' ਪੁਸਤਕ ਨੂੰ ਨਸੀਹਤਨਾਮੇ ਵਰਗੀ ਪੁਸਤਕ ਮੈਂ ਇਸ ਲਈ ਕਹਿ ਰਿਹਾਂ ਕਿਉਂਕਿ ਇਹ ਹੈ ਹੀ ਸ਼ੁਭ ਵਚਨਾਂ ਤੇ ਸਿਆਣੇ ਕਥਨਾਂ ਦਾ ਨਸੀਹਤ ਸੰਗ੍ਰਹਿ। ਵਾਕ ਲੈਣ ਵਾਂਗ ਕੋਈ ਵੀ ਪੰਨਾ ਖੋਲ੍ਹੋ, ਡਾਇਰੀ 'ਚ ਨੋਟ ਕਰਨ ਲਈ ਜ਼ਰੂਰ ਕੁਝ ਨਾ ਕੁਝ ਕੰਮ ਆਉਣ ਵਾਲਾ ਮਾਲ ਮਿਲ ਜਾਵੇਗਾ:

ਕੋਇਲ ਦੀ ਰਾਗਣੀ ਤੇ ਬਿਰਹੋਂ ਦੇ ਸਾਜ਼ ਨੂੰ। 'ਕੱਲਾ ਬਹਿ ਕੇ ਸੁਣ ਕਦੇ ਰੂਹ ਦੀ ਆਵਾਜ਼ ਨੂੰ।

ਇੱਕ ਅੱਖਰ ਪੜ੍ਹ ਕੇ ਪੂਰੇ ਵਾਕ ਦਾ, ਇੱਕ ਸਫ਼ਾ ਪੜ੍ਹ ਕੇ ਪੂਰੀ ਕਿਤਾਬ ਦਾ ਅਤੇ ਇੱਕ ਗ਼ਲਤੀ ਵੇਖ ਕੇ ਪੂਰੇ ਕਿਰਦਾਰ ਦਾ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ... (ਕਾਗਜ਼ 'ਤੇ ਅੱਗ ਲਿਖਣ ਨਾਲ, ਕਾਗਜ਼ ਜਲ ਨਹੀਂ ਜਾਂਦਾ।)

ਹਿੱਲਦੇ ਪਾਣੀ ਵਿਚ ਤਾਂ ਚੰਨ ਵੀ ਹਿੱਲਦਾ ਹੀ ਨਜ਼ਰ ਆਉਂਦਾ ਹੈ। ਟਿਕੇ ਮਨ ਵਿਚ ਹੀ ਚੰਗੇ ਖਿਆਲ ਟਿਕ ਸਕਦੇ ਆ... ('ਸਕੂਨ' ਨੇ 'ਕਾਹਲੀ' ਨੂੰ ਸਮਝਾਇਆ)

ਖੰਭਾਂ ਵਾਲੇ ਸੁਪਨੇ ਖ਼ੂਬਸੂਰਤ ਹੁੰਦੇ ਨੇ ਪਰ ਸਭ ਤੋਂ ਖ਼ੂਬਸੂਰਤ ਹੁੰਦਾ ਹੈ ਕਿਸੇ ਦੇ ਸੁਪਨਿਆਂ ਦਾ ਖੰਭ ਬਣ ਜਾਣਾ। (ਸਹਿਕਦੇ ਅਹਿਸਾਸ ਸੁਣਨ ਲਈ ਕੰਨ ਨਹੀਂ, ਧੜਕਦਾ ਦਿਲ ਚਾਹੀਦਾ ਹੈ)

ਨਫ਼ਰਤ ਪਿੱਛੇ ਪਿਆਰ, ਅਹਿਸਾਨ ਫ਼ਰਾਮੋਸ਼ੀ ਪਿੱਛੇ ਲਾਲਚ ਅਤੇ ਚੁਗਲੀ ਦੇ ਪਿੱਛੇ ਈਰਖਾ ਛੁਪੀ ਹੁੰਦੀ ਹੈ।

(ਤੇ ਵੇਖ-ਸੁਣ ਕੇ ਵੀ ਚੁੱਪ ਰਹਿਣ ਪਿੱਛੇ ਵਡੱਪਣ)

ਪਹਾੜ 'ਤੇ ਖੜ੍ਹ ਕੇ ਵਾਦੀਆਂ ਤੇ ਵਾਦੀ ਵਿਚ ਖੜ੍ਹ ਕੇ ਦੂਰ ਦੇ ਪਹਾੜ ਸੋਹਣੇ ਲੱਗਦੇ ਹਨ ਕਿਉਂਕਿ ਨਜ਼ਦੀਕੀਆਂ ਖ਼ਾਮੀਆਂ ਨੂੰ ਤੇ ਦੂਰੀਆਂ ਖ਼ੂਬਸੂਰਤੀ ਨੂੰ ਉਜਾਗਰ ਕਰਦੀਆਂ ਹਨ... (ਚਹਿਕਦੀ ਚਿੜੀ ਦੇ ਗੀਤ ਦਾ ਤਰਜਮਾ)

'ਕੁਝ ਵੀ ਅਚਾਨਕ ਨਹੀਂ ਹੁੰਦਾ, ਸਾਨੂੰ ਸਮਝਣ ਵਿਚ ਹੀ ਦੇਰ ਹੁੰਦੀ ਹੈ।

ਨਾ ਸੁਖ ਰਹਿੰਦਾ ਨਾ ਦੁੱਖ ਰਹਿੰਦਾ, ਰਾਤ ਮੁੱਕਦੀ ਤੇ ਰੋਜ਼ ਸਵੇਰ ਹੁੰਦੀ ਹੈ।'

ਆਵਾਜ਼ ਸੁਣ ਕੇ ਕੇਸਰ ਇਕ ਦਮ ਉਠ ਕੇ ਖੜ੍ਹਾ ਹੋ ਗਿਆ। ਇੱਧਰ-ਉੱਧਰ ਵੇਖ ਕੇ ਉਸ ਨੇ ਸੇਵਾਦਾਰ ਨੂੰ ਆਵਾਜ਼ ਮਾਰੀ, ਪਰ ਕੁਟੀਆ ਵਿਚ ਤਾਂ ਹੁਣ ਕੋਈ ਵੀ ਨਹੀਂ ਸੀ। ਕੇਸਰ ਸੋਚਣ ਲੱਗਾ ਕਿਤੇ ਉਹ ਸੁਪਨੇ ਵਿਚ ਇਕ ਹੋਰ ਸੁਪਨਾ ਤਾਂ ਨਹੀਂ ਸੀ ਵੇਖ ਰਿਹਾ... ਤੇ ਉਹ ਹੌਲੀ-ਹੌਲੀ ਪਿੰਡ ਵੱਲ ਨੂੰ ਤੁਰ ਪਿਆ। (ਇਹਦੇ ਨਾਲ ਹੀ ਇਸ ਪੁਸਤਕ ਦੀ ਯਾਤਰਾ ਮੁੱਕ ਜਾਂਦੀ ਹੈ।)

ਪੁਸਤਕ ਪੜ੍ਹਨ ਪਿੱਛੋਂ ਮੈਂ ਗੁਰਪ੍ਰੀਤ ਨੂੰ ਉਹਦੇ ਅਮਰੀਕਾ ਵਾਲੇ ਟਿੱਲੇ 'ਤੇ ਮਿਲ ਆਇਆ ਹਾਂ ਤੇ ਉਸ ਨੂੰ ਸ਼ਾਬਾਸ਼ ਦੇ ਆਇਆ ਹਾਂ। ਉਥੇ ਡਾਹੇ ਰੰਗੀਨ ਪਿੜੀਆਂ ਵਾਲੇ ਦੇਸੀ ਮੰਜੇ 'ਤੇ ਵੀ ਬਹਿ ਆਇਆਂ ਜਿਥੇ ਬਹਿ ਕੇ ਉਸ ਨੇ 'ਚਾਲੀ ਦਿਨ' ਪੁਸਤਕ ਦੀ ਸਿਰਜਣਾ ਕੀਤੀ ਸੀ।

ਇਸ ਪੁਸਤਕ ਨੇ ਸਿੱਧ ਕਰ ਦਿੱਤੈ ਕਿ ਪੰਜਾਬੀ ਪੁਸਤਕਾਂ ਦੇ ਪਾਠਕ ਤਾਂ ਬਹੁਤ ਹਨ ਪਰ ਪੜ੍ਹਨਯੋਗ ਪੁਸਤਕਾਂ ਹੀ ਘੱਟ ਛਪਦੀਆਂ ਹਨ। ਬਹੁਤੀਆਂ ਪੁਸਤਕਾਂ ਤਾਂ ਲੇਖਕਾਂ ਵੱਲੋਂ ਖ਼ੁਦ ਪੈਸੇ ਦੇ ਕੇ ਕੇਵਲ ਨਾਂ ਦੀਆਂ ਹੀ ਛਪਾਈਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਢਾਈ ਸੌ, ਪੰਜ ਸੌ, ਹੱਦ ਹਜ਼ਾਰ ਕਾਪੀਆਂ ਦੀ ਇਕੋ ਐਡੀਸ਼ਨ ਹੀ ਕਈ ਸਾਲ ਨਹੀਂ ਵਿਕਦੀ। ਭਾਵੇਂ ਇਹ ਤੱਥ ਬਹੁਤ ਸਾਰੇ ਲੇਖਕਾਂ ਨੂੰ ਅੱਖਰਦਾ ਹੋਵੇ ਪਰ ਹੈ ਨੰਗਾ ਸੱਚ।

ਪੰਜਾਬੀ ਪਾਠਕ ਨਿੱਤ ਪੰਜਾਹ-ਸੱਠ ਲੱਖ ਰੁਪਈਏ ਖਰਚ ਕੇ ਦਸ ਬਾਰਾਂ ਲੱਖ ਪੰਜਾਬੀ ਅਖ਼ਬਾਰ ਪੜ੍ਹ ਰਹੇ ਹਨ। ਉਹ ਪੰਜਾਬੀ ਪੁਸਤਕਾਂ ਖਰੀਦਣ ਲਈ ਵੀ ਰੋਜ਼ ਪੰਜ ਦਸ ਲੱਖ ਰੁਪਏ ਖਰਚ ਕਰ ਸਕਦੇ ਹਨ। ਪਰ ਪਾਠਕਾਂ ਦੀ ਦਲੀਲ ਵਿਚ ਵੀ ਦਮ ਹੈ ਕਿ ਪੈਸੇ ਤਾਂ ਉਹ ਤਦ ਖਰਚਣ ਜੇਕਰ ਪੜ੍ਹਨਯੋਗ ਪੁਸਤਕਾਂ ਪੜ੍ਹਨ ਨੂੰ ਮਿਲਣ।

ਹੋ ਸਕਦੈ ਕੋਈ ਸੋਚੇ ਕਿ ਪੁਸਤਕ 'ਚਾਲੀ ਦਿਨ' ਨੂੰ ਏਨਾ ਸਲਾਹੁਣ ਦਾ ਮੇਰਾ ਕੋਈ ਗੁੱਝਾ ਮਕਸਦ ਹੋਵੇ? ਹਾਂ ਹੈ। ਕਦੇ ਮੈਨੇ ਵੰਨੇ ਕਵੀ ਤੇ ਆਲੋਚਕ ਡਾ. ਹਰਿਭਜਨ ਸਿੰਘ ਨੇ ਮੇਰੀ ਨਵੇਂ ਲੇਖਕ ਦੀ ਕਿਤਾਬ 'ਖੇਡ ਸੰਸਾਰ' ਪੜ੍ਹ ਕੇ ਸਾਹਿਤਕ ਰਸਾਲੇ 'ਆਰਸੀ' ਵਿਚ ਬੜਾ ਸਿਫ਼ਤੀ ਲੇਖ ਲਿਖਿਆ ਸੀ। ਉਸ ਨੇ 'ਨਕਸ਼ ਨਵੇਰੇ' ਕਾਲਮ ਵਿਚ ਮੈਨੂੰ ਜਿੰਨਾ ਸਲਾਹਿਆ ਸੀ ਮੈਂ ਉਹਦੇ ਪਾ ਪਾਸਕ ਵੀ ਨਹੀਂ ਸਾਂ। ਉਸ ਵਿਚਲੀਆਂ ਕੁਝ ਟੂਕਾਂ ਪੜ੍ਹ ਕੇ ਮੇਰੇ ਮਕਸਦ ਦਾ ਆਪੇ ਪਤਾ ਲੱਗ ਜਾਵੇਗਾ:

**ਸਰਵਣ ਸਿੰਘ ਦਾ ਖੇਡ ਸੰਸਾਰ**

ਬਿਨਾਂ ਸ਼ੱਕ ਸਰਵਣ ਸਿੰਘ ਸ਼ਬਦਾਂ ਦਾ ਓਲਿੰਪੀਅਨ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ। ਉਸ ਵਿਚ ਕਿਤੇ ਵੀ ਕੁੱਝ ਵੀ ਫਾਲਤੂ ਨਹੀਂ ਜਿਵੇਂ ਮੁਕਾਬਲੇ ਵਿਚ ਉਤਰੇ ਖਿਡਾਰੀ ਦੇ ਪਿੰਡੇ 'ਤੇ ਪੋਟਾ ਭਰ ਵੀ ਮਾਸ ਵਾਧੂ ਨਹੀਂ ਹੁੰਦਾ...।

ਸਰਵਣ ਸਿੰਘ ਦੀ ਲਿਖਤ ਖੇਡਾਂ ਸੰਬੰਧੀ ਨਿਰਜਿੰਦ, ਨਿਰਭਾਵ ਜਾਣਕਾਰੀ ਨਹੀਂ ਦੇਂਦੀ, ਉਨ੍ਹਾਂ ਦੇ ਅੰਗ-ਸੰਗ ਹਸਦੀ ਹੈ, ਰੋਂਦੀ ਹੈ, ਡਰਦੀ ਹੈ, ਬੇਹੋਸ਼ ਹੋਣ ਤੱਕ ਜਾਂਦੀ ਹੈ। ਜੇ ਤੁਸੀਂ ਕੁੜੀ-ਮੁੰਡੇ ਦੇ ਘਿਸੇ-ਪਿਟੇ ਇਸ਼ਕ-ਪੇਚੇ ਦੇ ਬਗ਼ੈਰ ਸਰੋਦੀ ਰਚਨਾ ਦਾ ਅਨੰਦ ਲੈਣਾ ਚਾਹੁੰਦੇ ਹੋ, ਕਹਾਣੀ-ਪਲਾਟ ਤੋਂ ਬਗ਼ੈਰ ਬਿਰਤਾਂਤ ਨੂੰ ਸੰਭਵ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਸਰਵਣ ਸਿੰਘ ਤੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ...।

ਸਰਵਣ ਸਿੰਘ ਦੀ ਰਚਨਾ ਦੋਖ, ਦਵੈਖ ਜਾਂ ਦੁਰਭਾਵਨਾ ਤੋਂ ਅਸਲੋਂ ਪਾਕ ਸਾਫ਼ ਹੈ। ਉਸ ਨੂੰ ਨਾ ਕਿਸੇ ਨਾਲ ਖੁਣਸ ਹੈ ਨਾ ਖਾਰ, ਨਾ ਕੀਨਾ, ਨਾ ਕਦੂਰਤ। ...ਸ਼ਬਦ-ਕਲਾ ਦੇ ਮਾਹਰ ਅੱਜ ਕੱਲ੍ਹ ਲੁੱਚੀਆਂ ਗੱਲਾਂ ਵੱਲ ਏਨੇ ਰੁਚਿਤ ਹੋ ਗਏ ਹਨ ਕਿ ਸੁੱਚੀਆਂ ਦਾ ਕਾਲ ਪਿਆ ਜਾਪਦਾ ਹੈ। ਇਹੋ ਜਿਹੇ ਮਾਰੂ ਮਾਹੌਲ ਵਿਚ ਸਰਵਣ ਸਿੰਘ ਜੇਹਿਆਂ ਦੀ ਕਿਰਤ ਕਾਲੇ ਪਾਣੀਆਂ ਵਿਚ ਇਕ ਚਿੱਟਾ ਜਜ਼ੀਰਾ ਜਾਪਦੀ ਹੈ। ਅਥਾਹ ਸਮੁੰਦਰ ਵਿਚ ਡੁਬਦੇ ਪੈਰਾਂ ਹੇਠ ਜਿਵੇਂ ਅਚਾਨਕ ਜ਼ਮੀਨ ਆ ਜਾਏ।

ਜੇ ਤੁਸੀਂ ਉਹਨੂੰ ਅਜੇ ਤਕ ਨਹੀਂ ਪੜ੍ਹਿਆ ਤਾਂ ਇਕ ਵਾਰ ਜ਼ਰੂਰ ਪੜ੍ਹੋ। ਉਸ ਦੀ ਲਿਖਤ ਪੜ੍ਹਨ ਵੇਲੇ ਅਸੀਂ ਜ਼ੋਰਾਵਰਾਂ ਦੇ ਹਾਣੀ ਹੋਏ ਜਾਪਦੇ ਹਾਂ। ਉਹਦੇ ਬੋਲ ਸਾਡੇ ਆਲੇ ਦੁਆਲੇ ਕੋਸੀ ਧੁੱਪ ਵਾਂਗ ਵਿਛ ਜਾਂਦੇ ਹਨ ਤੇ ਸਾਡੇ ਮਨਾਂ ਵਿਚ ਸੁਖਾਵਾਂ ਜਿਹਾ ਨਿੱਘ ਬਣ ਕੇ ਬੈਠ ਜਾਂਦੇ ਹਨ।

ਸ਼ਾਇਦ ਤੁਹਾਨੂੰ ਜਾਪੇਗਾ ਮੈਂ ਭਾਵਕ ਹੋ ਰਿਹਾਂ। ਜਾਪਦਾ ਮੈਨੂੰ ਵੀ ਹੈ। ਏਸੇ ਲਈ ਮੈਂ ਆਪਣੇ ਲਿਖੇ ਨੂੰ ਦੁਬਾਰਾ ਪੜ੍ਹ ਗਿਆ। ਪਰ, ਲਿਖੇ ਹੋਏ ਵਿੱਚੋਂ ਕੁੱਝ ਵੀ ਕੱਟਣ ਦਾ ਹੀਆ ਨਹੀਂ ਪਿਆ। ਮੈਨੂੰ ਖੇਡਾਂ ਵਿਚ ਖ਼ਾਸ ਦਿਲਚਸਪੀ ਨਹੀਂ, ਪਰ ਖੇਡਾਂ ਵਿਖਾਉਂਦੇ ਸਰਵਣ ਸਿੰਘ ਨੇ ਪੰਜਾਬੀ ਬੋਲੀ ਦੇ ਸੁਹੱਪਣ ਤੇ ਸਮਰੱਥਾ ਦਾ ਸੁਖਾਵਾਂ ਨਜ਼ਾਰਾ ਵੀ ਤਾਂ ਪੇਸ਼ ਕੀਤਾ ਹੈ। ਮੈਂ ਬੋਲੀ ਦੇ ਚਸਕੇ ਦਾ ਮਾਰਿਆ ਉਹਦੀਆਂ ਅੱਖਾਂ ਥਾਣੀ ਖੇਡਾਂ, ਖਿਡਾਰੀਆਂ, ਖੇਡ-ਵਿਦਿਆ ਤੇ ਖੇਡ-ਵਿਗਿਆਨ ਨਾਲ ਵਾਕਫ਼ੀ ਪਾ ਗਿਆ।

ਤੁਸੀਂ ਪੁੱਛੋਗੇ: ਕੀ ਸਰਵਣ ਸਿੰਘ ਏਡਾ ਹੀ ਸਮਰੱਥਾਵਾਨ ਲਿਖਾਰੀ ਹੈ ਜਿੱਡਾ ਮੈਂ ਉਹਨੂੰ ਦੱਸ ਰਿਹਾ ਹਾਂ? ਮੈਂ ਵੀ ਇਸ ਕਿਤਾਬ ਨੂੰ ਪੜ੍ਹਦੇ ਪੜ੍ਹਦੇ ਰੁਕ ਜਾਂਦਾ ਰਿਹਾ ਹਾਂ ਤੇ ਗ਼ੈਰ-ਹਾਜ਼ਰ ਸਰਵਣ ਸਿੰਘ ਨੂੰ ਸਵਾਲ ਕਰਦਾ ਰਿਹਾਂ ਹਾਂ: ਕੀ ਤੇਰੀਆਂ ਖੇਡਾਂ ਤੇ ਖਿਡਾਰੀ ਏਨੇ ਹੀ ਸੋਹਣੇ ਹਨ? ਫੇਰ ਜਵਾਬ ਵਜੋਂ ਆਪ ਹੀ ਸੌਦਾ ਦੀ ਗ਼ਜ਼ਲ ਦਾ ਇੱਕ ਸ਼ਿਅਰ ਆਪਣੇ ਆਪ ਨੂੰ ਸੁਣਾਉਂਦਾ ਰਿਹਾ ਹਾਂ:

ਸੌਦਾ ਜੋ ਤਿਰਾ ਹਾਲ ਹੈ ਇਤਨਾ ਤੋ ਨਹੀਂ ਵੋਹ
ਕਿਆ ਜਾਨੀਏ ਤੂ ਨੇ ਉਸੇ ਕਿਸ ਆਨ ਮੇ ਦੇਖਾ

ਕਿਸੇ ਆਨ ਵਿਚ ਵੇਖਣਾ ਅਤੇ ਵਿਖਾਉਣਾ ਹੀ ਤਾਂ ਕਲਾਕਾਰੀ ਹੈ।

24 ਨਵੰਬਰ 1975 ਨੂੰ ਲਿਖੀ ਚਿੱਠੀ ਵਿਚ ਡਾ. ਹਰਿਭਜਨ ਸਿੰਘ ਨੇ ਮੈਨੂੰ ਲਿਖਿਆ ਸੀ, 'ਤੇਰੀ ਕਲਮ 'ਤੇ ਸਰਸਵਤੀ ਸਵਾਰ ਹੈ, ਕਦੇ ਲਿਖਣ ਤੋਂ ਮੂੰਹ ਨਾ ਮੋੜੀਂ।'

ਮੈਂ ਵੀ ਗੁਰਪ੍ਰੀਤ ਨੂੰ ਇਹੋ ਕਹਿੰਦਾ ਹਾਂ, 'ਤੇਰੀ ਕਲਮ 'ਤੇ ਸਰਸਵਤੀ ਸਵਾਰ ਹੈ, ਵੇਖੀਂ ਕਿਤੇ ਲਿਖਣ ਤੋਂ ਮੂੰਹ ਨਾ ਮੋੜ ਬੈਠੀਂ। ਸਾਨੂੰ ਬੜੀਆਂ ਆਸਾਂ ਨੇ ਤੇਰੇ ਤੋਂ। ਏਦਾਂ ਹੀ ਚਲਦੀ ਰਹੇ ਤੇਰੀ ਕਲਮ। ਵੇਖਾਂਗੇ ਅਗਲੀ ਪੁਸਤਕ ਕਿਹੋ ਜਿਹੀ ਲਿਖਦੈਂ?'

# ਜਦੋਂ ਇੱਕ ਗੋਲਕੀਪਰ ਨੇ ਦੁਨੀਆ ਨੂੰ ਸਿਖਾਈ ਹੌਂਸਲੇ ਦੀ ਅਸਲ ਕੀਮਤ...

ਇਤਿਹਾਸ ਹਮੇਸ਼ਾ ਵੱਡੇ ਲੋਕ ਨਹੀਂ ਲਿਖਦੇ, ਕਈ ਵਾਰ ਇਤਿਹਾਸ ਕਿਸੇ ਛੋਟੇ ਜਿਹੇ ਦੇਸ਼ ਦੀ ਮਿੱਟੀ ਵਿਚੋਂ ਉੱਠਿਆ ਇੱਕ ਸਧਾਰਨ ਇਨਸਾਨ ਲਿਖ ਜਾਂਦਾ ਹੈ। ਇੱਕ ਅਜਿਹਾ ਇਨਸਾਨ, ਜਿਸ ਕੋਲ ਨਾ ਬੇਅੰਤ ਦੌਲਤ ਹੁੰਦੀ ਹੈ, ਨਾ ਵਿਸ਼ਵ ਪ੍ਰਸਿੱਧੀ ਅਤੇ ਨਾ ਹੀ ਦੁਨੀਆ ਦੇ ਸਭ ਤੋਂ ਵੱਡੇ ਕਲੱਬਾਂ ਦੀ ਚਮਕ-ਧਮਕ। ਉਸ ਕੋਲ ਜੇ ਕੁਝ ਹੁੰਦਾ ਹੈ ਤਾਂ ਸਿਰਫ਼ ਇੱਕ



**ਗੁਰਤੇਜ ਸਿੰਘ ਕੱਟੂ**
**ਫੋਨ: 98155 94197**

ਸੁਪਨਾ, ਇੱਕ ਵਿਸ਼ਵਾਸ ਅਤੇ ਹਾਰ ਨਾ ਮੰਨਣ ਵਾਲਾ ਹੌਸਲਾ। ਕਾਬੋ ਵਰਡੇ (Cabo Verde) ਦੇਸ਼ ਦੇ ਗੋਲਕੀਪਰ ਵੋਜ਼ਿਨਹਾ (Vozinha) ਦੀ ਕਹਾਣੀ ਵੀ ਅਜਿਹੀ ਹੀ ਹੈ।

15 ਜੂਨ, 2026 ਉਹ ਦਿਨ ਸੀ ਜਦੋਂ ਫੀਫਾ ਵਰਲਡ ਕੱਪ 'ਚ ਇਕ ਨਵਾਂ ਇਤਿਹਾਸ ਲਿਖਿਆ ਜਾ ਰਿਹਾ ਸੀ। ਜਦੋਂ ਸਪੇਨ ਵਰਗੀ ਫੁੱਟਬਾਲ ਮਹਾਂਸ਼ਕਤੀ ਮੈਦਾਨ ਵਿਚ ਉਤਰੀ ਤਾਂ ਦੁਨੀਆ ਦੇ ਬਹੁਤੇ ਲੋਕਾਂ ਨੇ ਨਤੀਜਾ ਪਹਿਲਾਂ ਹੀ ਲਿਖ ਦਿੱਤਾ ਸੀ। ਇੱਕ ਪਾਸੇ ਅਰਬਾਂ ਰੁਪਏ ਦੀ ਕੀਮਤ ਵਾਲੇ ਸਿਤਾਰੇ ਸਨ, ਦੂਜੇ ਪਾਸੇ ਇੱਕ ਛੋਟੇ ਜਿਹੇ ਟਾਪੂ ਦੇਸ਼ ਦੇ ਖਿਡਾਰੀ। ਕਾਗਜ਼ਾਂ 'ਤੇ ਇਹ ਮੁਕਾਬਲਾ ਬਰਾਬਰੀ ਦਾ ਨਹੀਂ ਸੀ। ਅੰਕੜੇ, ਤਜਰਬਾ, ਸ਼ੋਹਰਤ ਅਤੇ ਦੌਲਤ ਹਰ ਚੀਜ਼ ਸਪੇਨ ਦੇ ਪੱਖ ਵਿਚ ਖੜ੍ਹੀ ਸੀ, ਪਰ ਜ਼ਿੰਦਗੀ ਦੀ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਇਹ ਕਦੇ ਵੀ ਸਿਰਫ਼ ਅੰਕੜਿਆਂ ਦੀ ਭਾਸ਼ਾ ਨਹੀਂ ਬੋਲਦੀ।



ਮੈਚ ਸ਼ੁਰੂ ਹੋਇਆ। ਸਪੇਨ ਨੇ ਹਮਲਿਆਂ ਦੀ ਝੜੀ ਲਾ ਦਿੱਤੀ। ਹਰ ਕੁਝ ਮਿੰਟਾਂ ਬਾਅਦ ਗੇਂਦ ਕਾਬੋ ਵਰਡੇ ਦੇ ਗੋਲਪੋਸਟ ਵੱਲ ਬਿਜਲੀ ਵਾਂਗ ਦੌੜਦੀ। ਸਟੇਡੀਅਮ ਵਿਚ ਬੈਠੇ ਹਜ਼ਾਰਾਂ ਦਰਸ਼ਕ ਆਪਣੀਆਂ ਸੀਟਾਂ 'ਤੋਂ ਉਠ ਖੜ੍ਹਦੇ। ਉਨ੍ਹਾਂ ਨੂੰ ਯਕੀਨ ਹੁੰਦਾ ਕਿ ਹੁਣ ਗੋਲ ਹੋ ਜਾਵੇਗਾ ਪਰ ਹਰ ਵਾਰ ਇੱਕ ਆਦਮੀ ਉਨ੍ਹਾਂ ਦੀ ਉਮੀਦ ਅਤੇ ਗੋਲ ਦੇ ਵਿਚਕਾਰ ਕੰਧ ਬਣ ਕੇ ਖੜ੍ਹ ਜਾਂਦਾ, ਉਹ ਸੀ ਵੋਜ਼ਿਨਹਾ।

ਕਦੇ ਉਹ ਹਵਾ ਵਿਚ ਉਡ ਕੇ ਗੇਂਦ ਨੂੰ ਰੋਕਦਾ, ਕਦੇ ਆਪਣੇ ਸਰੀਰ ਨੂੰ ਢਾਲ ਬਣਾ ਲੈਂਦਾ ਅਤੇ ਕਦੇ ਆਪਣੀ ਤਜਰਬੇਕਾਰ ਨਜ਼ਰ ਨਾਲ ਹਮਲੇ ਦੀ ਦਿਸ਼ਾ ਪਹਿਲਾਂ ਹੀ ਪੜ੍ਹ ਲੈਂਦਾ। 90 ਮਿੰਟ ਤੱਕ ਉਹ ਇਕੱਲਾ ਨਹੀਂ ਲੜ ਰਿਹਾ ਸੀ, ਉਸ ਦੇ ਨਾਲ ਇੱਕ ਪੂਰੇ ਦੇਸ਼ ਦੀਆਂ ਉਮੀਦਾਂ ਲੜ ਰਹੀਆਂ ਸਨ ਅਤੇ ਫਿਰ ਆਖਰੀ ਸੀਟੀ ਵੱਜੀ। ਸਕੋਰਬੋਰਡ ਉੱਤੇ 0-0 ਲਿਖਿਆ ਸੀ।

ਦੁਨੀਆ ਲਈ ਇਹ ਸ਼ਾਇਦ ਇੱਕ ਡਰਾਅ ਸੀ ਪਰ ਕਾਬੋ ਵਰਡੇ ਦੇਸ਼ ਲਈ ਇਹ ਜਿੱਤ ਤੋਂ ਘੱਟ ਨਹੀਂ ਸੀ। ਇਹ ਉਸ ਦੇਸ਼ ਦਾ ਪਹਿਲਾ ਵਰਲਡ ਕੱਪ ਅੰਕ ਸੀ। ਇਹ ਉਸ ਸੁਪਨੇ ਦੀ ਪਹਿਲੀ ਸੀੜ੍ਹੀ ਸੀ ਜਿਸ ਨੂੰ ਕਈ ਲੋਕਾਂ ਨੇ ਅਸੰਭਵ ਸਮਝਿਆ ਸੀ ਪਰ ਉਸ ਦਿਨ ਇੱਕ ਵਾਰ ਫਿਰ ਸਾਬਤ ਹੋ ਗਿਆ ਕਿ, ਇਨਸਾਨ ਦੀ ਕੀਮਤ ਉਸ ਦੀ ਮਾਰਕਿਟ ਵੈਲਿਊ ਨਾਲ ਨਹੀਂ, ਸਗੋਂ ਉਸ ਦੇ ਹੌਂਸਲੇ ਦੀ ਉਚਾਈ ਨਾਲ ਤੈਅ ਹੁੰਦੀ ਹੈ।

40 ਸਾਲਾਂ ਦੇ ਵੋਜ਼ਿਨਹਾ ਨੇ ਉਸ ਦਿਨ ਸਿਰਫ਼ ਗੋਲ ਨਹੀਂ ਬਚਾਏ ਸਨ। ਉਸ ਨੇ ਲੱਖਾਂ ਲੋਕਾਂ ਦੇ ਅੰਦਰ ਮਰ ਰਹੇ ਵਿਸ਼ਵਾਸ ਨੂੰ ਬਚਾਇਆ ਸੀ। ਉਸ ਨੇ ਸਾਬਤ ਕੀਤਾ ਸੀ ਕਿ ਸੁਪਨੇ ਅਜੇ ਵੀ ਸੱਚ ਹੁੰਦੇ ਹਨ, ਮਿਹਨਤ ਅਜੇ ਵੀ ਰੰਗ ਲਿਆਉਂਦੀ ਹੈ ਅਤੇ ਦੁਨੀਆ ਅਜੇ ਵੀ ਉਨ੍ਹਾਂ ਲੋਕਾਂ ਨੂੰ ਸਲਾਮ ਕਰਦੀ ਹੈ ਜੋ ਹਾਲਾਤਾਂ ਅੱਗੇ ਝੁਕਣ ਦੀ ਬਜਾਏ ਉਨ੍ਹਾਂ ਦਾ ਸਾਹਮਣਾ ਕਰਦੇ ਹਨ। ਇਸੇ ਲਈ ਕੁਝ ਲੋਕ ਟਰਾਫ਼ੀਆਂ ਜਿੱਤਦੇ ਹਨ ਪਰ ਕੁਝ ਲੋਕ ਦਿਲ ਜਿੱਤ ਲੈਂਦੇ ਹਨ। ਵੋਜ਼ਿਨਹਾ ਨੇ ਉਸ ਦਿਨ ਦਿਲ ਜਿੱਤੇ ਸਨ।

# ਫਿਲਮ ਲੋਕ


## ਵੱਡੇ ਪਰਦੇ ਤੋਂ ਵੱਖਰਾ ਵੀ ਬਹੁਤ ਹਸਾਉਂਦਾ ਸੀ ਮੁਕਰੀ



ਬਾਲੀਵੁੱਡ ਦੇ ਚਰਚਿਤ 'ਟਿੰਗ' ਭਾਵ ਮੁਕਰੀ ਇਕਮਾਤਰ ਅਜਿਹੇ ਕਲਾਕਾਰ ਰਹੇ ਹਨ ਜਿਨ੍ਹਾਂ ਦੇ ਕਰੀਅਰ ਵਿਚ ਭਾਰਤ ਦੇ ਦੋ ਸਭ ਤੋਂ ਵੱਡੇ ਐਕਟਰਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਰਹੀ। ਦਿਲੀਪ ਕੁਮਾਰ ਉਨ੍ਹਾਂ ਨੂੰ ਫ਼ਿਲਮੀ ਦੁਨੀਆ ਵਿਚ ਲੈ ਕੇ ਆਏ ਅਤੇ ਅਮਿਤਾਭ ਬੱਚਨ ਦੇ ਨਾਲ 70 ਤੇ 80 ਦੇ ਦਹਾਕੇ ਵਿਚ ਉਨ੍ਹਾਂ ਦੀ ਜੋੜੀ ਹਮੇਸ਼ਾ ਲਈ ਯਾਦਗਾਰੀ ਬਣ ਗਈ। ਕੀ ਕੋਈ ਇਸ ਤਰ੍ਹਾਂ ਦਾ ਸਿਨੇਮਾ ਪ੍ਰੇਮੀ ਹੈ ਜਿਸ ਨੂੰ ਫ਼ਿਲਮ 'ਸ਼ਰਾਬੀ' ਦਾ ਉਹ ਦ੍ਰਿਸ਼ ਯਾਦ ਨਾ ਹੋਵੇ ਜਿਸ ਵਿਚ ਅਮਿਤਾਭ ਬੱਚਨ ਆਪਣੇ ਦਫ਼ਤਰ ਵਿਚ ਆਉਂਦੇ ਹਨ। ਵੱਡੀਆਂ-ਵੱਡੀਆਂ ਮੁੱਛਾਂ ਵਾਲੇ ਨੱਥੂਲਾਲ ਉਰਫ਼ ਮੁਕਰੀ ਨੂੰ ਆਪਣੇ ਕੋਲ ਖੜ੍ਹਾ ਕਰ ਕੇ ਕਹਿੰਦੇ ਹਨ, 'ਮੂੰਛੇਂ ਹੋਂ ਤੋ ਨੱਥੂਲਾਲ ਜੈਸੀ ਹੋਂ... ਵਰਨਾ ਨਾ ਹੋਂ। ਮੁਕਰੀ ਦਾ ਛੋਟਾ ਕੱਦ ਅਤੇ ਅਮਿਤਾਭ ਬੱਚਨ ਦਾ ਲੰਮਾ ਕੱਦ...ਅਤੇ ਬਣ ਗਈ ਲੰਬੂ-ਛੋਟੂ ਦੀ

ਨੇਹੀ,ਜੋ ਏਨੀ ਜ਼ਬਰਦਸਤ ਹਿਟ ਹੋਈ ਕਿ ਇਕ ਤੋਂ ਬਾਅਦ ਇਕ ਫ਼ਿਲਮਾਂ ਦਾ ਸਿਲਸਿਲਾ ਜੁੜ ਗਿਆ-'ਲਾਵਾਰਿਸ', 'ਨਸੀਬ', 'ਮਹਾਨ', 'ਅਮਰ ਅਕਬਰ ਅੰਥੋਨੀ' ਬਹੁਤ ਲੰਮੀ ਸੂਚੀ ਹੈ। ਨਤੀਜਾ ਮੁਕਰੀ ਭਾਰਤੀ ਫ਼ਿਲਮਾਂ ਦੇ ਯਾਦਗਾਰੀ ਹਾਸ ਕਲਾਕਾਰ ਬਣ ਗਏ ਅਤੇ ਨੱਥੂਲਾਲ, ਟਿੰਗ ਆਦਿ ਨਾਂਅ ਨਾਲ ਅੱਜ ਤੱਕ ਯਾਦ ਕੀਤੇ ਜਾ ਰਹੇ ਹਨ। ਇਕ ਤਰ੍ਹਾਂ ਨਾਲ ਇਹ ਜੋੜੀ ਸ਼ੇਖ ਮੁਖ਼ਤਾਰ ਤੇ ਮੁਕਰੀ ਦੀ ਪੁਰਾਣੀ ਲੰਬੂ- ਛੋਟੂ ਦਾ ਨਵਾਂ ਸੰਸਕਰਣ ਸੀ, ਜੋ 'ਉਸਤਾਦ ਪੈਡੋ' ਵਰਗੀਆਂ ਹਿੱਟ ਫ਼ਿਲਮਾਂ ਤੋਂ ਉਧਾਰ ਲਿਆ ਗਿਆ ਸੀ ।

ਜਿਥੋਂ ਤੱਕ ਮੁਕਰੀ ਦੇ ਫ਼ਿਲਮਾਂ ਵਿਚ ਦਾਖਲੇ ਦੀ ਗੱਲ ਹੈ ਤਾਂ 1945 ਦੇ ਸਮੇਂ ਵਿਚ ਜਾਣਾਂ ਪਵੇਗਾ। ਦਿਲੀਪ ਕੁਮਾਰ ਰਮਜ਼ਾਨ ਦੇ ਪਵਿੱਤਰ ਮਹੀਨੇ ਵਿਚ ਮੁੰਬਈ ਦੀ ਇਕ ਸਥਾਨਕ ਮਸਜਿਦ ਵਿਚ ਨਮਾਜ ਅਦਾ ਕਰਨ ਲਈ ਗਏ ਸਨ ਕਿ ਉਥੇ ਦੇ ਕਾਜ਼ੀ (ਧਰਮ ਗੁਰੂ) ਨੂੰ ਦਿਲਕਸ਼ ਆਵਾਜ਼ ਵਿਚ ਕੁਰਾਨ ਦੀ ਆਇਤ ਪੜ੍ਹਦੇ ਹੋਏ ਸੁਣਿਆ ਤਾਂ ਬੁਹਤ ਪ੍ਰਭਾਵਿਤ ਹੋਏ। ਕਾਜ਼ੀ ਨੂੰ. ਮਿਲਣ ਦੀ ਇੱਛਾ ਪ੍ਰਗਟ ਕੀਤੀ ਤੇ ਉਹ ਉਨ੍ਹਾਂ ਦੇ ਸਕੂਲ ਦੇ ਸਹਿਪਾਠੀ ਮੁਕਰੀ ਨਿਕਲੇ। ਇਸ ਮੁਲਾਕਾਤ ਦੌਰਾਨ ਮੁਕਰੀ 'ਨੇ ਆਪਣੀ ਆਰਥਿਕ ਤੰਗੀ ਦਾ ਵਰਣਨ ਕਰਦੇ ਹੋਏ ਜਦੋਂ ਇਹ ਕਿਹਾ ਕਿ ਘਰ ਦਾ ਖਰਚ ਚਲਾਉਣਾ ਔਖਾ ਹੋ ਰਿਹਾ ਹੈ, ਤਾਂ ਦਿਲੀਪ ਕੁਮਾਰ ਦੀਆਂ ਅੱਖਾਂ ਭਰ ਆਈਆਂ ਅਤੇ ਉਨ੍ਹਾਂ ਨੇ ਮਦਦ ਦਾ ਭਰੋਸਾ ਦਿੱਤਾ। ਦਿਲੀਪ ਕੁਮਾਰ ਨੇ ਮੁਕਰੀ ਦੀ ਸਿਫਾਰਿਸ਼ 'ਬਾਂਬੇ ਟਾਕੀਜ਼' ਦੀ ਮਾਲਕਣ ਦੇਵਿਕਾ ਰਾਣੀ ਨੂੰ ਕੀਤੀ, ਜਿਨ੍ਹਾਂ ਨੇ ਮੁਕਰੀ ਨੂੰ ਆਪਣੀ ਪਹਿਲੀ ਫ਼ਿਲਮ 'ਪ੍ਰਤਿਮਾ' ਦਾ ਨਿਰਦੇਸ਼ਨ ਕਰ ਰਹੇ ਪੀ. ਜੈਰਾਜ ਦਾ ਸਹਾਇਕ ਨਿਰਦੇਸ਼ਕ ਨਿਯੁਕਤ ਕਰ ਦਿੱਤਾ। ਬਾਅਦ ਵਿਚ ਨਿਰਮਾਤਾ ਨਿਰਦੇਸ਼ਕ ਮਹਿਬੂਬ ਨੂੰ ਕਹਿ ਕੇ ਦਿਲੀਪ ਕੁਮਾਰ ਨੇ ਮੁਕਰੀ ਨੂੰ ਆਪਣੇ ਨਾਲ ਫ਼ਿਲਮ 'ਆਨ' ਵਿਚ ਅਦਾਕਾਰੀ ਦਾ ਵੀ ਮੌਕਾ ਪ੍ਰਦਾਨ ਕਰਾਇਆ ਅਤੇ ਇਸ ਤਰ੍ਹਾਂ ਦੋਵਾਂ ਦੀ ਜੋੜੀ ਤੇ ਦੋਸਤੀ ਦੀ ਗੱਡੀ ਚਲ ਨਿਕਲੀ । ਮੁਕਰੀ ਮਸਜਿਦ ਦੀ ਸਾਦਗੀ ਨਿਕਲ ਵੇ ਫ਼ਿਲਮੀ ਦੁਨੀਆ ਦੀ ਚਕਾਚੌਂਧ ਦੇ ਮੈਂਬਰ ਹੋ ਗਏ। ਬਾਅਦ ਵਿਚ ਇਕ ਮੁਲਾਕਾਤ ਦੌਰਾਨ ਮੁਕਰੀ ਨੇ ਕਿਹਾ 'ਮੈਂ ਤਾਂ ਇਕ ਮਸਜਿਦ ਵਿਚ ਦੁਆਵਾਂ ਕਰਾ ਰਿਹਾ ਸੀ, ਦੋ ਸਮੇਂ ਦੀ ਰੋਟੀ ਜੁਟਾ ਪਾਉਣਾ ਵੀ ਮੁਸ਼ਕਿਲ ਸੀ। ਮੈਂ ਛੋਟੇ ਬੱਚਿਆਂ ਨੂੰ ਕੁਰਾਨ ਸ਼ਰੀਫ਼ ਪੜ੍ਹਾਇਆ ਕਰਦਾ ਸੀ। ਮੇਰਾ ਪਰਿਵਾਰ ਵੱਡਾ ਸੀ ਅਤੇ ਆਮਦਨੀ ਬਹੁਤ ਥੋੜ੍ਹੀ। ਇਸ ਤਰ੍ਹਾਂ ਯੂਸਫ਼ ਭਾਈ (ਦਿਲੀਪ ਕੁਮਾਰ) ਫਰਿਸ਼ਤਾ ਬਣ ਕੇ ਆਏ ਅਤੇ ਮੈਂ ਮਸਜਿਦ 'ਚੋਂ ਨਿਕਲ ਕੇ ਬਾਲੀਵੁੱਡ ਵਿਚ ਆ ਗਿਆ।




ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਮੁਕਰੀ ਨੂੰ ਫ਼ਿਲਮਾਂ ਦਾ ਦਾ ਪਸੰਦੀਦਾ ਹਾਸ ਕਲਾਕਾਰ ਬਣਾਉਣ ਵਿਚ ਦਿਲੀਪ ਕੁਮਾਰ ਤੇ ਅਮਿਤਾਭ ਬੱਚਨ ਦੀ ਜ਼ਬਰਦਸਤ ਭੂਮਿਕਾ ਰਹੀ ਹੈ, ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਤਰਾਸ਼ਣ ਨਾਲ ਹੀਰਾ ਹੀ ਚਮਕਦਾ ਹੈ, ਪੱਥਰ ਨਹੀਂ। ਮੁਕਰੀ ਖ਼ੁਦ ਵੀ ਪ੍ਰਤਿਭਾਸ਼ਾਲੀ ਸਨ ਅਤੇ ਇਹੀ ਕਾਰਨ ਹੈ ਕਿ ਉਹ ਲਗਭਗ 6 ਦਹਾਕੇ ਤੇ 600 ਤੋਂ ਜ਼ਿਆਦਾ ਫ਼ਿਲਮਾਂ ਦਾ ਸਫ਼ਰ ਤੈਅ ਕਰ ਸਕੇ। ਦਿਲਚਸਪ ਗੱਲ ਇਹ ਹੈ ਕਿ ਮੁਕਰੀ ਫ਼ਿਲਮੀ ਪਰਦੇ 'ਤੇ ਆਪਣੇ ਹਾਸੇ ਨਾਲ ਦਰਸ਼ਕਾਂ ਨੂੰ ਗੁਦਗੁਦਾਉਂਦੇ ਹੀ ਸਨ, ਉਹ ਅਸਲ ਜੀਵਨ ਵਿਚ ਵੀ ਹੱਸਮੁਖ ਤੇ ਹਾਜ਼ਿਰ ਜਵਾਬ ਸਨ। ਇਕ ਮੁਲਾਕਾਤ ਵਿਚ ਜਦੋਂ ਉਨ੍ਹਾਂ ਤੋਂ ਉਨ੍ਹਾਂ ਦੇ ਵਿਆਹ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਜਵਾਬ ਸੀ, 'ਵਿਆਹ ਤਾਂ ਮੈਂ ਅਜ਼ਾਬੇਥ ਟੇਲਰ (ਹਾਲੀਵੁੱਡ ਦੀ ਮਸ਼ਹੂਰ ਅਭਿਨੇਤਰੀ) ਨਾਲ ਕਰਨਾ ਚਾਹੁੰਦਾ ਸੀ, ਪਰ ਕੀ ਕਰਾਂ ਕੱਦ ਛੋਟਾ ਰਹਿ ਗਿਆ।' ਇਸੇ ਤਰ੍ਹਾਂ ਫ਼ਿਲਮ 'ਆਨ' ਦੀ ਸ਼ੂਟਿੰਗ ਦੌਰਾਨ ਮਹਿਬੂਬ ਸਾਹਿਬ ਨੂੰ ਗਧੇ ਦੀ ਜ਼ਰੂਰਤ ਸੀ, ਕਾਫ਼ੀ ਕੋਸ਼ਿਸ਼ ਦੇ ਬਾਵਜੂਦ ਵੀ ਗਧਾ ਮਿਲ ਨਹੀਂ ਪਾ ਰਿਹਾ ਸੀ। ਮਹਿਬੂਬ ਸਾਹਿਬ ਭੜਕ ਗਏ ਅਤੇ ਬੋਲੇ, 'ਸੰਸਾਰ ਜਾਨਵਰਾਂ ਨਾਲ ਭਰਿਆ ਪਿਆ ਹੈ ਅਤੇ ਮੈਨੂੰ ਇਕ ਗਧਾ ਨਹੀਂ ਮਿਲ ਰਿਹਾ।' ਤੁਰੰਤ ਹੀ ਮੁਕਰੀ ਦਾ ਜਵਾਬ ਆਇਆ, 'ਹੈ ਨਾ, ਮੁਕਰੀ ਹੈ।' ਮੁਕਰੀ ਬਹੁਤ ਚੰਗੇ ਇਨਸਾਨ ਸਨ, ਕਦੀ ਪਿੱਠ ਪਿੱਛੇ ਕਿਸੇ ਦੀ ਬੁਰਾਈ ਨਹੀਂ ਕਰਦੇ ਸਨ ਅਤੇ ਹਮੇਸ਼ਾ ਲੋਕਾਂ ਨੂੰ ਹਸਾਉਂਦੇ ਰਹਿੰਦੇ ਸਨ। ਉਨ੍ਹਾਂ ਦਾ ਅੰਗਰੇਜ਼ੀ ਵਿਚ ਹੱਥ ਤੰਗ ਸੀ, ਪਰ ਗ਼ਲਤ ਵਿਆਕਰਨ ਨਾਲ ਕਦੀ ਅਣਜਾਣੇ ਵਿਚ ਅਤੇ ਕਦੀ ਜਾਣ ਬੁੱਝ ਕੇ, ਤਾਂ ਕਿ ਲੋਕ ਹੱਸਣ, ਉਹ ਅੰਗਰੇਜ਼ੀ ਬੋਲਦੇ ਸਨ। ਉਨ੍ਹਾਂ ਦੇ ਇਸ ਅੰਦਾਜ਼ ਨੂੰ ਵੀ ਕਈ ਫ਼ਿਲਮਾਂ ਤੇ ਸੀਰੀਅਲਾਂ ਵਿਚ ਕਾਪੀ ਕੀਤਾ ਗਿਆ ਹੈ, ਵਿਸ਼ੇਸ਼ ਕਰਕੇ 'ਭਾਬੀ ਜੀ ਘਰ ਪਰ ਹੈਂ" ਵਿਚ ਅੰਗੂਰੀ ਭਾਬੀ ਦਾ ਕਿਰਦਾਰ।

ਮੁਹੰਮਦ ਉਮਰ ਦੇ ਰੂਪ ਵਿਚ ਮੁਕਰੀ ਦਾ ਜਨਮ 5 ਜਨਵਰੀ, 1922 ਨੂੰ ਮਹਾਰਾਸ਼ਟਰ ਵਿਚ ਜ਼ਿਲ੍ਹਾ ਰਾਏਗੜ੍ਹ ਦੇ ਅਲੀਬਾਗ ਵਿਚ ਹੋਇਆ ਸੀ। ਆਪਣੀ ਦੰਦਾਂ- ਜੋ ਰਹਿਤ ਮੁਸਕਾਨ, ਛੋਟੇ ਕੱਦ ਤੇ ਪ੍ਰਫੈਕਟ ਹਾਸ ਟਾਈਮਿੰਗ ਜ਼ਰੀਏ ਉਨ੍ਹਾਂ ਨੇ ਲਗਭਗ 6 ਦਹਾਕੇ ਤੱਕ ਦਰਸ਼ਕਾਂ ਨੂੰ ਹਸਾਇਆ ਅਤੇ ਇਸ ਦੌਰਾਨ ਉਹ 600 ਤੋਂ ਜ਼ਿਆਦਾ ਫ਼ਿਲਮਾਂ ਵਿਚ ਦਿਖਾਈ ਦਿੱਤੇ। 1945 ਵਿਚ ਫ਼ਿਲਮ 'ਪ੍ਰਤਿਮਾ' ਤੋਂ ਦਿਲੀਪ ਕੁਮਾਰ ਦੇ ਨਾਲ ਆਪਣਾ ਅਭਿਨੈ ਕਰੀਅਰ ਸ਼ੁਰੂ ਕਰਨ ਵਾਲੇ ਮੁਕਰੀ ਦੀਆਂ ਫ਼ਿਲਮਾਂ ਵਿਚ ਹਾਲਾਂਕਿ ਭੂਮਿਕਾਵਾਂ ਛੋਟੀਆਂ ਹੁੰਦੀਆਂ ਸਨ।

## 'ਧੁਰੰਧਰ-2' ਨਾਲ ਬਾਲੀਵੁੱਡ ਵਿਚ ਪ੍ਰਵੇਸ਼ ਕਰਨ ਵਾਲਾ ਹਰਵਿੰਦਰ ਉਹੜਪੁਰੀ



ਪਿਛਲੇ ਦਿਨੀਂ ਰਿਲੀਜ਼ ਹੋਈ ਹਿੰਦੀ ਫ਼ਿਲਮ 'ਧੁਰੰਧਰ-2' ਵਿਚ ਬੋਲੀਆਂ ਰਾਹੀਂ ਬਾਲੀਵੁੱਡ ਵਿਚ ਪ੍ਰਵੇਸ਼ ਕਰਨ ਵਾਲੇ ਗੀਤਕਾਰ ਹਰਵਿੰਦਰ ਉਹੜਪੁਰੀ ਨੇ ਧਾਰਮਿਕ, ਸੱਭਿਆਚਾਰਕ, ਉਦਾਸ, ਰੁਮਾਂਟਿਕ ਗੀਤ ਜਾਂ ਬੋਲੀਆਂ ਆਦਿ, ਹਰ ਵੰਨਗੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸੁਚੱਜੇ ਢੰਗ ਨਾਲ ਨਿਭਾਇਆ ਹੈ। ਅੱਜ ਤੱਕ 500 ਤੋਂ ਵੱਧ ਲਿਖੇ ਗੀਤ ਉਹੜਪੁਰੀ ਦੇ ਵੱਖ-ਵੱਖ ਗਾਇਕਾਂ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋ ਚੁੱਕੇ ਹਨ ਜਿਨ੍ਹਾਂ ਵਿਚ 'ਹਿਰਦੈ ਹਰਿ ਵਸਾ ਲਓ' (ਹੰਸ ਰਾਜ ਹੰਸ), 'ਆਓ ਨਗਰ ਕੀਰਤਨ ਦੇ ਦਰਸ਼ਨ ਪਾਈਏ' (ਸਤਵਿੰਦਰ ਬਿੱਟੀ), 'ਅਰਦਾਸ ਕਰਾਂ' (ਨਛੱਤਰ ਗਿੱਲ), 'ਜਨਮ ਦਿਹਾੜਾ ਖ਼ਾਲਸੇ ਦਾ' (ਸੁਰਜੀਤ ਬਿੰਦ ਰੱਖੀਆ), 'ਦਰਸ਼ਨ ਗੁਰਧਾਮਾਂ ਦੇ' (ਜੈਜ਼ੀ ਬੀ), 'ਏਸੇ ਨੂੰ ਸਿੱਖੀ ਕਹਿੰਦੇ ਨੇ' (ਇੰਦਰਜੀਤ ਨਿੱਕੂ), ਸਦਾ ਬਹਾਰ ਧਾਰਮਿਕ ਗੀਤ ਅੱਜ ਵੀ ਗੁਰਪੁਰਬ, ਨਗਰ ਕੀਰਤਨ, ਛਬੀਲਾਂ ਅਤੇ ਧਾਰਮਿਕ ਸਥਾਨਾਂ 'ਤੇ ਸੰਗਤ ਵਲੋਂ ਬੁਹਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਸੁਣੇ ਜਾਂਦੇ ਹਨ। ਮਿਲਣਸਾਰ ਸੁਭਾਅ ਦੇ ਮਾਲਕ ਹਰਵਿੰਦਰ ਉਹੜਪੁਰੀ ਦੇ ਲਿਖੇ ਗੀਤਾਂ ਨੂੰ ਦਲੇਰ ਮਹਿੰਦੀ, ਕੁਲਦੀਪ ਮਾਣਕ, ਸੁਖਸ਼ਿੰਦਰ ਛਿੰਦਾ, ਸਲੀਮ, ਸੁਖਵਿੰਦਰ ਪੰਛੀ, ਕਮਲਜੀਤ ਨੀਰੂ, ਰਾਏ ਜੁਝਾਰ, ਲਹਿੰਬਰ ਹੁਸੈਨਪੁਰੀ, ਸਾਬਰਕੋਟੀ, ਮਿਸ ਪੂਜਾ, ਸੁਦੇਸ਼ ਕੁਮਾਰੀ, ਜੈਜ਼ ਧਾਮੀ, ਹਰਵਿੰਦਰ ਟਾਂਡੀ, ਭੁਪਿੰਦਰ ਗਿੱਲ, ਪ੍ਰਵੀਨ ਭਾਰਟਾ, ਅਵਤਾਰ ਰੰਧਾਵਾ, ਹਰਮਿੰਦਰ ਨੂਰਪੁਰੀ, ਕੇ.ਐਸ. ਮੱਖਣ, ਡੀ. ਸੰਨੀ, ਬਿੱਲ ਸਿੰਘ, ਅਮਨ ਰੋਜ਼ੀ, ਗੀਤਾ ਜ਼ੈਲਦਾਰ ਅਤੇ ਬਲਵੀਰ ਕਮਲ ਆਦਿ ਤੋਂ ਇਲਾਵਾ' ਕਈ ਹੋਰ ਗਾਇਕਾਂ ਨੇ ਵੀ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਗਾਇਆ ਹੈ । ਹਰ ਗਾਇਕ ਇਸ ਦੇ ਲਿਖੇ ਗੀਤਾਂ ਨੂੰ ਗਾ ਕੇ ਮਾਣ ਮਹਿਸੂਸ ਕਰਦਾ ਹੈ। ਪਰਿਵਾਰਕ ਮਾਹੌਲ ਵਿਚ ਬੈਠ ਕੇ ਸੁਣਨ ਵਾਲੇ ਉਹੜਪੁਰੀ ਦੇ ਲਿਖੇ ਗੀਤਾਂ ਤੇ ਕਿਸੇ ਪੱਖੋਂ ਵੀ ਉਂਗਲ ਨਹੀਂ ਚੁੱਕੀ ਜਾ ਸਕਦੀ। ਸ਼ਬਦਾਂ ਦਾ ਇਹ ਜਾਦੂਗਰ ਪਿਛਲੇ ਦਿਨੀਂ ਬਤੌਰ ਲੈਕਚਰਾਰ ਸ਼ਾਨਾਂਮੱਤੀ ਸੇਵਾ ਨਿਭਾਅ ਕੇ ਸੇਵਾਮੁਕਤ ਹੋਇਆ ਹੈ। ਚਾਰ ਦਹਾਕੇ ਤੋਂ ਗੀਤ ਸੰਗੀਤ ਨਾਲ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦਾ ਆ ਰਿਹਾ ਉਹੜਪੁਰੀ ਅੱਜਕਲ੍ਹ ਵੀ ਪੂਰੀ ਤਰ੍ਹਾਂ ਗੀਤ ਸੰਗੀਤ ਨੂੰ ਹੀ ਸਮਰਪਿਤ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਟਾਂਡਾ ਉੜਮੁੜ ਦੇ ਪਿੰਡ ਓਹੜਪੁਰ ਦਾ ਜੰਮਪਲ ਅੱਜਕਲ੍ਹ ਧਰਮਪਤਨੀ ਤੇ ਬੇਟੇ ਸਨਮ (ਕੈਨੇਡਾ) ਨਾਲ ਆਪਣੇ ਪਿੰਡ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਿਹਾ ਹੈ। ਸੱਭਿਆਚਾਰਕ ਗੀਤ- ਸੰਗੀਤ ਦੀ ਫੁਲਵਾੜੀ ਦਾ ਏਹ ਮਹਿਕਾਂ ਬਿਖੇਰਦਾ ਹੋਇਆ ਫੁੱਲ ਇਸੇ ਤਰ੍ਹਾਂ ਹੋਰ ਵੀ ਬੁਲੰਦੀਆਂ ਨੂੰ ਛੂਹੇ।

## ਰਕੁਲਪ੍ਰੀਤ ਨੂੰ ਹੈ ਕੰਮ 'ਚ ਵਿਸ਼ਵਾਸ

ਯੋਗ ਗੁਰੂ ਹਿਮਾਲਿਆ ਸਿੱਧਾ ਅਕਸ਼ਰ ਦੇ ਮਾਰਗ ਦਰਸ਼ਨ ਵਿਚ ਅਭਿਨੇਤਰੀ ਰਕੁਲਪ੍ਰੀਤ ਸਿੰਘ ਨੇ ਔਖੇ ਤੋਂ ਔਖੇ ਯੋਗਾ ਆਸਣ ਕੀਤੇ ਅਤੇ ਉਨ੍ਹਾਂ ਦਾ ਸਮਰਥਨ ਕੀਤਾ ਕਿ ਯੋਗ ਗੁਰੂ ਅਕਸ਼ਰ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵੱਲ ਵੱਧ ਰਹੇ ਹਨ। ਰਕੁਲ ਦਾ ਕਹਿਣਾ ਹੈ ਕਿ ਯੋਗਾ ਨਾਲ ਮਾਨਸਿਕ ਸ਼ਾਂਤੀ ਤੇ ਅੰਦਰੂਨੀ ਸ਼ਕਤੀ ਵਧਾਉਣ ਦਾ ਕੰਮ ਸਿਰੇ ਚੜ੍ਹ ਜਾਂਦਾ ਹੈ। 'ਸਰੂਪਨਖਾ' ਦੀ ਭੂਮਿਕਾ 'ਰਾਮਾਇਣ' ਲਈ ਉਸ ਦੀ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਮਨਪਸੰਦ ਭੂਮਿਕਾ ਹੈ। ਆਪਣੇ ਪਤੀ ਜੈਕੀ ਭਗਨਾਨੀ ਨੂੰ ਉਹ ਆਪਣਾ 'ਚੀਅਰਲੀਡਰ' ਮੰਨ ਕੇ ਚਲਦੀ ਹੈ। ਰਕੁਲ ਰਾਤ ਨੂੰ ਦਸ ਵਜੇ ਨੀਂਦ ਲੈਂਦੀ ਹੈ, ਜਦ ਕਿ ਜੈਕੀ ਨੂੰ ਰਾਤ ਤਿੰਨ ਵਜੇ ਸੌਣ ਦੀ ਆਦਤ ਹੈ। ਫਿਰ ਦੋਵਾਂ ਨੇ ਮਿਲ ਕੇ ਸਲਾਹ ਕੀਤੀ ਤੇ ਹੁਣ ਰਾਤ ਗਿਆਰਾਂ ਵਜੇ ਉਹ ਸੌਂ ਜਾਂਦੇ ਹਨ। ਬੀਤੇ ਦਿਨੀਂ ਪਿਤਾ ਦਿਵਸ ਸੀ ਤੇ ਉਸ ਨੇ ਆਪਣੇ ਪਿਤਾ ਦੇ ਨਾਲ-ਨਾਲ ਆਪਣੇ ਸਹੁਰੇ ਨੂੰ ਵੀ ਇਕ ਮੌਕੇ ਬਰਾਬਰ ਦਾ ਸਨੇਹ ਦਿੱਤਾ। ਪਿਆਰ ਤੇ ਸ਼ਕਤੀ ਉਸ ਦੇ ਪਿਤਾ ਤੇ ਸਹੁਰਾ ਪਿਤਾ ਦਿੰਦੇ ਹਨ। ਰਕੁਲ ਨੇ ਕਿਹਾ ਕਿ ਅੱਜ ਜਿਥੇ ਵੀ ਹੈ, ਉਹ ਆਪਣੇ ਪਿਤਾ ਦੀ ਬਦੌਲਤ ਹੈ। ਆਪਣੇ ਸਹੁਰਾ ਸਾਹਿਬ ਨੂੰ ਉਸ ਨੇ ਕਿਹਾ ਕਿ ਆਪਣਾਪਨ ਤੇ ਸਨੇਹ ਤੇ ਮਾਰਗਦਰਸ਼ਨ ਸਭ ਤੁਹਾਥੋਂ ਪ੍ਰਾਪਤ ਹੋ ਰਿਹਾ ਹੈ ਧੰਨਵਾਦ। ਉਸ ਡਾਕਟਰ ਪ੍ਰਸ਼ਾਂਤ ਯਾਦਵ ਨਾਲ ਰਕੁਲ ਦਾ ਝਗੜਾ ਕਾਫੀ ਚਰਚਿਤ ਹੋਇਆ ਹੈ, ਜਦ ਕਿ ਡਾਕਟਰ ਯਾਦਵ ਨੇ ਕਿਹਾ ਕਿ ਰਕੁਲਪ੍ਰੀਤ ਸਿੰਘ ਨੇ ਪਲਾਸਟਿਕ ਸਰਜਰੀ ਕਰਵਾਈ ਹੈ ਪਰ ਰਕੁਲ ਨੇ ਕਿਹਾ, 'ਧੋਖੇਬਾਜ਼ ਹੈ ਇਹ ਡਾਕਟਰ', ਇਹ ਮੈਨੂੰ ਤਾਂ ਕੰਪਾਊਂਡਰ ਵੀ ਨਹੀਂ ਲਗਦਾ, ਜਿਹੜਾ ਲੋਕਾਂ ਨੂੰ ਇਸ ਬਾਬਤ ਗੁਮਰਾਹ ਕਰ ਰਿਹਾ ਹੈ। ਅਜਿਹੇ ਡਾਕਟਰਾਂ ਤੋਂ ਸਾਵਧਾਨ ਰਹਿਣ ਲਈ ਰਕੁਲ ਨੇ ਬਕਾਇਦਾ ਆਪਣੀ ਇੰਸਟਾਗ੍ਰਾਮ ਸਟੋਰੀ 'ਚ ਕਿਹਾ ਹੈ। ਰਕੁਲ ਨੇ ਅੱਜਕਲ੍ਹ ਚਲ ਰਹੀ ਪੈਸੇ ਦੇ ਕੇ ਮਸ਼ਹੂਰੀ ਕਰਵਾਓ ਰੁਝਾਨ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਸ ਨੇ ਕਿਹਾ ਕਿ ਉਹ ਕਰਮ ਕਰਨ 'ਚ ਵਿਸ਼ਵਾਸ ਰੱਖਦੀ ਹੈ। 'ਯਾਰੀਆਂ' ਨੇ ਉਸ ਨੂੰ ਬਾਲੀਵੁੱਡ ਦਿਖਾਈ ਤੇ ਜੈਕੀ ਨਾਲ ਵਿਆਹ ਕਰਵਾ ਕੇ ਉਹ ਅਨੰਦਮਈ ਜ਼ਿੰਦਗੀ ਜੀਅ ਰਹੀ ਹੈ।



# MILWAUKEE TEEYAN DA MELA

## JULY 19, 2026 1-6PM

**VENUE: CROWNE PLAZA MILWAUKEE**
**ADDRESS: 6401 S. 13TH ST., MILWAUKEE, WI 53221**
**TICKETS: ADULTS $35, CHILDREN 5+ $10**
**CHILDREN UNDER 5 FREE**
**LADIES ONLY**

**MUSICAL GUEST:**
**JASMEEN AKHTAR**



Email: MilwaukeeTeeyan@gmail.com to register your performance. On the spot performance will not be accepted. Limit 1 performance per group.

**MC:**
**GURLEEN KAUR, PTC NEWS**



**ORGANIZERS CONTACT:**
HAPPY CHAHAL: 414-712-6568
HARJINDER SOOS: 414-530-5699
PINKU SANDHAWALIA: 414-708-2035
GURDEEP CHAHAL: 414-861-7395
JAS KAUR, HARPREET TOOR, MANI TOOR, BALJIT GILL, REENA AULAKH, HARJEET BOPARAI, RAMAN HANSI

**VENDOR PARTNERS & SPONSORS**
**CHIEF SPONSOR:**
**DARSHAN SINGH DHALIWAL**

Asian Diva Salon Milwaukee
CAFE INDIA MILWAUKEE
PUNJABI COMMUNITY ORGANIZATION OF WI — PCO 1998
dream DECOR BY KIRAN
DJ DESI VIBES
WATERSTONE BANK

